


# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 48; December 2, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕਿਸਾਨ ਅੰਦੋਲਨ ਦੀ ਫਿਰ ਦਸਤਕ

## ਵੱਖ ਵੱਖ ਰਾਜਾਂ ਦੀਆਂ ਰਾਜਧਾਨੀਆਂ ਵਿਚ ਤਿੰਨ ਦਿਨਾ ਧਰਨੇ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਦੀ ਘੇਰਾਬੰਦੀ ਲਈ ਇਕ ਵਾਰ ਫਿਰ ਕਿਸਾਨ ਅੰਦੋਲਨ ਖੜ੍ਹਾ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਕਿਸਾਨ ਜਥੇਬੰਦੀਆਂ ਵੱਲੋਂ ਮੋਰਚੇ ਲਈ ਪਿੰਡ-ਪਿੰਡ ਮੀਟਿੰਗਾਂ, ਰੈਲੀਆਂ, ਝੰਡਾ ਮਾਰਚ, ਨੁੱਕੜ ਨਾਟਕਾਂ ਆਦਿ ਰਾਹੀਂ ਲਾਮਬੰਦੀ ਕੀਤੀ ਜਾ ਰਹੀ ਹੈ। ਪੰਜਾਬ ਸਣੇ ਵੱਡੀ ਗਿਣਤੀ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀ ਘੇਰਾਬੰਦੀ ਲਈ ਰਣਨੀਤੀ ਉਲੀਕੀ ਹੈ। ਆਪਣੀਆਂ ਮੰਗਾਂ ਲਈ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ ਕਿਸਾਨਾਂ ਨੇ ਤਿੰਨ ਦਿਨ ਵੱਖ-ਵੱਖ ਸੂਬਿਆਂ ਦੀਆਂ ਰਾਜਧਾਨੀਆਂ ਦੀ ਘੇਰਾਬੰਦੀ ਕੀਤੀ ਅਤੇ ਰਾਜਪਾਲਾਂ ਤੱਕ ਮੰਗ ਪੱਤਰ ਪਹੁੰਚਾਏ।

ਪ੍ਰਾਪਤ ਰਿਪੋਰਟਾਂ ਅਨੁਸਾਰ ਸ਼ਿਮਲਾ, ਦੇਹਰਾਦੂਨ, ਸ੍ਰੀਨਗਰ, ਦਿੱਲੀ ਸਿਵਲ ਲਾਈਨਜ਼, ਲਖਨਊ, ਪਟਨਾ, ਰਾਂਚੀ, ਕੋਲਕਾਤਾ, ਗੁਹਾਟੀ, ਭੁਵਨੇਸ਼ਵਰ, ਵਿਜੈਵਾੜਾ, ਚੇਨਈ, ਬੰਗਲੂਰੂ ਤੇ ਤਿਰੂਵਨੰਤਪੁਰਮ ਸਮੇਤ ਵੱਡੀ ਗਿਣਤੀ ਰਾਜਾਂ ਦੀਆਂ ਰਾਜਧਾਨੀਆਂ ਵਿਚ ਕਿਸਾਨਾਂ ਨੇ ਰੋਸ ਮੁਜ਼ਾਹਰਿਆਂ 'ਚ ਸ਼ਿਰਕਤ ਕੀਤੀ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 3 ਦਿਨ ਚੰਡੀਗੜ੍ਹ ਦੀ ਘੇਰਾਬੰਦੀ ਕੀਤੀ ਗਈ ਤੇ ਆਉਂਦੇ ਦਿਨਾਂ ਵਿਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਰਣਨੀਤੀ ਵੀ ਬਣਾਈ ਗਈ। ਕਿਸਾਨਾਂ ਨੇ ਐਲਾਨ ਕੀਤਾ ਸੀ ਕਿ ਉਹ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਸਥਿਤ ਰਾਜ ਭਵਨ ਵੱਲ ਮਾਰਚ ਕਰਨਗੇ ਹਾਲਾਂਕਿ ਇਸ ਤੋਂ ਪਹਿਲਾਂ ਹੀ ਰਾਜਪਾਲ ਨੇ ਕਿਸਾਨ ਜਥੇਬੰਦੀਆਂ ਨੂੰ ਮੁਲਾਕਾਤ ਦਾ ਸਮਾਂ ਦੇ ਦਿੱਤਾ।

ਮੁਹਾਲੀ ਦੇ ਫੇਜ਼-11 ਨੇੜੇ ਇਕੱਠੇ ਹੋਏ ਕਿਸਾਨ ਟਰੈਕਟਰ-ਟਰਾਲੀਆਂ ਤੇ ਹੋਰ ਵਾਹਨਾਂ ਵਿਚ ਰਾਸ਼ਨ, ਬਿਸਤਰੇ, ਬਰਤਨ ਤੇ ਗੈਸ ਸਿਲੰਡਰ ਵੀ ਲੈ ਕੇ ਆਏ ਸਨ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 32 ਕਿਸਾਨ ਜਥੇਬੰਦੀਆਂ ਵੱਲੋਂ ਜਗਤਪੁਰਾ ਟੀ-ਪੁਆਇੰਟ (ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ) ਉਤੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਵਿਚ ਕਈ ਰਾਜਾਂ ਦੇ ਹਜ਼ਾਰਾਂ ਕਿਸਾਨਾਂ ਤੇ ਮਜ਼ਦੂਰ, ਖਾਸ ਕਰ ਕੇ ਔਰਤਾਂ ਅਤੇ ਨੌਜਵਾਨਾਂ ਦੀ ਵਿਸ਼ਾਲ ਸ਼ਮੂਲੀਅਤ ਰਹੀ। ਜਗਤਪੁਰਾ ਬਾਈਪਾਸ 'ਤੇ ਖੜ੍ਹੀਆਂ ਹਜ਼ਾਰਾਂ ਟਰੈਕਟਰ-ਟਰਾਲੀਆਂ ਦਿੱਲੀ ਮੋਰਚੇ ਦੀ ਯਾਦ ਤਾਜ਼ਾ ਕਰਵਾ ਰਹੀਆਂ ਸਨ।

ਪੰਜਾਬ ਵਿਚ ਹੜ੍ਹਾਂ ਅਤੇ ਗੜ੍ਹੇਮਾਰੀ ਨਾਲ ਤਬਾਹ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਣ, ਝੋਨੇ ਤੋਂ ਖਹਿੜਾ ਛੁਡਾਉਣ ਲਈ ਸਬਜ਼ੀਆਂ, ਮੱਕੀ, ਮੂੰਗੀ, ਗੰਨਾ ਅਤੇ ਹੋਰ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਕਰਨ, ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਕਰਨ, ਗੰਨੇ ਦੀ ਬਕਾਇਆ ਰਾਸ਼ੀ ਵਿਆਜ ਸਣੇ ਜਾਰੀ ਕਰਨ, ਆਬਾਦਕਾਰ ਕਿਸਾਨਾਂ ਤੋਂ ਜ਼ਮੀਨਾਂ ਖੋਹਣੀਆਂ ਬੰਦ ਕਰ ਕੇ ਮਾਲਕੀ ਦੇ ਹੱਕ ਦਿੱਤੇ ਜਾਣ, ਚਿੱਪ ਵਾਲੇ ਮੀਟਰ ਲਗਾਉਣੇ ਬੰਦ ਕਰਨ, ਪਰਾਲੀ ਸਾੜਨ 'ਤੇ ਰੈੱਡ ਐਂਟਰੀਆਂ ਅਤੇ ਹੋਰ ਸਾਰੀਆਂ ਕਾਰਵਾਈਆਂ ਰੱਦ ਕਰਨ, ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦੇਣ ਦੀ ਵੀ ਮੰਗ ਕਿਸਾਨਾਂ ਦੀ ਮੁੱਖ ਮੰਗਾਂ ਹਨ।

ਇਸ ਤੋਂ ਇਲਾਵਾ ਦਿੱਲੀ ਵਿਚ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਸੰਘਰਸ਼ ਮੌਕੇ ਕਿਸਾਨਾਂ ਨਾਲ ਲਿਖਤੀ ਸਮਝੌਤੇ ਤਹਿਤ ਮੰਨੀਆਂ ਮੰਗਾਂ ਬਾਰੇ ਕੇਂਦਰ ਸਰਕਾਰ ਦੀ ਵਾਅਦਾਖ਼ਿਲਾਫ਼ੀ ਕਾਰਨ ਕਿਸਾਨਾਂ ਵਿਚ ਰੋਸ ਹੈ। ਚਰਚਾ ਹੈ ਕਿ ਕਿਸਾਨ ਸੂਬਾ ਪੱਧਰ ਉਤੇ ਸੰਘਰਸ਼ ਨੂੰ ਮੁੜ ਲਾਮਬੰਦ ਕਰ ਰਹੇ ਹਨ ਤੇ ਆਉਂਦੇ ਦਿਨਾਂ ਵਿਚ ਇਕ ਵਾਰ ਮੁੜ ਦੇਸ਼ਵਿਆਪੀ ਅੰਦੋਲਨ ਖੜ੍ਹਾ ਕਰਨ ਦੀ ਰਣਨੀਤੀ ਬਣਾਈ ਹੈ। ਜਥੇਬੰਦੀਆਂ ਨੇ ਸਾਫ ਕੀਤਾ ਹੈ ਕਿ ਉਨ੍ਹਾਂ ਦਾ ਅਗਲਾ ਘੋਲ ਕੇਂਦਰ ਸਰਕਾਰ ਨਾਲ ਹੋਣ ਵਾਲਾ ਹੈ ਤੇ ਜਥੇਬੰਦੀਆਂ ਇਸ ਦੀ ਤਿਆਰੀ ਵਿਚ ਜੁਟੀਆਂ ਹੋਈਆਂ ਹਨ। ਯਾਦ ਰਹੇ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਉਤੇ ਦਬਾਅ ਬਣਾ ਕੇ ਆਪਣੀ ਮੰਗਾਂ ਲਾਗੂ ਕਰਵਾਉਣ ਦੀ ਰਣਨੀਤੀ ਘੜੀ ਬੈਠੀਆਂ ਹਨ।

ਜਥੇਬੰਦੀਆਂ ਨੂੰ ਪੰਜਾਬ ਸਰਕਾਰ ਨਾਲ ਵੀ ਗਿਲਾ ਹੈ। ਮੋਰਚੇ ਨੇ ਪੰਜਾਬ ਸਰਕਾਰ ਨੂੰ ਲਿਖ ਕੇ ਭੇਜੀਆਂ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੋਈ ਹੁੰਗਾਰਾ ਨਾ ਭਰਨ ਦਾ ਸਖ਼ਤ

*(ਬਾਕੀ ਸਫਾ 6 'ਤੇ)*



### ਲੰਮਾ ਚੱਲ ਸਕਦੈ ਅੰਦੋਲਨ: ਟਿਕੈਤ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਆਪਣੇ ਵਾਅਦੇ ਤੋਂ ਮੁੱਕਰ ਗਈ ਹੈ ਅਤੇ ਮੰਗਾਂ ਮਨਵਾਉਣ ਲਈ ਅੰਦੋਲਨ ਤਿੰਨ ਦਿਨ ਵਿਚ ਨਹੀਂ ਜਿੱਤਿਆ ਜਾ ਸਕਦਾ ਹੈ। ਚੰਡੀਗੜ੍ਹ ਸਰਹੱਦ 'ਤੇ ਪੰਚਕੂਲਾ ਵਾਲੇ ਪਾਸੇ ਪੁੱਜੇ ਟਿਕੈਤ ਨੇ ਕਿਹਾ ਕਿ ਇਹ ਅੰਦੋਲਨ ਲੰਮਾ ਚੱਲ ਸਕਦਾ ਹੈ। ਕੇਂਦਰ ਨੇ ਦਿੱਲੀ 'ਚ ਕਿਸਾਨ ਅੰਦੋਲਨ ਅੱਗੇ ਝੁਕਦਿਆਂ ਤਿੰਨ ਕਾਨੂੰਨ ਵਾਪਸ ਲਏ ਸਨ ਪਰ ਐਮ.ਐਸ.ਪੀ. 'ਤੇ ਚੁੱਪ ਧਾਰ ਲਈ ਹੈ। ਫਸਲਾਂ 'ਤੇ ਐਮ.ਐਸ.ਪੀ. ਲਈ ਵੱਡਾ ਅੰਦੋਲਨ ਹੋਣਾ ਚਾਹੀਦਾ ਹੈ ਜਿਹੜਾ ਹਰ ਸੂਬੇ ਦੀ ਰਾਜਧਾਨੀ ਵਿਚ ਹੋਵੇ।

# ਰਾਜੋਆਣਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਬੇਰੰਗ ਮੋੜਿਆ



**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਕੇਂਦਰੀ ਜੇਲ੍ਹ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਰਾਜੋਆਣਾ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਉਣ ਲਈ ਬਜ਼ਿੱਦ ਰਿਹਾ ਅਤੇ ਸ਼੍ਰੋਮਣੀ ਕਮੇਟੀ ਨੂੰ ਪੰਜ ਦਸੰਬਰ ਤੱਕ ਦਾ ਅਲਟੀਮੇਟਮ ਦਿੰਦਿਆਂ ਸਪਸ਼ਟ ਕੀਤਾ ਹੈ ਕਿ ਜੇ ਚਾਰ ਦਸੰਬਰ ਤੱਕ ਇਹ ਪਟੀਸ਼ਨ ਵਾਪਸ ਨਾ ਲਈ ਤਾਂ ਉਹ ਪੰਜ ਦਸੰਬਰ ਤੋਂ ਭੁੱਖ ਹੜਤਾਲ ਸ਼ੁਰੂ ਕਰ ਦੇਵੇਗਾ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਸਬੰਧੀ ਰਾਜੋਆਣਾ ਨੂੰ 2007 ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਜਿਸ ਸਬੰਧੀ ਉਸ ਨੂੰ ਪਟਿਆਲਾ ਜੇਲ੍ਹ ਵਿਚ ਫਾਂਸੀ ਦੇਣ ਲਈ 30 ਮਾਰਚ 2012 ਦਾ ਦਿਨ ਮੁਕੱਰਰ ਕੀਤਾ ਗਿਆ ਸੀ ਪਰ ਰਾਜੋਆਣਾ ਫਾਂਸੀ ਦੀ ਸਜ਼ਾ ਰੁਕਵਾਉਣ ਲਈ ਖੁਦ ਕੋਈ ਵੀ ਕਾਨੂੰਨੀ ਚਾਰਾਜੋਈ ਕਰਨ ਤੋਂ ਇਨਕਾਰੀ ਰਿਹਾ। ਇਸ ਕਾਰਨ ਅਕਾਲ ਤਖਤ ਸਾਹਿਬ ਦੇ

*(ਬਾਕੀ ਸਫਾ 6 'ਤੇ)*


# One stop shop for all your taxi needs

**The Friendly Group Ltd.**
**Chelsea Taxi Brokers**
**Ph: 212-947-9833, 212-695-0601**

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* *Medallion transfers*
* *Accident claims*
* *Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਗੁਰਦੁਆਰਾ ਸੰਤ ਸਾਗਰ ਵਲੋਂ ਸਜਾਏ ਗਏ ਨਗਰ ਕੀਰਤਨ ਦੀਆਂ ਝਲਕੀਆਂ







































## ਰੈਸਟੋਰੈਂਟ ਵਿਚ ਕੰਮ ਕਰਨ ਲਈ ਲੇਡੀ ਹੈਲਪਰ ਦੀ ਲੋੜ ਹੈ

ਪੈਨਸਿਲਵੇਨੀਆ ਵਿਚ ਇੰਡੀਅਨ ਗਰੋਸਰੀ ਸਟੋਰ ਵਿਚ ਰੋਟੀਆਂ ਅਤੇ ਪਰੌਂਠੇ ਬਣਾਉਣ ਲਈ ਲੇਡੀ ਹੈਲਪਰ ਦੀ ਲੋੜ ਹੈ

* ਚੰਗੀ ਤਨਖਾਹ
* ਰਿਹਾਇਸ਼ ਅਤੇ ਖਾਣਾ ਫਰੀ

ਚਾਹਵਾਨ ਸੰਪਰਕ ਕਰਨ:
610-864-9666/ 484-802-2779





# Matrimonials

## ਲੜਕੀ ਦੀ ਲੋੜ ਹੈ

ਜੱਟ ਸਿਖ 47, 5'10" ਸੋਹਣੇ ਸੁਨੱਖੇ, ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ ਯੂ.ਐੱਸ.ਏ. visitor visa, ਲੜਕੇ ਲਈ ਲੜਕੀ ਦੀ ਲੋੜ ਹੈ। Divorce, Widow ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ ਯੂ.ਐੱਸ.ਏ. ਸਿਟੀਜ਼ਨ। ਚਾਹਵਾਨ ਸੰਪਰਕ ਕਰਨ: 484-219-4922 ਜਾਂ ਈ-ਮੇਲ ਕਰੋ baljitrandhawa0001@gmail.com.

48-51

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com**
Ph +1 (313) 718-0178

45-48

Sikh Ahluwalia family looking for a Gursikh girl with educated background for their 36, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp 91-8860131363 or Email @ richiewalia@gmail.com

45-48

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

# ਬੰਦੀ ਸਿੰਘਾਂ ਦੇ ਮਸਲੇ ਉਤੇ ਸਰਗਰਮ ਪ੍ਰਚਾਰ ਲਹਿਰ ਸ਼ੁਰੂ ਹੋਵੇਗੀ



**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੇ ਮਾਮਲੇ 'ਤੇ ਬੁੱਧੀਜੀਵੀਆਂ ਤੇ ਕਾਨੂੰਨੀ ਮਾਹਿਰਾਂ ਨਾਲ ਚੰਡੀਗੜ੍ਹ ਵਿਚ ਸ੍ਰੀ ਕਲਗੀਧਰ ਨਿਵਾਸ 'ਚ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਮੌਜੂਦ ਸ਼ਖਸੀਅਤਾਂ ਨੇ ਬੰਦੀ ਸਿੰਘਾਂ ਦੇ ਮਸਲੇ ਨੂੰ ਸਾਂਝੇ ਪ੍ਰੋਗਰਾਮ ਤਹਿਤ ਅੱਗੇ ਵਧਾਉਣ ਦਾ ਫੈਸਲਾ ਕੀਤਾ ਹੈ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ 'ਚ ਕੌਮੀ ਤੇ ਮਨੁੱਖੀ ਦਰਦ ਰੱਖਣ ਵਾਲਿਆਂ ਦੀ ਮੀਟਿੰਗ ਵੀ ਜਲਦੀ ਕੀਤੀ ਜਾਵੇਗੀ, ਜਿਸ ਵਿਚ ਇਕੱਲੇ ਸਿੱਖ ਹੀ ਨਹੀਂ ਸਗੋਂ ਹਰ ਧਰਮ ਨਾਲ ਸਬੰਧਤ ਲੋਕ ਸ਼ਾਮਲ ਹੋਣਗੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਕੱਤਰਤਾ ਵਿਚ ਹਾਜ਼ਰ ਬੁੱਧੀਜੀਵੀਆਂ ਤੇ ਵਕੀਲਾਂ ਨੇ ਗੰਭੀਰਤਾ ਨਾਲ ਆਪਣੇ ਵਿਚਾਰ ਦਿੱਤੇ ਹਨ, ਜਿਸ ਦੀ ਪੜਚੋਲ ਕਰ ਕੇ ਸ਼੍ਰੋਮਣੀ ਕਮੇਟੀ ਅਗਲੀ ਰਣਨੀਤੀ ਦਾ ਇਕ ਦਸਤਾਵੇਜ਼ ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਪ੍ਰੋਗਰਾਮ ਤਹਿਤ ਬੰਦੀ ਸਿੰਘਾਂ ਦੀ ਰਿਹਾਈ ਲਈ ਇਕ ਸਰਗਰਮ ਪ੍ਰਚਾਰ ਲਹਿਰ ਸ਼ੁਰੂ ਕੀਤੀ ਜਾਵੇਗੀ, ਜਿਸ 'ਚ ਦੁਨੀਆਂ ਤੇ ਸਰਕਾਰਾਂ ਨੂੰ ਇਹ ਦੱਸਿਆ ਜਾਵੇਗਾ ਕਿ ਸਿੱਖ ਬੰਦੀ ਕੋਈ ਪੇਸ਼ੇਵਰ ਅਪਰਾਧੀ ਨਹੀਂ ਸਨ, ਸਗੋਂ ਇਨ੍ਹਾਂ ਨੇ ਕੌਮ 'ਤੇ ਜ਼ੁਲਮ ਵਿਰੁੱਧ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਕਦਮ ਚੁੱਕੇ ਸਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਹਰ ਮੰਚ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਸ੍ਰੀ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਭਰ ਦੇ ਉਨ੍ਹਾਂ ਕੇਸਾਂ ਦਾ ਇਕ ਖਰੜਾ ਤਿਆਰ ਕੀਤਾ ਜਾਵੇਗਾ, ਜਿਨ੍ਹਾਂ ਵਿਚ ਫਾਂਸੀ ਜਾਂ ਉਮਰ ਕੈਦ ਦੀਆਂ ਸਜ਼ਾਵਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਹੋਈ ਹੈ। ਇਹ ਜਾਣਕਾਰੀ ਇਕੱਠੀ ਕਰ ਕੇ ਸਰਕਾਰਾਂ, ਅਦਾਲਤਾਂ ਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾਵਾਂ ਤੱਕ ਪਹੁੰਚ ਕਰੇਗੀ। ਇਸ ਕਾਰਜ ਲਈ ਸੀਨੀਅਰ ਵਕੀਲਾਂ ਤੇ ਦੇਸ਼ ਭਰ 'ਚ ਮਾਨਵੀ ਹਿੱਤਾਂ ਦੀ ਰਖਵਾਲੀ ਕਰਨ ਵਾਲੇ ਨੁਮਾਇੰਦਿਆਂ ਦਾ ਸਹਿਯੋਗ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਲਦੀ ਹੀ ਜੇਲ੍ਹ 'ਚ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ ਜਾਵੇਗੀ।

## ਰਾਮ ਰਹੀਮ ਦੀ ਵਾਰ-ਵਾਰ ਪੈਰੋਲ ਗਲਤ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੁਲਕ ਦੇ ਕਾਨੂੰਨ ਮੁਤਾਬਕ ਕਿਸੇ ਵੀ ਸਜ਼ਾਯਾਫ਼ਤਾ ਕੈਦੀ ਨੂੰ ਇਕ ਸਾਲ ਵਿਚ ਦੋ ਤੋਂ ਵੱਧ ਵਾਰ ਪੈਰੋਲ 'ਤੇ ਨਹੀਂ ਭੇਜਿਆ ਜਾ ਸਕਦਾ ਪਰ ਹਰਿਆਣਾ ਸਰਕਾਰ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਲਈ ਜੇਲ੍ਹ ਮੈਨੂਅਲ ਵਿਚ ਬਦਲਾਅ ਕੀਤੇ ਹਨ, ਜੋ ਕਿ ਨਿੰਦਣਯੋਗ ਹੈ। ਸ੍ਰੀ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਕ ਪਾਸੇ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਈ ਨਹੀਂ ਦਿੱਤੀ ਜਾ ਰਹੀ, ਦੂਜੇ ਪਾਸੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ 'ਤੇ ਬਾਹਰ ਭੇਜਿਆ ਜਾ ਰਿਹਾ ਹੈ।

## ਜਗਤਾਰ ਸਿੰਘ ਹਵਾਰਾ ਆਰ.ਡੀ.ਐਕਸ. ਮਾਮਲੇ ਵਿਚ ਬਰੀ

**ਚੰਡੀਗੜ੍ਹ:** ਇਥੋਂ ਦੇ ਸੈਕਟਰ-43 ਸਥਿਤ ਜ਼ਿਲ੍ਹਾ ਅਦਾਲਤ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਦੇ ਦੋਸ਼ੀ ਕਰਾਰ ਦਿੱਤੇ ਜਗਤਾਰ ਸਿੰਘ ਹਵਾਰਾ ਨੂੰ ਆਰ.ਡੀ.ਐਕਸ. ਮਾਮਲੇ 'ਚੋਂ ਬਰੀ ਕਰ ਦਿੱਤਾ ਹੈ। ਉਹ ਤਿਹਾੜ ਜੇਲ੍ਹ 'ਚ ਬੰਦ ਹੈ। ਇਹ ਫੈਸਲਾ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਸੁਣਾਇਆ ਹੈ। ਚੰਡੀਗੜ੍ਹ ਪੁਲਿਸ ਨੇ ਹਵਾਰਾ ਦੇ ਸਾਥੀਆਂ ਕਮਲਜੀਤ ਸਿੰਘ ਤੇ ਪਰਮਜੀਤ ਸਿੰਘ ਨੂੰ ਸੈਕਟਰ-35 ਵਿਚੋਂ ਆਰ.ਡੀ.ਐਕਸ. ਸਣੇ ਗ੍ਰਿਫਤਾਰ ਕਰਕੇ ਥਾਣਾ ਸੈਕਟਰ-36 ਵਿਚ ਕੇਸ ਦਰਜ ਕੀਤਾ ਸੀ। ਪੁਲਿਸ ਦਾ ਕਹਿਣਾ ਸੀ ਕਿ ਕਮਲਜੀਤ ਸਿੰਘ ਤੇ ਪਰਮਜੀਤ ਸਿੰਘ ਤੋਂ ਪੁੱਛ-ਪੜਤਾਲ ਦੌਰਾਨ ਆਰ.ਡੀ.ਐਕਸ. ਸਪਲਾਈ ਕਰਨ ਸਬੰਧੀ ਹਵਾਰਾ ਦਾ ਨਾਮ ਸਾਹਮਣੇ ਆਇਆ ਸੀ। ਹਵਾਰਾ ਦੇ ਬਚਾਅ ਲਈ ਵਕੀਲ ਅਮਰ ਸਿੰਘ ਚਾਹਲ ਨੇ ਦਲੀਲਾਂ ਪੇਸ਼ ਕੀਤੀਆਂ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਹਵਾਰਾ ਨੂੰ ਇਸ ਕੇਸ 'ਚੋਂ ਬਰੀ ਕਰ ਦਿੱਤਾ।

# ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਵੰਡ ਵੇਲੇ ਵਿੱਛੜਿਆਂ ਦਾ ਮਿਲਾਪ



**ਕਰਤਾਰਪੁਰ ਸਾਹਿਬ:** ਗੁਰਦੁਆਰਾ ਕਰਤਾਰਪੁਰ ਸਾਹਿਬ ਦੇਸ਼ ਦੀ ਵੰਡ ਮਗਰੋਂ ਵਿੱਛੜੇ ਪੰਜਾਬੀਆਂ ਨੂੰ ਮਿਲਾਉਣ ਦਾ ਜ਼ਰੀਆ ਬਣਿਆ ਹੋਇਆ ਹੈ। ਇਸ ਦੀ ਇਕ ਹੋਰ ਮਿਸਾਲ ਲੰਘੇ ਦਿਨੀਂ ਉਦੋਂ ਮਿਲੀ ਜਦੋਂ ਜ਼ਿਲ੍ਹਾ ਜਲੰਧਰ ਦੇ ਬਲਾਕ ਭੋਗਪੁਰ ਵਿਚ ਪੈਂਦੇ ਪਿੰਡ ਢੱਡਾ ਸਨੌਰ ਤੋਂ ਪਾਕਿਸਤਾਨ ਜਾ ਵੱਸੇ ਇਕ ਪਰਿਵਾਰ ਦੇ ਮੈਂਬਰ ਨਿਸਾਰ ਅਲੀ ਦਾ ਉਸ ਦੇ ਪੁਰਖਿਆਂ ਦੇ ਪਿੰਡਾਂ ਦੇ ਵਸਨੀਕਾਂ ਨਾਲ ਮਿਲਾਪ ਹੋਇਆ। ਵੇਰਵਿਆਂ ਅਨੁਸਾਰ ਪਾਕਿਸਤਾਨ ਰਹਿੰਦੇ ਨਿਸਾਰ ਅਲੀ ਨੂੰ ਉਨ੍ਹਾਂ ਦੇ ਪੜਦਾਦਾ ਗੁਲਾਮ ਖਾਨ ਤੇ ਦਾਦਾ ਸੁਲਤਾਨ ਖਾਨ ਦੇ ਪਿੰਡ ਢੱਡਾ ਸਨੌਰ ਦੇ ਨੇੜਲੇ ਪਿੰਡ ਭੂੰਦੀਆਂ ਅਤੇ ਜੰਡੀਰ ਦੇ ਕੁਝ ਲੋਕਾਂ ਦੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਕਰਨ ਆਉਣ ਬਾਰੇ ਜਾਣਕਾਰੀ ਮਿਲੀ ਸੀ।

ਪਿੰਡ ਭੂੰਦੀਆਂ ਵਾਸੀ ਓਮ ਪ੍ਰਕਾਸ਼ ਸੈਣੀ ਨੇ ਦੱਸਿਆ ਕਿ ਉਹ 17 ਨਵੰਬਰ ਨੂੰ ਆਪਣੇ ਪਰਿਵਾਰ ਨਾਲ ਪਿੰਡ ਜੰਡੀਰ ਰਹਿੰਦੇ ਰਿਸ਼ਤੇਦਾਰਾਂ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾ ਰਹੇ ਸਨ। ਇਸੇ ਦੌਰਾਨ ਉਨ੍ਹਾਂ ਦੇ ਦੋਸਤ ਪਿੰਡ ਢੱਡੇ ਸਨੌਰਾ ਦੇ ਵਾਸੀ ਹੌਲਦਾਰ ਮਨਜੀਤ ਸਿੰਘ ਨੇ ਪੱਛਮੀ ਪੰਜਾਬ ਦੇ ਜ਼ਿਲ੍ਹਾ ਫੈਸਲਾਬਾਦ ਦਾ ਪਿੰਡ ਸ਼ਾਹਬਾਜ਼ਪੁਰ ਵਾਸੀ ਨਿਸਾਰ ਅਲੀ ਨੂੰ ਮੋਬਾਈਲ ਫੋਨ 'ਤੇ ਦੱਸਿਆ ਕਿ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਦੇ ਨੇੜਲੇ ਪਿੰਡਾਂ ਤੋਂ ਕੁਝ ਵਿਅਕਤੀ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਜਾਣਕਾਰੀ ਮਿਲਣ 'ਤੇ ਨਿਸਾਰ ਅਲੀ ਵੀ ਆਪਣੇ ਕੁਝ ਸਾਥੀਆਂ ਨਾਲ 350 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਪਹੁੰਚਿਆ।

ਓਮ ਪ੍ਰਕਾਸ਼ ਸੈਣੀ ਮੁਤਾਬਕ ਨਿਸਾਰ ਅਲੀ ਅਤੇ ਉਸ ਦੇ ਸਾਥੀਆਂ ਨੇ ਉਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਤੇ ਕੁਝ ਤੋਹਫੇ ਭੇਟ ਕੀਤੇ। ਓਮ ਪ੍ਰਕਾਸ਼ ਸੈਣੀ ਨੇ ਵੀ ਲੋਈ, ਸ਼ਾਲ, ਹਾਥੀ ਦੰਦ ਦਾ ਬਣਿਆ ਚਰਖਾ, ਬਟਾਲੇ ਸ਼ਹਿਰ ਦੇ ਪੇੜਿਆਂ ਦੇ ਡੱਬੇ ਭੇਟ ਕੀਤੇ। ਓਮ ਪ੍ਰਕਾਸ਼ ਸੈਣੀ ਮੁਤਾਬਕ ਨਿਸਾਰ ਅਲੀ ਨੇ ਹੌਲਦਾਰ ਮਨਜੀਤ ਸਿੰਘ ਲਈ ਵੀ ਘੜੀ ਭੇਜੀ। ਸ੍ਰੀ ਸੈਣੀ ਨੇ ਕਿਹਾ ਕਿ ਦੇਸ ਦੀ ਵੰਡ ਸਮੇਂ ਪਿੰਡ ਢੱਡਾ ਸਨੌਰਾ ਤੋਂ ਗਏ ਮੁਸਲਮਾਨ ਭਾਈਚਾਰੇ ਦੀ ਤੀਸਰੀ ਪੀੜ੍ਹੀ (ਨਿਸਾਰ ਅਲੀ) ਨੇ ਜਿੰਨਾ ਪਿਆਰ ਦਿੱਤਾ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

## ਕੈਨੇਡੀਅਨ ਕੁੜੀਆਂ ਨਾਲ ਵਿਆਹ ਦਾ ਝਾਂਸਾ ਲਾ ਕੇ ਠੱਗਣ ਵਾਲਿਆਂ ਨੂੰ ਕੈਦ

**ਫਰੀਦਕੋਟ:** ਵਧੀਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਮੋਨਿਕਾ ਲਾਂਬਾ ਨੇ ਪੰਜਾਬੀ ਨੌਜਵਾਨਾਂ ਦਾ ਕੈਨੇਡੀਅਨ ਲੜਕੀਆਂ ਨਾਲ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਠੱਗਣ ਵਾਲੇ ਗਰੋਹ ਦੇ ਚਾਰ ਮੈਂਬਰਾਂ ਨੂੰ ਪੰਜ-ਪੰਜ ਸਾਲ ਕੈਦ ਤੇ 15-15 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਨਰਿੰਦਰ ਪੁਰੇਵਾਲ, ਮਨਪ੍ਰੀਤ ਧਾਲੀਵਾਲ, ਗਗਨਦੀਪ ਸਿੰਘ ਅਤੇ ਪਰਮਪਾਲ ਸਿੰਘ ਨੇ ਨੌਜਵਾਨਾਂ ਨੂੰ ਕੈਨੇਡਾ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਉਥੇ ਵਸਾਉਣ ਦਾ ਕਹਿ ਕੇ ਰਕਮ ਹੜੱਪ ਲਈ। ਪੁਲਿਸ ਨੇ ਸਰਦੂਲ ਸਿੰਘ ਵਾਸੀ ਗੋਲੇਵਾਲਾ ਦੀ ਸ਼ਿਕਾਇਤ 'ਤੇ ਮੁਲਜ਼ਮਾਂ ਖ਼ਿਲਾਫ਼ 22 ਮਾਰਚ 2019 ਨੂੰ ਕੇਸ ਦਰਜ ਕੀਤਾ। ਸਰਦੂਲ ਸਿੰਘ ਨੇ ਦੋਸ਼ ਲਾਇਆ ਸੀ ਕਿ ਇਨ੍ਹਾਂ ਨੇ ਉਸ ਦੇ ਲੜਕੇ ਪਰਵਿੰਦਰ ਸਿੰਘ ਨੂੰ ਝਾਂਸਾ ਦੇ ਕੇ ਉਸ ਤੋਂ 35 ਲੱਖ ਰੁਪਏ ਠੱਗ ਲਏ। ਚਾਰ ਸਾਲ ਦੀ ਲੰਬੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਹੁਕਮ ਸੁਣਾਇਆ ਹੈ।

# ਗੈਰ-ਕਾਨੂੰਨੀ ਖਣਨ: ਮਜੀਠੀਆ ਨੇ ਮੰਤਰੀ ਹਰਜੋਤ ਬੈਂਸ ਨੂੰ ਘੇਰਿਆ



**ਰੂਪਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਰੂਪਨਗਰ ਜ਼ਿਲ੍ਹੇ ਦੇ ਨੰਗਲ ਇਲਾਕੇ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਰੂਪਨਗਰ ਜ਼ਿਲ੍ਹੇ ਤੋਂ ਬਦਲੀ ਹੋ ਚੁੱਕੇ ਇਕ ਐਸ.ਐਸ.ਪੀ. ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਗੈਰ-ਕਾਨੂੰਨੀ ਖਣਨ ਲਈ ਕਸੂਰਵਾਰ ਠਹਿਰਾਉਂਦਿਆਂ ਹੋਇਆਂ ਉਨ੍ਹਾਂ ਦੀ ਨੁਕਤਾਚੀਨੀ ਕੀਤੀ।

ਉਨ੍ਹਾਂ ਕਿਹਾ ਕਿ ਪਿਛਲੇ ਡੇਢ ਸਾਲ ਦੌਰਾਨ ਰੂਪਨਗਰ ਜ਼ਿਲ੍ਹੇ ਵਿਚ ਐਨੇ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਖਣਨ ਕੀਤੀ ਗਈ ਕਿ ਪਾਣੀ ਦੇ ਲੈਵਲ ਤੱਕ ਡੂੰਘੇ ਖੱਡੇ ਪੁੱਟ ਦਿੱਤੇ ਗਏ। ਉਨ੍ਹਾਂ ਕਿਹਾ ਕਿ ਈ.ਡੀ. ਵੱਲੋਂ 2015 ਵਿਚ ਅਟੈਚ ਕੀਤੀ ਜਾ ਚੁੱਕੀ ਡਰੱਗ ਤਸਕਰ ਜਗਦੀਸ਼ ਭੋਲਾ ਦੀ ਮਲਕੀਅਤੀ ਜ਼ਮੀਨ 'ਤੇ ਗੈਰ-ਕਾਨੂੰਨੀ ਖਣਨ ਕਿਸ ਦੀ ਸ਼ਹਿ 'ਤੇ ਹੋਈ ਤੇ ਇਸ ਲਈ ਕੌਣ ਜ਼ਿੰਮੇਵਾਰ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਨਾਲ ਇਨ੍ਹਾਂ ਦੀ ਸੈਟਿੰਗ ਨਹੀਂ ਹੁੰਦੀ, ਉਨ੍ਹਾਂ ਕਰੱਸ਼ਰ ਮਾਲਕਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਇਕ ਐਫ.ਆਈ.ਆਰ. ਦਾ ਹਵਾਲਾ ਦਿੰਦਿਆਂ ਕਿਹਾ ਕਿ ਗੈਰ-ਕਾਨੂੰਨੀ ਖਣਨ ਕਿਸੇ ਹੋਰ ਪਿੰਡ ਵਿਚ ਹੋਈ ਅਤੇ ਐਫ.ਆਈ.ਆਰ ਵਿਚ ਪਿੰਡ ਦਾ ਨਾਮ ਹੋਰ ਹੀ ਦਰਜ ਕਰ ਦਿੱਤਾ ਗਿਆ।

ਉਨ੍ਹਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੇ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਸਵਾ ਸਾਲ ਵਿਚ ਕਥਿਤ ਕਰੋੜਾਂ ਰੁਪਏ ਦੀ ਜਾਇਦਾਦ ਬਣਾ ਲਈ ਹੈ। ਇਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਖੇੜਾ ਕਲਮੋਟ ਵਿਖੇ ਸਥਿਤ ਸਟੋਨ ਕਰੱਸ਼ਰ ਮੰਤਰੀ ਦੇ ਕਰੀਬੀ ਰਿਸ਼ਤੇਦਾਰ ਦੀ ਬੇਨਾਮੀ ਸੰਪਤੀ ਹੈ।

## ਮਜੀਠੀਆ ਸਿਆਸਤ ਚਮਕਾਉਣ ਲਈ ਬਿਆਨਬਾਜ਼ੀ ਕਰ ਰਿਹਾ: ਬੈਂਸ

**ਰੂਪਨਗਰ:** ਕੈਬਨਿਟ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਆਪਣੀ ਸਿਆਸਤ ਚਮਕਾਉਣ ਲਈ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਨਾ ਤਾਂ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਖਣਨ ਕਾਰੋਬਾਰ ਕਰਦਾ ਸੀ ਅਤੇ ਨਾ ਹੀ ਇਸ ਸਮੇਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਸਟੋਨ ਕਰੱਸ਼ਰ ਨੂੰ ਮਜੀਠੀਆ ਵੱਲੋਂ ਉਨ੍ਹਾਂ ਦੇ ਪਰਿਵਾਰ ਦੀ ਸੰਪਤੀ ਦੱਸਿਆ ਜਾ ਰਿਹਾ ਹੈ, ਉਸੀ ਕਰੱਸ਼ਰ ਨੂੰ ਉਨ੍ਹਾਂ ਵੱਲੋਂ ਆਪਣੇ ਖਣਨ ਮੰਤਰੀ ਦੇ ਕਾਰਜਕਾਲ ਦੌਰਾਨ ਪਿਛਲੇ ਸਾਲ ਸੀਲ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਸਨ।

# ਐਨ.ਆਈ.ਏ. ਵੱਲੋਂ ਪੰਜਾਬ ਅਤੇ ਹਰਿਆਣਾ ਵਿਚ ਵੱਖ-ਵੱਖ ਥਾਵਾਂ 'ਤੇ ਛਾਪੇ




**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਅਮਰੀਕਾ ਦੇ ਸਾਂ ਫਰਾਂਸਿਸਕੋ ਵਿਚ ਭਾਰਤੀ ਕੌਂਸੁਲੇਟ 'ਤੇ ਹਮਲਿਆਂ ਨੂੰ ਲੈ ਕੇ ਵਿੱਢੀ ਆਪਣੀ ਜਾਂਚ ਸਬੰਧੀ ਪੰਜਾਬ ਤੇ ਹਰਿਆਣਾ ਵਿਚ 14 ਟਿਕਾਣਿਆਂ 'ਤੇ ਛਾਪੇ ਮਾਰੇ। ਏਜੰਸੀ ਦੇ ਤਰਜਮਾਨ ਨੇ ਕਿਹਾ ਕਿ ਉੱਤਰ ਭਾਰਤ ਵਿਚ ਵੱਖ-ਵੱਖ ਥਾਵਾਂ 'ਤੇ ਮਾਰੇ ਛਾਪਿਆਂ ਦਾ ਇਕੋ ਇਕ ਮਕਸਦ 19 ਮਾਰਚ ਤੇ 2 ਜੁਲਾਈ ਨੂੰ ਹੋਏ ਉਪਰੋਕਤ ਹਮਲਿਆਂ ਪਿਛਲੀ ਸਾਜ਼ਿਸ਼ ਤੋਂ ਪਰਦਾ ਚੁੱਕਣਾ ਹੈ।

ਐਨ.ਆਈ.ਏ. ਨੇ ਪੰਜਾਬ ਦੇ ਮੋਗਾ, ਜਲੰਧਰ, ਲੁਧਿਆਣਾ, ਗੁਰਦਾਸਪੁਰ, ਮੁਹਾਲੀ ਤੇ ਪਟਿਆਲਾ ਜ਼ਿਲ੍ਹਿਆਂ ਅਤੇ ਹਰਿਆਣਾ ਵਿਚ ਕੁਰੂਕਸ਼ੇਤਰ ਤੇ ਯਮੁਨਾਨਗਰ ਵਿਚ ਵੱਖ-ਵੱਖ ਟਿਕਾਣਿਆਂ 'ਤੇ ਦਸਤਕ ਦਿੱਤੀ। ਤਰਜਮਾਨ ਨੇ ਕਿਹਾ ਕਿ ਛਾਪਿਆਂ ਦੌਰਾਨ ਟੀਮਾਂ ਨੇ ਡਿਜੀਟਲ ਡੇਟਾ ਤੇ ਭੜਕਾਊ ਸਮੱਗਰੀ ਕਬਜ਼ੇ ਵਿਚ ਲੈਣ ਦਾ ਦਾਅਵਾ ਕੀਤਾ ਹੈ। ਐਨ.ਆਈ.ਏ. ਟੀਮ ਕੌਂਸੁਲੇਟ 'ਤੇ ਹਮਲਿਆਂ ਦੀ ਜਾਂਚ ਲਈ ਅਗਸਤ ਵਿਚ ਸਾਂ ਫਰਾਂਸਿਸਕੋ ਗਈ ਸੀ। ਏਜੰਸੀ ਨੇ ਆਪਣੀ ਜਾਂਚ ਦੇ ਹਿੱਸੇ ਵਜੋਂ ਇਨ੍ਹਾਂ ਹਿੰਸਕ ਘਟਨਾਵਾਂ ਵਿਚ ਸ਼ਾਮਲ ਅਮਰੀਕਾ ਅਧਾਰਿਤ ਸੰਸਥਾਵਾਂ ਅਤੇ ਵਿਅਕਤੀਆਂ ਬਾਰੇ ਜਾਣਕਾਰੀ ਦੀ ਪਛਾਣ ਕਰਨ ਅਤੇ ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਬਾਹਰੀ ਲੋਕਾਂ ਦੀਆਂ ਸੇਵਾਵਾਂ ਲਈਆਂ ਸਨ। ਖਾਲਿਸਤਾਨੀ ਸਮਰਥਕਾਂ ਨੇ ਸਾਂ ਫਰਾਂਸਿਸਕੋ ਵਿਚ ਭਾਰਤੀ ਕੌਂਸੁਲੇਟ 'ਤੇ 2 ਜੁਲਾਈ ਨੂੰ ਕੀਤੇ ਹਮਲੇ ਦੌਰਾਨ ਕੂਟਨੀਤਕ ਦਫਤਰ ਨੂੰ ਅੱਗ ਲਾਉਣ ਦੀ ਵੀ ਕੋਸ਼ਿਸ਼ ਕੀਤੀ। ਇਹ ਹਮਲਾ ਸਿੱਖ ਵੱਖਵਾਦੀ ਆਗੂ ਤੇ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਵਿਚ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਮਗਰੋਂ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 19 ਮਾਰਚ ਨੂੰ ਵੀ ਖਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਨੇ ਭਾਰਤੀ ਕੌਂਸੁਲੇਟ ਨੂੰ ਨੁਕਸਾਨ ਪਹੁੰਚਾਇਆ ਸੀ। ਪ੍ਰਦਰਸ਼ਨਕਾਰੀਆਂ ਨੇ ਸਥਾਨਕ ਪੁਲਿਸ ਵੱਲੋਂ ਲਾਈਆਂ ਰੋਕਾਂ ਤੋੜਦੇ ਹੋਏ ਕੌਂਸੁਲੇਟ ਅਹਾਤੇ ਵਿਚ ਦੋ ਖਾਲਿਸਤਾਨੀ ਝੰਡੇ ਵੀ ਲਹਿਰਾਏ ਸਨ। ਹਾਲਾਂਕਿ ਕੌਂਸੁਲੇਟ ਸਟਾਫ ਨੇ ਜਲਦੀ ਹੀ ਇਨ੍ਹਾਂ ਝੰਡਿਆਂ ਨੂੰ ਉਥੋਂ ਹਟਾ ਦਿੱਤਾ ਸੀ।

## ਸਿਮਰਜੀਤ ਬੈਂਸ ਦੇ ਕਰੀਬੀ ਦੇ ਘਰ ਛਾਪਾ

**ਖੰਨਾ:** ਕੌਮੀ ਜਾਂਚ ਏਜੰਸੀ ਦੀ ਟੀਮ ਨੇ ਖੰਨਾ 'ਚ ਦਸਤਕ ਦਿੰਦਿਆਂ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਕਰੀਬੀ ਰਹੇ ਅਤੇ ਲੋਕ ਇਨਸਾਫ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਕੰਗ ਦੇ ਘਰ ਪਿੰਡ ਬਾਹੋਮਾਜਰਾ ਅਤੇ ਖੰਨਾ ਜੀਟੀ ਰੋਡ ਸਥਿਤ ਨਸ਼ਾ ਛੁਡਾਊ ਕੇਂਦਰ 'ਤੇ ਛਾਪਾ ਮਾਰਿਆ। ਇਥੇ ਆਈ ਟੀਮ ਵੱਲੋਂ ਕੰਗ ਦੇ ਵਿਦੇਸ਼ੀ ਸਬੰਧਾਂ ਦੀ ਜਾਂਚ ਕੀਤੀ ਗਈ। ਘਰ ਵਿਚ ਪੁੱਛ-ਪੜਤਾਲ ਮਗਰੋਂ ਐਨ.ਆਈ.ਏ. ਟੀਮ ਕੰਗ ਦੇ ਨਾਲ ਜੀਟੀ ਰੋਡ ਭੱਟੀਆਂ ਸਥਿਤ ਉਨ੍ਹਾਂ ਦੇ ਨਸ਼ਾ ਛੁਡਾਊ ਕੇਂਦਰ ਪਹੁੰਚੀ, ਜਿੱਥੇ ਕਰੀਬ ਅੱਧਾ ਘੰਟਾ ਜਾਂਚ ਚੱਲੀ। ਕੰਗ ਨੇ ਕਿਹਾ ਕਿ ਜੇਕਰ ਭਵਿੱਖ 'ਚ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਹੈ ਤਾਂ ਜਾਂਚ 'ਚ ਸ਼ਾਮਲ ਹੋਣਗੇ।

# ਪੰਜਾਬ ਭਾਜਪਾ ਦੀਆਂ ਸਰਗਰਮੀਆਂ ਠੰਢੀਆਂ ਪਈਆਂ



**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਅਗਾਮੀ ਸੰਸਦੀ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਜਨ ਅਧਾਰ ਮਜ਼ਬੂਤ ਕਰਨ ਦੇ ਏਜੰਡੇ ਤਹਿਤ ਚੱਲ ਰਹੀਆਂ ਸਰਗਰਮੀਆਂ ਇਕਦਮ ਮੱਠੀਆਂ ਪੈ ਗਈਆਂ ਹਨ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਇਸ ਦਾ ਇਕ ਕਾਰਨ ਤਾਂ ਕਾਂਗਰਸ ਨਾਲ ਸਬੰਧਤ ਸਾਬਕਾ ਮੰਤਰੀਆਂ ਦੀ ਘਰ ਵਾਪਸੀ ਹੈ ਜਦੋਂਕਿ ਦੂਜਾ ਕਾਰਨ ਪਾਰਟੀ 'ਚ ਚੱਲ ਰਹੀ ਅੰਦਰੂਨੀ ਖਾਨਾਜੰਗੀ ਹੈ।

ਪਾਰਟੀ ਦੀਆਂ ਮੱਧਮ ਪਈਆਂ ਸਰਗਰਮੀਆਂ ਵਿਚ ਸਭ ਤੋਂ ਵੱਡਾ ਮਾਮਲਾ ਕੇਂਦਰੀ ਮੰਤਰੀਆਂ ਦੀਆਂ ਇਸ ਸਰਹੱਦੀ ਤੇ ਘੱਟ ਗਿਣਤੀ ਦੇ ਪ੍ਰਭਾਵ ਵਾਲੇ ਖੇਤਰ 'ਚ ਫੇਰੀਆਂ ਦਾ ਘਟਣਾ ਹੈ। ਹਰਦੀਪ ਪੁਰੀ, ਗਜੇਂਦਰ ਸਿੰਘ ਸ਼ੇਖਾਵਤ, ਅਨੁਰਾਗ ਠਾਕੁਰ, ਮੀਨਾਕਸ਼ੀ ਲੇਖੀ, ਮਨਸੁਖ ਮਾਂਡਵੀਆ ਸਣੇ ਅੱਧੀ ਦਰਜਨ ਤੋਂ ਵੱਧ ਮੰਤਰੀਆਂ ਦੀਆਂ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਸਰਗਰਮੀਆਂ ਲਈ ਪੱਕੀਆਂ ਡਿਊਟੀਆਂ ਲਾਈਆਂ ਗਈਆਂ ਸਨ। ਕੇਂਦਰੀ ਮੰਤਰੀਆਂ ਵੱਲੋਂ ਹਫਤੇ ਦੇ ਅੰਤਲੇ ਦਿਨਾਂ ਦੌਰਾਨ ਸੂਬੇ ਦੇ ਕਿਸੇ ਨਾ ਕਿਸੇ ਜ਼ਿਲ੍ਹੇ ਵਿਚ ਰਾਜਸੀ ਸਰਗਰਮੀ ਕਰ ਕੇ ਪਾਰਟੀ ਕਾਡਰ ਨੂੰ ਜਿੱਥੇ ਹੱਲਾਸ਼ੇਰੀ ਦਿੱਤੀ ਜਾਂਦੀ ਸੀ ਉਥੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਦਲਬਦਲੀ ਲਈ ਵੀ ਪ੍ਰੇਰਿਆ ਜਾਂਦਾ ਸੀ। ਇਨ੍ਹਾਂ ਮੰਤਰੀਆਂ ਸਣੇ ਪਾਰਟੀ ਦੇ ਸੀਨੀਅਰ ਕੇਂਦਰੀ ਆਗੂਆਂ ਦੀਆਂ ਮੱਠੀਆਂ ਪਈਆਂ ਸਰਗਰਮੀਆਂ ਨੇ ਪਾਰਟੀ ਕਾਡਰ ਅੰਦਰ ਵੀ ਨਿਰਾਸ਼ਾ ਫੈਲਾ ਦਿੱਤੀ ਹੈ।

ਪਾਰਟੀ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪਾਰਟੀ ਵਿਚ ਇਸ ਸਮੇਂ ਅੰਦਰੂਨੀ ਧੜੇਬੰਦੀ ਸਿਖਰਾਂ 'ਤੇ ਹੈ। ਇਕ ਪਾਸੇ ਜਿੱਥੇ ਪੁਰਾਣਾ ਤੇ ਟਕਸਾਲੀ ਕਾਡਰ ਨੁੱਕਰੇ ਲੱਗਿਆ ਮਹਿਸੂਸ ਕਰ ਰਿਹਾ ਹੈ, ਉਥੇ ਹੀ ਦੂਜੇ ਪਾਸੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲ ਬਦਲੀ ਕਰਕੇ ਪਾਰਟੀ ਵਿਚ ਆਏ ਆਗੂ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਪੰਜਾਬ ਵਿਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਭਾਵੇਂ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਦੋ ਸੰਸਦੀ ਚੋਣਾਂ ਸੰਗਰੂਰ ਅਤੇ ਜਲੰਧਰ ਵਿਚ ਉਮੀਦ ਨਾਲੋਂ ਵੱਧ ਵੋਟ ਬੈਂਕ ਮਿਲਣ ਕਰਕੇ ਪਾਰਟੀ ਆਗੂਆਂ ਦੇ ਹੌਸਲੇ ਵਧੇ ਸਨ। ਇਸੇ ਕਰਕੇ ਕਾਂਗਰਸ ਦੇ ਕਈ ਸਾਬਕਾ ਮੰਤਰੀ ਦਲ ਬਦਲ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਪਿਛਲੇ ਦਿਨੀਂ ਦੌਰਾਨ ਭਾਰਤ ਸਰਕਾਰ ਦੇ ਕੈਨੇਡਾ ਨਾਲ ਟਕਰਾਅ ਤੇ ਹੋਰਨਾਂ ਸਿਆਸੀ ਗਤੀਵਿਧੀਆਂ ਦੌਰਾਨ ਜਦੋਂ ਕਾਂਗਰਸ ਦੇ ਆਗੂਆਂ ਨੇ ਘਰ ਵਾਪਸੀ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਤਾਂ ਪਾਰਟੀ ਦੀਆਂ ਗਤੀਵਿਧੀਆਂ ਨੂੰ ਸੱਟ ਵੱਜੀ। ਦੂਜੇ ਪਾਸੇ ਆਰ.ਐਸ.ਐਸ. ਨਾਲ ਸਬੰਧਤ ਰਹੇ ਪਾਰਟੀ ਦੇ ਇਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਕਾਂਗਰਸੀਆਂ ਦੀ ਦਲਬਦਲੀ ਕਾਰਨ ਹੋਰਨਾਂ ਪਾਰਟੀਆਂ ਦੇ ਜੋ ਆਗੂ ਭਾਜਪਾ ਵਿੱਚ ਸ਼ਾਮਲ ਹੋ ਰਹੇ ਸਨ, ਉਸ ਰਣਨੀਤੀ ਨੂੰ ਸੱਟ ਵੱਜੀ ਹੈ।

ਇਹ ਵੀ ਚਰਚਾ ਹੈ ਕਿ ਬਦਲੇ ਹੋਏ ਸਿਆਸੀ ਸਮੀਕਰਨਾਂ ਦੌਰਾਨ ਪਾਰਟੀ ਦਾ ਇਕ ਧੜਾ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਤੋਂ ਸਿਆਸੀ ਗੱਠਜੋੜ ਦਾ ਵੀ ਇੱਛੁਕ ਹੈ। ਇਸ ਆਗੂ ਦਾ ਕਹਿਣਾ ਹੈ ਕਿ ਕੇਂਦਰੀ ਲੀਡਰਸ਼ਿਪ ਤੇ ਕੇਂਦਰੀ ਮੰਤਰੀ ਹਾਲ ਦੀ ਘੜੀ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਅਮਲ ਵਿਚ ਰੁੱਝੇ ਹੋਏ ਹਨ। ਚੋਣਾਂ ਦਾ ਅਮਲ ਪੂਰਾ ਹੋਣ ਤੋਂ ਬਾਅਦ ਪੰਜਾਬ ਬਾਰੇ ਨਵੀਂ ਰਣਨੀਤੀ 'ਤੇ ਵਿਚਾਰ ਕੀਤਾ ਜਾਵੇਗਾ। ਇਸ ਆਗੂ ਦਾ ਕਹਿਣਾ ਹੈ ਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਦੀ ਨਿਯੁਕਤੀ ਸਣੇ ਹੋਰ ਕਈ ਅਹਿਮ ਨਿਯੁਕਤੀਆਂ ਦਾ ਅਮਲ ਵੀ ਰੁਕਿਆ ਪਿਆ ਹੈ।

## ਨਿਗਮ ਚੋਣਾਂ ਆਪਣੇ ਦਮ 'ਤੇ ਲੜਾਂਗੇ: ਜਾਖੜ

**ਚੰਡੀਗੜ੍ਹ:** ਪੰਜਾਬ ਵਿਚ ਨਗਰ ਨਿਗਮ ਚੋਣਾਂ ਦੇ ਨਜ਼ਦੀਕ ਆਉਣ ਦੇ ਨਾਲ ਹੀ ਪੰਜਾਬ ਭਾਜਪਾ ਨੇ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਸੈਕਟਰ-37 ਵਿਚ ਸਥਿਤ ਪਾਰਟੀ ਦੇ ਦਫ਼ਤਰ 'ਚ ਸੂਬਾ ਕਾਰਜਕਾਰਨੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਭਾਜਪਾ ਦੇ ਕੌਮੀ ਸੰਗਠਨ ਮੰਤਰੀ ਨਿਵਾਸੂਲੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕੀਤਾ ਕਿ ਪੰਜਾਬ 'ਚ ਨਿਗਮ ਚੋਣਾਂ ਦੌਰਾਨ ਭਾਜਪਾ ਆਪਣੇ ਦਮਖ਼ਮ 'ਤੇ ਪ੍ਰਦਰਸ਼ਨ ਕਰੇਗੀ। ਸ੍ਰੀ ਜਾਖੜ ਨੇ ਨਿਗਮ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਲਈ ਬਿਨੈ ਪੱਤਰ ਜਾਰੀ ਕੀਤੇ ਅਤੇ 7 ਦਸੰਬਰ ਤੱਕ ਬਿਨੈ ਪੱਤਰ ਮੰਗੇ ਹਨ। ਇਹ ਫਾਰਮ ਜ਼ਿਲ੍ਹਾ ਪ੍ਰਧਾਨ ਰਾਹੀਂ ਵੰਡੇ ਜਾਣਗੇ।

# ਪੰਜਾਬ ਦੇ ਸਕੂਲਾਂ ਵਿਚ ਲੱਗੇਗੀ ਆਨਲਾਈਨ ਹਾਜ਼ਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ 'ਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਅਤੇ ਹਰ ਵਿਦਿਆਰਥੀ ਦੀ ਸਕੂਲ ਵਿਚ ਹਾਜ਼ਰੀ ਯਕੀਨੀ ਬਣਾਉਣ ਲਈ ਵਿਦਿਆਰਥੀਆਂ ਦੀ ਹਾਜ਼ਰੀ ਆਨਲਾਈਨ ਲਗਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਹ ਆਦੇਸ਼ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ 'ਚ 15 ਦਸੰਬਰ 2023 ਤੋਂ ਵਿਦਿਆਰਥੀਆਂ ਦੀ ਹਾਜ਼ਰੀ ਆਨਲਾਈਨ ਯਕੀਨੀ ਬਣਾਈ ਜਾਵੇ। ਸ੍ਰੀ ਬੈਂਸ ਨੇ ਕਿਹਾ ਕਿ ਸਕੂਲ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਦੀ ਜਾਣਕਾਰੀ ਉਨ੍ਹਾਂ ਦੇ ਮਾਪਿਆਂ ਨੂੰ ਐਸ.ਐਮ.ਐਸ. ਰਾਹੀਂ ਦਿੱਤੀ ਜਾਵੇਗੀ।

# ਲਾਡੋਵਾਲ ਟੌਲ ਦੀਆਂ ਦਰਾਂ ਵਿਚ 30 ਫ਼ੀਸਦੀ ਵਾਧਾ




**ਫਿਲੌਰ:** ਲਾਡੋਵਾਲ ਟੌਲ ਪਲਾਜ਼ਾ ਦੀਆਂ ਦਰਾਂ ਵਿਚ ਐਤਕੀਂ ਪਹਿਲੀ ਵਾਰ 30 ਫੀਸਦ ਤੱਕ ਦਾ ਵਾਧਾ ਕੀਤਾ ਗਿਆ ਹੈ, ਜਿਸ ਨਾਲ ਰਾਹਗੀਰਾਂ 'ਤੇ ਕਾਫੀ ਭਾਰ ਪੈ ਗਿਆ ਹੈ। ਬਹੁਤੇ ਲੋਕਾਂ ਦੇ ਵਾਹਨਾਂ 'ਤੇ ਫਾਸਟੈਗ ਲੱਗਾ ਹੋਣ ਕਰ ਕੇ ਟੌਲ ਦੀਆਂ ਵਧੀਆਂ ਦਰਾਂ ਬਾਰੇ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ। ਇਸ ਤੋਂ ਪਹਿਲਾਂ ਹਰੇਕ ਸਾਲ ਪਹਿਲੀ ਸਤੰਬਰ ਨੂੰ ਟੌਲ ਦਰਾਂ ਵਿਚ ਕਰੀਬ 10 ਫੀਸਦ ਦਾ ਵਾਧਾ ਕੀਤਾ ਜਾਂਦਾ ਰਿਹਾ ਹੈ। 10 ਫੀਸਦ ਦਾ ਇਹ ਵਾਧਾ ਲੰਘੇ ਸਤੰਬਰ ਮਹੀਨੇ ਵੀ ਕੀਤਾ ਗਿਆ ਸੀ ਪਰ ਕਰੀਬ ਤਿੰਨ ਮਹੀਨੇ ਬਾਅਦ ਮੁੜ ਤੋਂ ਟੌਲ ਦਰਾਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਲੋਕਲ ਪਾਸਾਂ ਦੇ ਰੇਟਾਂ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ।

ਕੌਮੀ ਸ਼ਾਹਰਾਹ ਅਥਾਰਿਟੀ ਨੇ ਹੁਣ ਵਾਹਨਾਂ ਦੇ ਐਕਸਲਾਂ ਦੀ ਗਿਣਤੀ ਦੇ ਆਧਾਰ 'ਤੇ ਟੌਲ ਦਰਾਂ ਤੈਅ ਕੀਤੀਆਂ ਹਨ। ਤਿੰਨ ਐਕਸਲ ਵਾਲੇ ਕਮਰਸ਼ੀਅਲ ਵਾਹਨਾਂ ਕੋਲੋਂ ਇਕ ਗੇੜੇ ਲਈ 795 ਰੁਪਏ ਲਏ ਜਾਣਗੇ, ਚਾਰ ਤੋਂ ਛੇ ਐਕਸਲ ਵਾਲੇ ਵਾਹਨਾਂ ਨੂੰ 1140 ਰੁਪਏ ਤੇ ਇਸ ਤੋਂ ਵੱਧ ਐਕਸਲ ਵਾਲੇ ਵੱਡੇ ਵਾਹਨਾਂ ਨੂੰ 1390 ਰੁਪਏ ਅਦਾ ਕਰਨੇ ਪੈਣਗੇ। ਇਸ ਦੇ ਨਾਲ ਹੀ ਖਾਸ ਗੱਲ ਇਹ ਹੈ ਕਿ ਬਿਨਾਂ ਫਾਸਟੈਗ ਵਾਲੇ ਵਾਹਨਾਂ ਕੋਲੋਂ ਇਕ ਗੇੜੇ ਦਾ ਦੁੱਗਣਾ ਰੇਟ ਵਸੂਲਿਆ ਜਾਵੇਗਾ। ਕਾਰ ਵਿਚ ਜੇਕਰ ਫਾਸਟੈਗ ਨਹੀਂ ਹੋਵੇਗਾ ਤਾਂ 430 ਰੁਪਏ ਦੇਣੇ ਪੈਣਗੇ। ਇਸ ਤੋਂ ਇਲਾਵਾ ਮਹੀਨਾਵਾਰੀ ਪਾਸ ਟੌਲ ਪਲਾਜ਼ਾ ਤੋਂ 20 ਕਿਲੋਮੀਟਰ ਦੇ ਦਾਇਰੇ ਵਿਚ ਰਹਿਣ ਵਾਲੇ ਲੋਕਾਂ ਤੱਕ ਸੀਮਿਤ ਰਹੇਗਾ। ਗੈਰ-ਵਪਾਰਕ ਵਾਹਨਾਂ ਲਈ ਪਾਸ ਦਾ ਭਾਅ 330 ਰੁਪਏ ਹੈ।

# ਏਜੰਟ ਦੀ ਠੱਗੀ ਦੇ ਸ਼ਿਕਾਰ ਨੌਜਵਾਨ ਵੱਲੋਂ ਖੁਦਕੁਸ਼ੀ

**ਜਲੰਧਰ:** ਟਰੈਵਲ ਏਜੰਟ ਵੱਲੋਂ 35 ਲੱਖ ਰੁਪਏ ਲੈ ਕੇ ਅਮਰੀਕਾ ਨਾ ਭੇਜੇ ਜਾਣ ਤੋਂ ਦੁਖੀ ਨੌਜਵਾਨ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸਾਗਰ ਥਾਪਰ ਵਾਸੀ ਪ੍ਰਤਾਪਪੁਰਾ ਵਜੋਂ ਹੋਈ ਹੈ। ਨੌਜਵਾਨ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਦੱਸਿਆ ਕਿ ਉਸ ਨੇ ਅਮਰੀਕਾ ਜਾਣ ਵਾਸਤੇ ਕਰਜ਼ਾ ਲਿਆ ਹੋਇਆ ਸੀ ਪਰ ਉਸ ਨੂੰ ਅਮਰੀਕਾ ਨਹੀਂ ਭੇਜਿਆ ਗਿਆ ਤੇ ਨਾ ਹੀ ਉਸ ਦੇ ਪੈਸੇ ਮੋੜੇ ਜਾ ਰਹੇ ਸਨ। ਇਸ ਮਗਰੋਂ ਨੌਜਵਾਨ ਨੇ ਜ਼ਹਿਰੀਲੀ ਚੀਜ਼ ਨਿਗਲ ਲਈ।

ਸੂਚਨਾ ਮਿਲਦੇ ਹੀ ਪਰਿਵਾਰਕ ਮੈਂਬਰ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਦਰ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫੇਸਬੁੱਕ 'ਤੇ ਲਾਈਵ ਹੋ ਕੇ ਸਾਗਰ ਨੇ ਦੋਸ਼ ਲਾਇਆ ਕਿ ਸਤਨਾਮ ਕੁਮਾਰ ਬੱਗਾ ਨਾਂ ਦੇ ਵਿਅਕਤੀ ਨੇ ਅਮਰੀਕਾ ਭੇਜਣ ਲਈ ਉਸ ਕੋਲੋਂ ਕਰੀਬ 35 ਲੱਖ ਰੁਪਏ ਲੈ ਲਏ। ਸਤਨਾਮ ਕੋਲ ਹੀ ਉਸ ਦਾ ਪਾਸਪੋਰਟ ਪਿਆ ਹੈ। ਐਸ.ਐਚ.ਓ. ਭਰਤ ਮਸੀਹ ਨੇ ਦੱਸਿਆ ਕਿ ਮੁਲਜ਼ਮ ਸਤਨਾਮ ਬੱਗਾ ਵਾਸੀ ਉੱਗੀ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ।

# ਹਰ ਖੇਤ ਤੱਕ ਅੱਪੜੇਗਾ ਨਹਿਰੀ ਪਾਣੀ: ਜੌੜਾਮਾਜਰਾ



**ਪਟਿਆਲਾ:** ਮੰਤਰੀਆਂ 'ਚ ਵਿਭਾਗਾਂ ਦੀ ਫੇਰਬਦਲ ਮਗਰੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਇੱਥੇ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਪਲੇਠੀ ਬੈਠਕ ਕੀਤੀ। ਉਨ੍ਹਾਂ ਨਹਿਰੀ ਪਾਣੀ ਦੀ ਵਧੇਰੇ ਵਰਤੋਂ ਅਮਲ 'ਚ ਲਿਆਉਣ ਅਤੇ ਟੇਲਾਂ ਤੱਕ ਪਾਣੀ ਪੁੱਜਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ ਪਿਛਲੇ ਸੀਜ਼ਨ 'ਚ ਕਈ ਟੇਲਾਂ ਤੱਕ ਕਰੀਬ ਚਾਰ ਦਹਾਕਿਆਂ ਮਗਰੋਂ ਪਾਣੀ ਪੁੱਜਿਆ ਸੀ। ਇਸ ਪਿਰਤ ਨੂੰ ਜਾਰੀ ਰੱਖਦਿਆਂ ਹੁਣ ਹਰੇਕ ਖੇਤ ਤੱਕ ਨਹਿਰਾਂ ਅਤੇ ਕੱਸੀਆਂ ਦਾ ਪਾਣੀ ਪੁੱਜਦਾ ਕਰਨ ਦਾ ਟੀਚਾ ਮਿਥਿਆ ਜਾਵੇ। ਸ੍ਰੀ ਜੌੜਾਮਾਜਰਾ ਨੇ ਕਿਹਾ ਕਿ ਧਰਤੀ ਹੇਠਲਾ ਪਾਣੀ ਘਟਦਾ ਜਾ ਰਿਹਾ ਹੈ, ਇਸ ਲਈ ਜ਼ਰੂਰੀ ਹੈ ਕਿ ਟਿਊਬਵੈੱਲਾਂ 'ਤੇ ਨਿਰਭਰਤਾ ਘਟਾਈ ਜਾਵੇ। ਇਸ ਲਈ ਹਾੜ੍ਹੀ ਦੇ ਸੀਜ਼ਨ ਮਗਰੋਂ ਜ਼ਮੀਨਾਂ ਖਾਲੀ ਹੋਣ 'ਤੇ ਮੁੜ ਖਾਲੇ ਚਲਾਉਣੇ ਯਕੀਨੀ ਬਣਾਏ ਜਾਣ। ਮੰਤਰੀ ਨੇ ਕਿਹਾ ਕਿ ਅਧਿਕਾਰੀ ਹਰ ਮਹੀਨੇ ਜਾਇਜ਼ਾ ਬੈਠਕ ਲੈਣਗੇ ਤੇ ਆਪਣੇ ਕੀਤੇ ਕੰਮ ਦੀ ਹਲਕਾ ਵਾਰ ਪੂਰੀ ਤਫ਼ਸੀਲ ਤਿਆਰ ਕਰਨਗੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਕਿਸੇ ਕਿਸਾਨ ਨੂੰ ਜਲ ਸਰੋਤ ਵਿਭਾਗ ਕੋਲੋਂ ਕੰਮ ਕਰਵਾਉਣ ਸਮੇਂ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ।

# ਪੰਜਾਬ ਸਰਕਾਰ ਨੇ ਮਾਈਨਿੰਗ ਮਾਫੀਆ ਅੱਗੇ ਸਮਰਪਣ ਕੀਤਾ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ 'ਚ ਰੇਤ ਦੀ ਗੈਰ-ਕਾਨੂੰਨੀ ਮਾਈਨਿੰਗ 'ਤੇ ਰੋਕ ਲਗਾਉਣ 'ਚ ਪੂਰੀ ਤਰ੍ਹਾਂ ਅਸਫਲ ਰਹਿਣ ਲਈ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਪੰਜਾਬ ਸਰਕਾਰ ਨੇ ਮਾਈਨਿੰਗ ਮਾਫੀਆ ਅੱਗੇ ਸਮਰਪਣ ਕਰ ਦਿੱਤਾ ਹੈ। ਬਾਜਵਾ ਨੇ ਕਿਹਾ ਕਿ ਜਿਸ ਤਰੀਕੇ ਨਾਲ ਗੈਰ-ਕਾਨੂੰਨੀ ਮਾਈਨਿੰਗ ਖੁੱਲ੍ਹੇਆਮ ਚੱਲ ਰਹੀ ਹੈ, ਉਸ ਤੋਂ ਲੱਗਦਾ ਹੈ ਕਿ ਮਾਈਨਿੰਗ ਮਾਫੀਆ ਅਤੇ ਸਰਕਾਰ ਦੇ ਅੰਦਰ ਕੁਝ ਪ੍ਰਭਾਵਸ਼ਾਲੀ ਲੋਕਾਂ ਵਿਚਾਲੇ ਕਿਸੇ ਤਰ੍ਹਾਂ ਦੀ ਮਿਲੀਭੁਗਤ ਹੈ। ਇਕ ਖ਼ਬਰ ਦਾ ਹਵਾਲਾ ਦਿੰਦਿਆਂ ਬਾਜਵਾ ਨੇ ਕਿਹਾ ਕਿ ਬੀਤੇ ਦਿਨੀਂ ਬਟਾਲਾ ਪੁਲਿਸ ਜ਼ਿਲ੍ਹੇ ਦੇ ਰੰਗੜ ਨੰਗਲ ਥਾਣੇ ਅਧੀਨ ਪੈਂਦੇ ਪਿੰਡ ਕੋਟਲਾ ਬਜਾ 'ਚ ਨਾਜਾਇਜ਼ ਮਾਈਨਿੰਗ ਰੋਕਣ ਦੀ ਕੋਸ਼ਿਸ਼ ਕਰਨ 'ਤੇ ਡਰੇਨੇਜ ਵਿਭਾਗ ਦੇ ਇਕ ਕਰਮਚਾਰੀ ਨੂੰ ਟਰੈਕਟਰ ਨੇ ਕੁਚਲ ਦਿੱਤਾ ਅਤੇ ਉਸ ਦੀ ਮੌਤ ਹੋ ਗਈ।

# ਪਰਾਲੀ ਪ੍ਰਬੰਧਨ ਬਾਰੇ ਮੁੱਖ ਮੰਤਰੀਆਂ ਦੀ ਮੀਟਿੰਗ ਸੱਦਣ ਪ੍ਰਧਾਨ ਮੰਤਰੀ: ਭਗਵੰਤ ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਪਰਾਲੀ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੇ ਮੁੱਦੇ 'ਤੇ ਉੱਤਰ ਭਾਰਤ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਸੱਦਣ ਅਤੇ ਇਸ ਮਸਲੇ ਦਾ ਸਥਾਈ ਹੱਲ ਕੱਢਣ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦਾ ਮਾਮਲਾ ਸਿਰਫ ਉੱਤਰ ਭਾਰਤ ਤੱਕ ਸੀਮਤ ਨਹੀਂ ਹੈ ਬਲਕਿ ਮੱਧ ਭਾਰਤ ਵਿਚ ਵੀ ਇਹੋ ਰੁਝਾਨ ਚੱਲ ਰਿਹਾ ਹੈ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਝੋਨੇ 'ਤੇ ਐਮ.ਐਸ.ਪੀ. ਖ਼ਤਮ ਕਰਨ ਬਾਰੇ ਕਿਸਾਨਾਂ ਨੂੰ ਧਮਕਾਉਣਾ ਬੰਦ ਕਰੇ।

ਸ੍ਰੀ ਮਾਨ ਨੇ ਕਿਹਾ ਕਿ ਦਿੱਲੀ ਵਿਚ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਲਈ ਪੰਜਾਬ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਪਰ ਫਿਰ ਵੀ ਬਿਨਾਂ ਕਿਸੇ ਕਾਰਨ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਪਰਾਲੀ ਨਾ ਫੂਕਣ ਤੇ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ ਵਿੱਤੀ ਲਾਭ ਦੇਵੇ ਅਤੇ ਕਿਸਾਨਾਂ ਨੂੰ ਬਦਲਵੀਆਂ ਫਸਲਾਂ ਉੱਤੇ ਵੀ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਿੱਤਾ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਅਨਾਜ ਉਤਪਾਦਨ ਵਿਚ ਮੁਲਕ ਨੂੰ ਆਤਮ-ਨਿਰਭਰ ਬਣਾਇਆ ਅਤੇ ਕੇਂਦਰ ਸਰਕਾਰ ਨੂੰ ਇਸ ਮਸਲੇ 'ਤੇ ਸੂਬੇ ਦੇ ਮਿਹਨਤੀ ਕਿਸਾਨਾਂ ਨੂੰ ਆਪਣੇ ਰਹਿਮੋ-ਕਰਮ 'ਤੇ ਨਹੀਂ ਛੱਡਣਾ ਚਾਹੀਦਾ ਹੈ। ਕਿਸਾਨਾਂ ਤੇ ਖੇਤੀਬਾੜੀ ਖੇਤਰ ਨਾਲ ਮਤਰੇਈ ਮਾਂ ਵਾਲਾ ਵਿਵਹਾਰ ਕਰਨ ਦੀ ਬਜਾਏ ਕੇਂਦਰ ਸਰਕਾਰ ਨੂੰ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਪੰਜਾਬ ਨਾਲ ਸਬੰਧਤ ਇਹ ਸਾਰੇ ਮਸਲੇ ਸੰਸਦ ਦੇ ਅਗਾਮੀ ਸੈਸ਼ਨ ਵਿਚ ਉਠਾਉਣਗੇ। ਮੁੱਖ ਮੰਤਰੀ ਨੇ ਕਿਹਾ, "ਕਈ ਲੋਕ ਆਖ ਰਹੇ ਹਨ ਕਿ ਪਰਾਲੀ ਪ੍ਰਬੰਧਨ ਬਾਰੇ ਹਰਿਆਣਾ ਤੋਂ ਸਿੱਖੋ ਜਦਕਿ ਹਰਿਆਣਾ ਕਿਹੜਾ ਸਵਿਟਜ਼ਰਲੈਂਡ ਹੈ।'

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਿਸਤਾਨ ਸਮਰਥਕਾਂ ਵੱਲੋਂ ਗੁਰਦੁਆਰੇ ’ਚ ਭਾਰਤੀ ਰਾਜਦੂਤ ਨੂੰ ਘੇਰਨ ਦੀ ਕੋਸ਼ਿਸ਼

**ਨਿਊ ਯਾਰਕ:** ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਗੁਰਪੁਰਬ ਮੌਕੇ ਨਿਊ ਯਾਰਕ ਦੇ ਲੌਂਗ ਆਈਲੈਂਡ ਗੁਰਦੁਆਰੇ ਵਿਚ ਅਰਦਾਸ ਕੀਤੀ। ਗੁਰਦੁਆਰੇ ‘ਚ ਖਾਲਿਸਤਾਨ ਸਮਰਥਕਾਂ ਦੇ ਇਕ ਸਮੂਹ ਨੇ ਉਨ੍ਹਾਂ ਨੂੰ ਘੇਰ ਕੇ ਸਵਾਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ। ਭਾਰਤੀ ਰਾਜਦੂਤ ਨਾਲ ਵਾਪਰੀ ਘਟਨਾ ਦੀ ਪੋਸਟ ਕੀਤੀ ਗਈ ਵੀਡੀਓ ਮੁਤਾਬਕ, ‘ਗੁਰਦੁਆਰੇ ‘ਚ ਕੁਝ ਖਾਲਿਸਤਾਨ ਸਮਰਥਕਾਂ ਨੇ ਸੰਧੂ ਨੂੰ ਘੇਰ ਲਿਆ ਤੇ ਕੈਨੇਡਾ ਵਿਚ ਮਾਰੇ ਗਏ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਬਾਰੇ ਸਵਾਲ ਕੀਤੇ।‘

ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਐਕਸ ‘ਤੇ ਦੱਸਿਆ ਕਿ ‘ਲੌਂਗ ਆਈਲੈਂਡ ਦੇ ਗੁਰੂ ਨਾਨਕ ਦਰਬਾਰ ‘ਚ ਅਫ਼ਗਾਨਿਸਤਾਨ ਸਣੇ ਸਥਾਨਕ ਸੰਗਤ ਦੇ ਨਾਲ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੌਰਾਨ ਕੀਰਤਨ ਸੁਣਿਆ, ਗੁਰੂ ਨਾਨਕ ਦੇ ਇਕਜੁੱਟਤਾ, ਏਕੇ ਤੇ ਬਰਾਬਰੀ ਦੇ ਸੁਨੇਹੇ ਬਾਰੇ ਚਰਚਾ ਕੀਤੀ। ਲੰਗਰ ਛਕਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।‘ ਖਾਲਿਸਤਾਨੀਆਂ ਦੇ ਵਿਰੋਧ ਦੇ ਖਦਸ਼ੇ ਦਰਮਿਆਨ ਸੰਧੂ ਦਾ ਹਿਕਸਵਿਲੇ ਗੁਰਦੁਆਰੇ ਵਿਚ



ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸੂਤਰਾਂ ਨੇ ਦੱਸਿਆ ਕਿ ਕੁਝ ਵਿਅਕਤੀਆਂ ਨੇ ਇਸ ਮੌਕੇ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤੇ ਭਾਰਤੀ ਰਾਜਦੂਤ ਨੂੰ ਘੇਰਨ ਦਾ ਯਤਨ ਕੀਤਾ ਪਰ ਸਿੱਖ ਭਾਈਚਾਰੇ ਦੇ ਮੈਂਬਰ ਉਨ੍ਹਾਂ ਨੂੰ ਬਾਹਰ ਲੈ ਗਏ। ਸੰਧੂ ਨੇ ਗੁਰਦੁਆਰੇ ਵਿਚ ਆਪਣੇ ਬਿਆਨ ‘ਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਅਮਰੀਕਾ ਵਿਚ ਭਾਰਤੀ ਸਫ਼ੀਰ ਉਨ੍ਹਾਂ ਨੂੰ ਹਰ ਸਹਾਇਤਾ ਤੇ ਸਮਰਥਨ ਦੇਣਗੇ। ਇਸ ਮੌਕੇ ਗੁਰਦੁਆਰੇ ਦੇ ਮੈਂਬਰਾਂ ਤੇ ਅਹੁਦੇਦਾਰਾਂ ਨੇ ਭਾਰਤੀ ਰਾਜਦੂਤ ਦਾ ਸਨਮਾਨ ਕੀਤਾ।

ਅਮਰੀਕਾ ਵਿਚ ਸਿੱਖ ਸੰਗਠਨ ਨੇ ਘਟਨਾ ਦੀ ਨਿੰਦਾ ਕੀਤੀ ਹੈ। ਸੰਗਠਨ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਇਸ ਵਿਚ ਸ਼ਾਮਲ ਲੋਕਾਂ ਖ਼ਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ‘ਸਿੱਖਸ ਆਫ ਅਮਰੀਕਾ’ ਨਾਂ ਦੀ ਸੰਸਥਾ ਨੇ ਜਾਰੀ ਬਿਆਨ ’ਚ ਕਿਹਾ ਕਿ ਗੁਰਦੁਆਰਾ ਧਾਰਮਿਕ ਸਥਾਨ ਹੈ ਅਤੇ ਲੋਕਾਂ ਨੂੰ ਇੱਥੇ ਆਉਣ ਸਮੇਂ ਨਿੱਜੀ ਸਿਆਸੀ ਵਿਚਾਰਾਂ ਨੂੰ ਦੂਰ ਰੱਖਣਾ ਚਾਹੀਦਾ ਹੈ।

## ਜਥੇਦਾਰ ਵੱਲੋਂ ਤਨਮਨਜੀਤ ਸਿੰਘ ਢੇਸੀ ਨੂੰ ਧਮਕੀਆਂ ਦੇਣ ਦੀ ਨਿਖੇਧੀ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਯੂ.ਕੇ. ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਫਿਰਕੂ ਤਾਕਤਾਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਸਦੀਵੀ ਅਮਨ-ਸ਼ਾਂਤੀ ਤੇ ਖੁਸ਼ਹਾਲੀ ਚਾਹੁਣ ਵਾਲੇ ਸਾਰੇ ਮੁਲਕਾਂ ਨੂੰ ਤਨਮਨਜੀਤ ਸਿੰਘ ਢੇਸੀ ਦੀ ਹਮਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਗਾਜ਼ਾ-ਇਜ਼ਰਾਈਲ ਜੰਗ ਸਬੰਧੀ ਸਕਾਟਿਸ਼ ਨੈਸ਼ਨਲ ਪਾਰਟੀ ਵੱਲੋਂ ਲਿਆਂਦੇ ਅਸਥਾਈ ਜੰਗਬੰਦੀ ਦੇ ਮਤੇ ‘ਤੇ ਵੋਟ ਪਾਉਣ ਦੀ ਥਾਂ ਹਿੰਸਾ ਦੇ ਸਦੀਵੀਂ ਅੰਤ ਅਤੇ ਦੁਸ਼ਮਣੀ ਦੇ ਸਥਾਈ ਖਾਤਮੇ ਲਈ ਲੇਬਰ ਪਾਰਟੀ ਵੱਲੋਂ ਪੇਸ਼ ਕੀਤੇ ਮਤੇ ‘ਤੇ ਵੋਟ ਪਾਈ ਹੈ ਜਿਸ ਕਾਰਨ ਫਿਰਕੂ ਤਾਕਤਾਂ ਵੱਲੋਂ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਾਰੇ ਮੁਲਕਾਂ ਨੂੰ ਮਿਲ ਕੇ ਤੁਰਤ ਇਸ ਜੰਗ ਨੂੰ ਰੋਕਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

## ਪੜ੍ਹਾਈ ਲਈ ਕੈਨੇਡਾ ਗਈ ਵਿਦਿਆਰਥਣ ਦੀ ਮੌਤ

**ਅਮਰਗੜ੍ਹ:** ਕੈਨੇਡਾ ਪੜ੍ਹਨ ਗਈ ਅਮਰਗੜ੍ਹ ਦੀ ਪ੍ਰਨੀਤ ਕੌਰ (20) ਦੀ ਬਿਮਾਰੀ ਕਾਰਨ ਮੌਤ ਹੋ ਗਈ। ਪ੍ਰਨੀਤ ਕੌਰ ਦੇ ਪਿਤਾ ਸਤਵੀਰ ਸਿੰਘ ਅਮਰਗੜ੍ਹ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਪੜ੍ਹਾਈ ਤੇ ਚੰਗੇ ਰੁਜ਼ਗਾਰ ਦਾ ਸੁਫਨਾ ਲੈ ਕੇ ਇਸੇ ਸਾਲ ਅਪਰੈਲ ਮਹੀਨੇ ਕੈਨੇਡਾ ਗਈ ਸੀ। ਬੀਤੇ ਦਿਨੀਂ ਠੰਢ ਲੱਗਣ ਕਾਰਨ ਉਹ ਬਿਮਾਰ ਹੋ ਗਈ। ਸਤਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਪ੍ਰਨੀਤ ਨਾਲ ਹਰ ਰੋਜ਼ ਫੋਨ ‘ਤੇ ਗੱਲਬਾਤ ਹੁੰਦੀ ਸੀ ਪਰ ਕੁਝ ਦਿਨਾਂ ਤੋਂ ਉਸ ਨਾਲ ਗੱਲ ਨਹੀਂ ਹੋਈ। ਬਾਅਦ ਵਿਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਬਿਮਾਰ ਹੋਣ ਮਗਰੋਂ ਉਸ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਉਸ ਦੀ ਦੇਹ ਪੰਜਾਬ ਲਿਆਉਣ ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

## ਫਿਲਪੀਨਜ਼ ਵਿਚ ਮੋਗਾ ਦੇ ਨੌਜਵਾਨ ਦੀ ਹੱਤਿਆ

**ਮੋਗਾ:** ਫਿਲਪੀਨਜ਼ ਦੀ ਰਾਜਧਾਨੀ ਮਨੀਲਾ ‘ਚ ਰੋਜ਼ੀ-ਰੋਟੀ ਕਮਾਉਣ ਲਈ ਗਏ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਦੇ ਨੌਜਵਾਨ ਜਸਪ੍ਰੀਤ ਸਿੰਘ (26) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਹ ਮੰਦਭਾਗੀ ਖਬਰ ਸੁਣਦਿਆਂ ਹੀ ਪੂਰੇ ਪਿੰਡ ਵਿਚ ਮਾਤਮ ਛਾ ਗਿਆ। ਜਾਣਕਾਰੀ ਮੁਤਾਬਕ ਜਸਪ੍ਰੀਤ ਸਿੰਘ ਕਰੀਬ 5 ਸਾਲ ਪਹਿਲਾਂ ਮਨੀਲਾ ਗਿਆ ਸੀ। ਜਦੋਂ ਉਹ ਆਪਣੇ ਕੰਮ ‘ਤੇ ਜਾ ਰਿਹਾ ਸੀ ਤਾਂ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਮਾਰ ਦਿੱਤੀਆਂ। ਜਸਪ੍ਰੀਤ ਸਿੰਘ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਉਸ ਦਾ ਵੱਡਾ ਭਰਾ ਸਾਊਦੀ ਅਰਬ ਤੋਂ ਕਰੀਬ 20 ਦਿਨ ਪਹਿਲਾਂ ਹੀ ਘਰ ਪਰਤਿਆ ਸੀ ਅਤੇ ਜਸਪ੍ਰੀਤ ਨੇ ਵੀ ਪੰਜ ਸਾਲ ਬਾਅਦ ਅਗਲੇ ਮਹੀਨੇ ਦਸੰਬਰ ਵਿਚ ਆਪਣੇ ਘਰ ਪਰਤਣਾ ਸੀ।

## ਹਾਈ ਕੋਰਟ ਦੇ ਜੱਜ ਤੋਂ ਕਰਵਾਈ ਜਾਵੇ ਗੈਰ-ਕਾਨੂੰਨੀ ਖਣਨ ਦੀ ਜਾਂਚ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ‘ਆਪ’ ਸਰਕਾਰ ਨੂੰ ਮਾਫ਼ੀਆ ਰਾਜ ਦੇ ਮੁੱਦੇ ’ਤੇ ਘੇਰਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ਼ਰੇਆਮ ਮਾਈਨਿੰਗ ਮਾਫ਼ੀਆ ਸਰਗਰਮ ਹੈ ਅਤੇ ਡਰੱਗਜ਼ ਤੇ ਮਾਈਨਿੰਗ ਦਾ ਪੈਸਾ ‘ਆਪ’ ਦੀ ਹਾਈਕਮਾਨ ਕੋਲ ਜਾ ਰਿਹਾ ਹੈ। ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਗ਼ੈਰਕਾਨੂੰਨੀ ਖਣਨ ਦੇ ਮਾਮਲੇ ਦੀ ਜਾਂਚ ਮੌਜੂਦਾ ਜੱਜ ਤੋਂ ਕਰਵਾਉਣ ਦੀ ਅਪੀਲ ਕੀਤੀ। ਬਾਜਵਾ ਨੇ ਕਿਹਾ ਕਿ ਉਹ ਪਹਿਲਾਂ ਗ਼ੈਰਕਾਨੂੰਨੀ ਖਣਨ ਦੇ ਮਾਮਲੇ ’ਤੇ ਰਾਜਪਾਲ ਨੂੰ ਵੀ ਪੱਤਰ ਲਿਖ ਚੁੱਕੇ ਹਨ। ਬਾਜਵਾ ਨੇ ਅਮਨ ਕਾਨੂੰਨ ਦੀ ਵਿਵਸਥਾ ’ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪੰਜਾਬ ਨੂੰ ਪੁਲਿਸ ਰਾਜ ਬਣਾ ਦਿੱਤਾ ਗਿਆ ਹੈ। ਜਿਸ ਤਰ੍ਹਾਂ ਪਾਕਿਸਤਾਨ ਨੂੰ ਫ਼ੌਜ ਚਲਾ ਰਹੀ ਹੈ, ਉਸੇ ਤਰ੍ਹਾਂ ਪੰਜਾਬ ਨੂੰ ਪੁਲਿਸ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਗੁਰੂ ਘਰ ’ਤੇ ਮੁੱਖ ਮੰਤਰੀ ਕਬਜ਼ਾ ਕਰਵਾ ਰਹੇ ਹਨ।

## ਕਿਸਾਨ ਅੰਦੋਲਨ ਦੀ ਫਿਰ ਦਸਤਕ

*(ਪਹਿਲੇ ਸਫੇ ਦੀ ਬਾਕੀ)*

ਨੋਟਿਸ ਲਿਆ ਹੈ। ਉਨ੍ਹਾਂ ਮੁੱਖ ਮੰਤਰੀ ਦੀ ਚੁੱਪ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਕਿਸਾਨਾਂ ਨੇ ਇਕਸੁਰ ਵਿਚ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣਾ ਅੰਨਦਾਤਾ ਦੀ ਮਜਬੂਰੀ ਹੈ। ਇਸ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ।

ਬੁਲਾਰਿਆਂ ਨੇ ਸਾਰੀਆਂ ਫਸਲਾਂ ਦੀ ਐਮ.ਐਸ.ਪੀ. ‘ਤੇ ਖਰੀਦ ਦੀ ਗਾਰੰਟੀ, ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ ਸੀ-2+50 ਫ਼ੀਸਦੀ ਫ਼ਾਰਮੂਲੇ ਨਾਲ ਫ਼ਸਲਾਂ ਦੇ ਭਾਅ ਤੈਅ ਕਰਨ, ਕਿਸਾਨਾਂ ਸਿਰ ਚੜ੍ਹਿਆ ਸਾਰਾ ਕਰਜ਼ਾ ਮੁਆਫ਼ ਕਰਨ ਸਮੇਤ ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਬਰਖ਼ਾਸਤ ਕਰ ਕੇ ਜੇਲ੍ਹ ‘ਚ ਡੱਕਣ, ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ‘ਤੇ ਬਣਾਏ ਸਾਰੇ ਕੇਸ ਰੱਦ ਕਰਨ, ਬਿਜਲੀ ਸੋਧ ਬਿੱਲ ਨੂੰ ਚੋਰ ਮੋਰੀਆਂ ਰਾਹੀਂ ਲਾਗੂ ਕਰਨ ਤੋਂ ਰੋਕਣ, 60 ਸਾਲ ਤੋਂ ਵੱਧ ਉਮਰ ਦੇ ਸਾਰੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦੇਣ, ਨਿਊਜ਼ਕਲਿੱਕ ਖ਼ਿਲਾਫ਼ ਦਰਜ ਕੇਸ ਰੱਦ ਕਰਨ, ਕਿਸਾਨੀ ਘੋਲ ਨੂੰ ਦੇਸ਼ ਵਿਰੋਧੀ ਆਖਣਾ ਬੰਦ ਕਰਨ, ਖੇਤੀ ਨੂੰ ਕਾਰਪੋਰੇਟਾਂ ਕੋਲ ਵੇਚਣ ਦੀਆਂ ਸਾਰੀਆਂ ਨੀਤੀਆਂ ਰੱਦ ਕਰਨ, ਪਬਲਿਕ ਸੈਕਟਰ ਦੀ ਬਹਾਲੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਬੰਦ ਕਰਨ ਦੀਆਂ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਚੁੱਕਿਆ। ਬੁਲਾਰਿਆਂ ਨੇ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾ ਕੇ ਸਖਤੀ ਨਾਲ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕਿਸਾਨੀ ਸੰਘਰਸ਼ ਡਰੋਂ ਹੀ ਮੰਡੀਆਂ ਵਿਚ ਕਣਕ, ਝੋਨਾ ਅਤੇ ਨਰਮਾ ਖਰੀਦਿਆ ਜਾਂਦਾ ਹੈ ਜਦੋਂਕਿ ਬਾਕੀ ਜ਼ਿਆਦਾਤਰ ਫਸਲਾਂ ਰੁਲਦੀਆਂ ਰਹਿੰਦੀਆਂ ਹਨ। ਕਿਸਾਨਾਂ ਨੇ ਲਖੀਮਪੁਰ ਖੀਰੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਵਿਚ ਆਪਣਿਆਂ ਅਤੇ ਬੇਗਾਨਿਆਂ ਲਈ ਵੱਖੋ-ਵੱਖਰੇ ਕਾਨੂੰਨ ਬਣਾਏ ਗਏ ਹਨ। ਪੁਲਿਸ ਵੱਲੋਂ ਆਪਣੀ ਜਾਂਚ ਵਿਚ ਕੇਂਦਰੀ ਰਾਜ ਮੰਤਰੀ ਤੇ ਭਾਜਪਾ ਆਗੂ ਅਜੈ ਮਿਸ਼ਰਾ ਨੂੰ ਸਾਜ਼ਿਸ਼ ਘਾੜਾ ਕਰਾਰ ਦਿੱਤਾ ਗਿਆ ਹੈ ਪਰ ਇਸ ਦੇ ਬਾਵਜੂਦ ਉਹ ਮੰਤਰੀ ਦੇ ਅਹੁਦੇ ‘ਤੇ ਬਣੇ ਹੋਏ ਹਨ। ਜਥੇਬੰਦੀਆਂ ਨੇ ਸਾਫ ਕੀਤਾ ਹੈ ਕਿ ਜੇਕਰ ਆਉਂਦੇ ਦਿਨਾਂ ਵਿਚ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਮੰਗਾਂ ਉਤੇ ਗੌਰ ਨਾ ਕੀਤੀ ਗਈ ਤਾਂ ਅੰਦੋਲਨ ਦੇ ਅਗਲੇ ਪੜਾਅ ਵਜੋਂ ਦੇਸ਼ ਵਿਆਪੀ ਸੰਘਰਸ਼ ਸ਼ੁਰੂ ਹੋਵੇਗਾ।

## ਬਾਬੇ ਨਾਨਕ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰੂ ਘਰ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਅਲੌਕਿਕ ਜਲੌਅ ਸਜਾਏ ਗਏ।

ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ। ਹੁਕਮਨਾਮਾ ਲੈਣ ਮਗਰੋਂ ਪ੍ਰਚਾਰਕ ਭਾਈ ਸਤਵੰਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਦੌਰਾਨ ਕਵੀ ਦਰਬਾਰ ਵੀ ਕਰਵਾਇਆ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਸਮੇਤ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਸੰਗਤ ਹਾਜ਼ਰ ਸੀ।

ਗੁਰੂ ਨਾਨਕ ਦੇਵ ਦੇ 554ਵੇਂ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਬਾਬੇ ਨਾਨਕ ਦੇ ਰੰਗਾਂ ਵਿਚ ਪੂਰੀ ਤਰ੍ਹਾਂ ਰੰਗੀ ਗਈ। ਇਸ ਦੌਰਾਨ ਗੁਰਦੁਆਰਾ ਬੇਰ ਸਾਹਿਬ ਨੂੰ ਫੁੱਲਾਂ ਨਾਲ ਸਜਾਇਆ ਗਿਆ ਤੇ ਸੰਗਤ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਦੌਰਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਭਾਈ ਮਰਦਾਨਾ ਜੀ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ।

## ਰਾਜੋਆਣਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਬੇਰੰਗ ਮੋੜਿਆ

*(ਪਹਿਲੇ ਸਫੇ ਦੀ ਬਾਕੀ)*

ਆਦੇਸ਼ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਹਿਮ ਦੀ ਅਪੀਲ ਦਾਇਰ ਕੀਤੀ ਜਿਸ ਸਬੰਧੀ ਫਾਂਸੀ ਤੋਂ ਦੋ ਦਿਨ ਪਹਿਲਾਂ ਰਾਸ਼ਟਰਪਤੀ ਨੇ ਫਾਂਸੀ ਦੀ ਸਜ਼ਾ ਉਤੇ ਰੋਕ ਲਾ ਦਿੱਤੀ ਸੀ। ਰਾਜੋਆਣਾ ਦਾ ਕਹਿਣਾ ਹੈ ਕਿ ਉਸ ਦੀ ਇਸ ਪਟੀਸ਼ਨ ਉਤੇ 12 ਸਾਲਾਂ ਤੋਂ ਕੋਈ ਵੀ ਫੈਸਲਾ ਨਹੀਂ ਹੋਇਆ, ਉਹ ਤਿਲ-ਤਿਲ ਕਰ ਕੇ ਮਰਨ ਦੀ ਬਜਾਇ ਫਾਂਸੀ ਦੇ ਫੰਧੇ ‘ਤੇ ਚੜ੍ਹਨ ਲਈ ਤਿਆਰ ਹੈ। ਇਸੇ ਲਈ ਉਸ ਨੇ ਅਕਾਲ ਤਖਤ ਨੂੰ ਬੇਨਤੀ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕਰਨ ਕਿ ਉਹ ਰਹਿਮ ਦੀ ਅਪੀਲ ਸਬੰਧੀ ਪਟੀਸ਼ਨ ਵਾਪਸ ਲਵੇ। ਇਸ ਲਈ ਸ੍ਰੀ ਧਾਮੀ ਨੇ ਰਾਜੋਆਣਾ ਦੇ ਨਾਲ ਮੁਲਾਕਾਤ ਕੀਤੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਗੁਰਦੁਆਰਾ ਅਕਾਲ ਬੁੰਗਾ ਸੁਲਤਾਨਪੁਰ ਲੋਧੀ 'ਚ ਗੋਲੀਬਾਰੀ ਦਾ ਮਾਮਲਾ ਭਖਿਆ



**ਜਲੰਧਰ:** ਗੁਰਦੁਆਰਾ ਅਕਾਲ ਬੁੰਗਾ ਸੁਲਤਾਨਪੁਰ ਲੋਧੀ 'ਤੇ ਨਿਹੰਗਾਂ ਦੇ ਇਕ ਧੜੇ ਵੱਲੋਂ ਕੀਤੇ ਗਏ ਕਬਜ਼ੇ ਨੂੰ ਖਾਲੀ ਕਰਵਾਉਣ ਸਮੇਂ ਪੁਲਿਸ ਅਤੇ ਨਿਹੰਗਾਂ ਵਿਚਾਲੇ ਚੱਲੀਆਂ ਗੋਲੀਆਂ ਦੌਰਾਨ ਹੋਮਗਾਰਡ ਜਵਾਨ ਜਸਪਾਲ ਸਿੰਘ ਦੀ ਮੌਤ ਹੋ ਗਈ। ਤਣਾਅ ਦਾ ਮਾਹੌਲ ਬਣਨ ਮਗਰੋਂ ਪੁਲਿਸ ਨੇ ਸਾਰਾ ਇਲਾਕਾ ਸੀਲ ਕਰ ਦਿੱਤਾ। ਇਸ ਮਗਰੋਂ ਬਾਬਾ ਬੁੱਢਾ ਦਲ ਨਿਹੰਗ ਸਿੰਘ ਮੁਖੀ ਬਾਬਾ ਮਾਨ ਸਿੰਘ ਅਤੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਚਕਾਰ ਹਾਲਾਤ ਸੁਖਾਵੇਂ ਬਣਾਉਣ ਲਈ ਤਕਰੀਬਨ ਤਿੰਨ ਘੰਟੇ ਤੱਕ ਮੀਟਿੰਗ ਹੋਈ। ਮੀਟਿੰਗ ਮਗਰੋਂ ਨਿਹੰਗ ਸਿੰਘਾਂ ਵੱਲੋਂ ਡੇਰੇ ਨੂੰ ਖਾਲੀ ਕਰ ਦਿੱਤਾ ਗਿਆ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।

ਉਧਰ, ਵਿਰੋਧੀ ਧਿਰਾਂ ਨੇ ਸਰਕਾਰ ਨੂੰ ਇਸ ਮਸਲੇ ਉਤੇ ਘੇਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਅਕਾਲ ਬੁੰਗਾ ਵਿਚ ਵਾਪਰੀ ਹਿੰਸਕ ਘਟਨਾ ਤੇ ਗੁਰੂਘਰ ਵਿਚ ਪੁਲਿਸ ਦੇ ਦਾਖਲ ਹੋਣ ਨਾਲ ਹੋਈ ਬੇਅਦਬੀ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਕਿਹਾ ਕਿ ਪੁਲਿਸ ਨੇ ਮੁੱਖ ਮੰਤਰੀ ਦੇ ਹੁਕਮਾਂ ਮੁਤਾਬਕ ਕਾਰਵਾਈ ਕੀਤੀ ਤੇ ਜੇਕਰ ਸਿਆਣਪ ਤੇ ਸੂਝ-ਬੂਝ ਨਾਲ ਮਾਮਲਾ ਸੰਭਾਲਿਆ ਹੁੰਦਾ ਤਾਂ ਖੂਨ-ਖਰਾਬੇ ਤੋਂ ਬਚਾਅ ਹੋ ਸਕਦਾ ਸੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹਿੰਸਾ ਤੇ ਮੌਤ ਲਈ ਨੈਤਿਕ ਜ਼ਿੰਮੇਵਾਰੀ ਮੁੱਖ ਮੰਤਰੀ ਨੂੰ ਚੁੱਕਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਸਭ ਤੋਂ ਸਪਸ਼ਟ ਤੌਰ 'ਤੇ ਬਚਿਆ ਜਾ ਸਕਦਾ ਸੀ।

ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਨੁਮਾਇੰਦੇ ਤੇ ਪ੍ਰਸ਼ਾਸਨ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਵੱਲੋਂ ਮਾਹੌਲ ਹਿੰਸਕ ਹੋਣ ਤੋਂ ਰੋਕਣ ਲਈ ਕਿਹੜੇ ਕਦਮ ਚੁੱਕੇ ਗਏ ਸਨ? ਉਨ੍ਹਾਂ ਕਿਹਾ ਕਿ ਉਹ (ਮੁੱਖ ਮੰਤਰੀ) ਸਿਰਫ ਉਥੇ ਹਿੰਸਾ ਚਾਹੁੰਦੇ ਸਨ ਤੇ ਉਹ ਸਿੱਖਾਂ ਦਾ ਅਕਸ ਖਰਾਬ ਕਰਨ ਦੇ ਹਰ ਮੌਕੇ ਨੂੰ ਵਰਤਣਾ ਚਾਹੁੰਦੇ ਹਨ। ਬਾਦਲ ਮੁਤਾਬਕ ਦਿੱਲੀ ਤੇ ਪੰਜਾਬ ਵਿਚ ਬੈਠੀਆਂ ਤਾਕਤਾਂ ਸਿੱਖਾਂ ਨੂੰ ਬਦਨਾਮ ਕਰਨ ਲਈ ਮੌਕੇ ਦੀ ਤਲਾਸ਼ ਵਿਚ ਰਹਿੰਦੀਆਂ ਹਨ। ਅਕਾਲੀ ਨੇਤਾ ਨੇ ਕਿਹਾ ਕਿ ਸਿੱਖ ਕੌਮ ਨੂੰ ਸੰਭਲ ਕੇ ਚੱਲਣਾ ਪਵੇਗਾ ਤੇ ਉਨ੍ਹਾਂ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਪ੍ਰਤੀ ਚੌਕਸ ਰਹਿਣਾ ਪਵੇਗਾ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੁਲਤਾਨਪੁਰ ਲੋਧੀ ਵਿਚ ਗੋਲੀਬਾਰੀ ਵਿਚ ਇਕ ਪੁਲਿਸ ਕਾਂਸਟੇਬਲ ਦੀ ਮੌਤ ਅਤੇ ਪੰਜ ਹੋਰਨਾਂ ਦੇ ਜ਼ਖ਼ਮੀ ਹੋਣ ਬਾਰੇ ਕਿਹਾ ਕਿ ਘਟਨਾ ਦੇ ਚੱਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਢਿੱਲੀ ਕਾਰਗੁਜ਼ਾਰੀ ਕਾਰਨ ਕੁਝ ਕੈਬਨਿਟ ਸਾਥੀਆਂ ਦੇ ਵਿਭਾਗ ਖੋਹ ਸਕਦੇ ਹਨ ਤਾਂ ਉਹ ਅਸਤੀਫ਼ਾ ਕਿਉਂ ਨਹੀਂ ਦੇ ਸਕਦੇ। ਕਾਂਗਰਸੀ ਨੇਤਾ ਨੇ ਕਿਹਾ, ''ਹੁਣ ਪੁਲਿਸ ਨੇ ਨਿਹੰਗ ਸਿੱਖਾਂ ਦੇ ਦੋ ਧੜਿਆਂ ਵਿਚਾਲੇ ਵਿਵਾਦ ਨੂੰ ਸੁਲਝਾਉਣ ਲਈ ਸੀ.ਆਰ.ਪੀ.ਸੀ. ਦੀ ਧਾਰਾ 145 ਦੀ ਵਰਤੋਂ ਕੀਤੀ ਹੈ। ਪੁਲਿਸ ਦੇ ਦਖਲ ਨਾਲ ਦੋਵਾਂ ਧੜਿਆਂ ਨੇ ਸਮਝੌਤਾ ਕਰ ਲਿਆ ਹੈ। ਜੇਕਰ ਸਰਕਾਰ ਨੇ ਪਹਿਲਾਂ ਅਜਿਹਾ ਕੀਤਾ ਹੁੰਦਾ ਤਾਂ ਪੁਲਿਸ ਮੁਲਾਜ਼ਮ ਦੀ ਜਾਨ ਬਚਾਈ ਜਾ ਸਕਦੀ ਸੀ। ਇਹ ਸਰਕਾਰ ਦੀ ਪੂਰੀ ਤਰ੍ਹਾਂ ਨਾਕਾਮੀ ਹੈ।''

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸੂਬੇ ਨਾਲ ਜੁੜੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਚੋਣਾਂ ਵਾਲੇ ਸੂਬਿਆਂ ਵਿਚ ਵੋਟਰਾਂ ਨੂੰ ਲੁਭਾਉਣ 'ਚ ਰੁੱਝੇ ਰਹੇ ਹਨ। ਉਨ੍ਹਾਂ ਨੇ ਚੋਣਾਂ ਵਾਲੇ ਸੂਬਿਆਂ 'ਚ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਬਾਰੇ ਝੂਠੇ ਦਾਅਵੇ ਕੀਤੇ। ਬਾਜਵਾ ਨੇ ਕਿਹਾ, ''ਅਸਲ 'ਚ ਭਗਵੰਤ ਮਾਨ ਪੰਜਾਬ ਦੇ ਹੁਣ ਤੱਕ ਦੇ ਸਭ ਤੋਂ ਅਯੋਗ ਮੁੱਖ ਮੰਤਰੀ ਹਨ। 'ਆਪ' ਦੇ ਸ਼ਾਸਨ ਕਾਲ 'ਚ ਜੇਕਰ ਪੰਜਾਬ ਪੁਲਿਸ ਆਪਣੀ ਰੱਖਿਆ ਨਹੀਂ ਕਰ ਸਕਦੀ ਤਾਂ ਉਹ ਆਮ ਲੋਕਾਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾ ਸਕਦੀ ਹੈ?''

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਚ ਪੁਲਿਸ ਅੰਮ੍ਰਿਤ ਵੇਲੇ ਜੁੱਤੀਆਂ ਸਣੇ ਦਾਖਲ ਹੋਈ ਤੇ ਉਥੇ ਗੋਲੀਆਂ ਮੁੱਖ ਮੰਤਰੀ ਭਗਵੰਤ ਮਾਨ ਦੇ ਕਹਿਣ 'ਤੇ ਚੱਲੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਗੋਲੀ ਚਲਾਉਣ ਦੇ ਹੁਕਮ ਬਾਬਾ ਬਲਬੀਰ ਸਿੰਘ ਬੁੱਢਾ ਦਲ ਨਾਲ ਆਪਣੇ ਨੇੜਲੇ ਸਬੰਧਾਂ ਕਾਰਨ ਦਿੱਤੇ ਸਨ ਤਾਂ ਜੋ ਦੂਜੇ ਧੜੇ ਦੇ ਨਿਹੰਗ ਸਿੰਘਾਂ ਤੋਂ ਕਬਜ਼ਾ ਲੈ ਕੇ ਬਾਬਾ ਬਲਬੀਰ ਸਿੰਘ ਨੂੰ ਉਥੇ ਬਿਠਾ ਦਿੱਤਾ ਜਾਵੇ। ਸ੍ਰੀ ਮਜੀਠੀਆ ਨੇ ਮੁੱਖ ਮੰਤਰੀ, ਉਨ੍ਹਾਂ ਦੀ ਪਤਨੀ ਅਤੇ ਭੈਣ ਦੀਆਂ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨਾਲ ਨੇੜਲੀ ਸਾਂਝ ਨੂੰ ਸਾਬਤ ਕਰਦਿਆਂ ਦੀਆਂ ਕੁਝ ਵੀਡੀਓਜ ਅਤੇ ਤਸਵੀਰਾਂ ਵੀ ਦਿਖਾਈਆਂ।

## ਅਕਾਲ ਤਖਤ ਦੇ ਜਥੇਦਾਰ ਵੱਲੋਂ ਘਟਨਾ ਦੀ ਜਾਂਚ ਦੇ ਹੁਕਮ

**ਅੰਮ੍ਰਿਤਸਰ:** ਸੁਲਤਾਨਪੁਰ ਲੋਧੀ ਵਿਖੇ ਨਿਹੰਗ ਸਿੰਘ ਜਥੇਬੰਦੀਆਂ ਦੀ ਆਪਸੀ ਟਕਰਾਅ ਦੀ ਵਾਪਰੀ ਘਟਨਾ ਦੇ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਇਸ ਮਸਲੇ ਦੀ ਮੁਕੰਮਲ ਜਾਂਚ ਪੜਤਾਲ ਕਰਕੇ ਰਿਪੋਰਟ ਇਕ ਹਫਤੇ ਅੰਦਰ ਸ੍ਰੀ ਅਕਾਲ ਤਖਤ ਵਿਖੇ ਸੌਂਪੀ ਜਾਵੇ। ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਜਥੇਦਾਰ ਨੇ ਸੁਲਤਾਨਪੁਰ ਲੋਧੀ ਵਿਖੇ ਪਿਛਲੇ ਦਿਨੀਂ ਨਿਹੰਗ ਸਿੰਘ ਜਥੇਬੰਦੀਆਂ ਦੀ ਆਪਸੀ ਟਕਰਾਅ ਦੀ ਵਾਪਰੀ ਘਟਨਾ ਬਹੁਤ ਹੀ ਮੰਦਭਾਗਾ ਕਰਾਰ ਦਿੱਤਾ ਹੈ।

## ਸੁਲਤਾਨਪੁਰ ਲੋਧੀ 'ਚ ਟਕਰਾਅ ਦੀ ਘਟਨਾ ਮੰਦਭਾਗੀ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਯਾਦਗਾਰ ਨਵਾਬ ਕਪੂਰ ਸਿੰਘ ਛਾਉਣੀ ਨਿਹੰਗ ਸਿੰਘਾਂ ਸੁਲਤਾਨਪੁਰ ਲੋਧੀ ਵਿਖੇ ਹੋਏ ਟਕਰਾਅ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਦੇ ਅਸਥਾਨਾਂ ਨਾਲ ਸੰਗਤ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ, ਜਿਥੇ ਟਕਰਾਅ ਵਾਲੀ ਅਤੇ ਤਲਖ਼ ਸਥਿਤੀ ਠੀਕ ਨਹੀਂ ਹੈ। ਉਨ੍ਹਾਂ ਸਬੰਧਤ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਨੂੰ ਮਿਲ-ਬੈਠ ਕੇ ਹੱਲ ਕਰਨ।

## ਬਿਜਲੀ ਸਪਲਾਈ ਦੀ ਗੁਣਵੱਤਾ ਸੁਧਾਰਨ ਲਈ 3816 ਕਰੋੜ ਮਨਜ਼ੂਰ



**ਚੰਡੀਗੜ੍ਹ:** ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਹੈ ਕਿ ਪਾਵਰਕੌਮ ਵੱਲੋਂ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਤਹਿਤ ਸਿਸਟਮ ਵਿਚ ਸੁਧਾਰ ਲਈ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਅਧੀਨ 3816 ਕਰੋੜ ਰੁਪਏ ਦੇ ਕੰਮਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਾਰਜ ਯੋਜਨਾ ਅਨੁਸਾਰ 3816 ਕਰੋੜ ਰੁਪਏ ਦੀ ਕੁੱਲ ਪ੍ਰੋਜੈਕਟ ਦੀ ਰਕਮ ਵਿਚੋਂ 2290 ਕਰੋੜ ਰੁਪਏ ਦੀ ਗਰਾਂਟ ਭਾਰਤ ਸਰਕਾਰ ਵੱਲੋਂ ਬਜਟ ਸਹਾਇਤਾ ਵਜੋਂ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਸਕੀਮ ਨੂੰ ਲਾਗੂ ਕਰਨ ਲਈ ਕਾਰਜ ਯੋਜਨਾ ਨੂੰ ਸੂਬੇ ਦੇ ਮੰਤਰੀ ਮੰਡਲ ਅਤੇ ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ।

# ਭਗਵੰਤ ਮਾਨ ਦੇ ਪਿੰਡ ਵੱਲ ਜਾਂਦੇ ਬੇਰੁਜ਼ਗਾਰ ਅਧਿਆਪਕਾਂ ਉਤੇ ਲਾਠੀਚਾਰਜ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ ਵਿਚ ਰੋਸ ਮਾਰਚ ਕਰਨ ਜਾ ਰਹੇ ਈ.ਟੀ.ਟੀ/ਟੈੱਟ ਪਾਸ ਬੇਰੁਜ਼ਗਾਰ 5994 ਅਧਿਆਪਕਾਂ ਤੇ ਪੁਲਿਸ ਵਿਚਾਲੇ ਪਿੰਡ ਤੋਲਾਵਾਲ ਵਿਚ ਝੜਪ ਹੋ ਗਈ। ਪੁਲਿਸ ਨੇ ਬੇਰੁਜ਼ਗਾਰ ਅਧਿਆਪਕ ਮੁੰਡੇ-ਕੁੜੀਆਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਥਾਣਾ ਚੀਮਾ ਲੈ ਗਈ। ਬੇਰੁਜ਼ਗਾਰ ਅਧਿਆਪਕਾਂ ਨੇ ਪੁਲਿਸ ਉਪਰ ਅੰਨ੍ਹੇਵਾਹ ਲਾਠੀਚਾਰਜ ਕਰਨ ਅਤੇ ਅਪਸ਼ਬਦ ਬੋਲਣ ਦਾ ਦੋਸ਼ ਲਾਇਆ ਹੈ। ਪ੍ਰਦਰਸ਼ਨਕਾਰੀਆਂ ਨੇ ਆਪਣੇ ਸਰੀਰ ਉਪਰ ਪੁਲਿਸ ਦੀਆਂ ਡਾਂਗਾਂ ਦੇ ਨਿਸ਼ਾਨ ਵੀ ਵਿਖਾਏ ਹਨ।



ਅਧਿਆਪਕ ਯੂਨੀਅਨ ਦੇ ਸੂਬਾ ਆਗੂ ਬਲਿਹਾਰ ਸਿੰਘ ਬੱਲੀ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਦੇ ਪਿੰਡ ਸਤੌਜ ਵੱਲ ਰੋਸ ਮਾਰਚ ਸ਼ੁਰੂ ਕੀਤਾ ਗਿਆ ਤਾਂ ਪੁਲਿਸ ਨੇ ਨਾਕਾਬੰਦੀ ਕਰ ਕੇ ਉਨ੍ਹਾਂ ਨੂੰ ਪਿੰਡ ਤੋਲਾਵਾਲ ਕੋਲ ਹੀ ਰੋਕ ਲਿਆ ਅਤੇ ਉਨ੍ਹਾਂ ਉਪਰ ਲਾਠੀਚਾਰਜ ਕਰ ਦਿੱਤਾ। ਪ੍ਰਦਰਸ਼ਨਕਾਰੀ ਪੁਲਿਸ ਲਾਠੀਚਾਰਜ ਤੋਂ ਬਚਣ ਲਈ ਖੇਤਾਂ ਵੱਲ ਦੌੜੇ ਪਰ ਪੁਲਿਸ ਨੇ ਖੇਤਾਂ ਵਿਚ ਭਜਾ-ਭਜਾ ਕੇ ਕੁੱਟਿਆ, ਜਿਸ ਦੌਰਾਨ ਕਈ ਅਧਿਆਪਕ ਜ਼ਖ਼ਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਉਸ ਨੂੰ ਹਿਰਾਸਤ ਵਿਚ ਲੈ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ ਅਤੇ ਗਾਲ੍ਹਾਂ ਕੱਢੀਆਂ ਗਈਆਂ। ਉਨ੍ਹਾਂ ਕਿਹਾ ਕਿ 9 ਮਹੀਨੇ ਪਹਿਲਾਂ ਬਤੌਰ ਪ੍ਰਾਇਮਰੀ ਅਧਿਆਪਕ ਚੁਣੇ ਗਏ ਉਮੀਦਵਾਰਾਂ ਨੂੰ ਜੁਆਇਨਿੰਗ ਲੈਣ ਲਈ ਸੜਕਾਂ ਉਪਰ ਰੁਲਣਾ ਪੈ ਰਿਹਾ ਹੈ। ਡੀ.ਐਸ.ਪੀ. ਸੁਨਾਮ ਭਰਭੂਰ ਸਿੰਘ ਨੇ ਪੁਲਿਸ ਲਾਠੀਚਾਰਜ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪੁਲਿਸ ਨੇ ਅਧਿਆਪਕਾਂ ਨੂੰ ਹਿਰਾਸਤ ਵਿਚ ਲਿਆ ਸੀ ਅਤੇ ਬਾਅਦ ਵਿਚ ਛੱਡ ਦਿੱਤਾ ਗਿਆ।

# ਬਕਾਇਆ ਬਿੱਲ: ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਭਗਵੰਤ ਮਾਨ ਵੱਲੋਂ ਰਾਜਪਾਲ ਨੂੰ ਚਿੱਠੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੁਪਰੀਮ ਕੋਰਟ ਵੱਲੋਂ 10 ਨਵੰਬਰ ਨੂੰ ਸੁਣਾਏ ਫੈਸਲੇ ਦੇ ਹਵਾਲੇ ਨਾਲ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਬਕਾਇਆ ਪਏ ਬਿੱਲਾਂ ਦਾ ਨਿਬੇੜਾ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਨੇ ਪੱਤਰ ਲਿਖ ਕਿ ਰਾਜਪਾਲ ਨੂੰ ਕਿਹਾ ਹੈ ਕਿ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ 19-20 ਜੂਨ ਅਤੇ 20 ਅਕਤੂਬਰ ਨੂੰ ਵਿਧਾਨ ਸਭਾ ਦੀਆਂ ਹੋਈਆਂ ਬੈਠਕਾਂ ਨੂੰ ਵੈਧ ਕਰਾਰ ਦਿੱਤਾ ਹੈ।

ਮੁੱਖ ਮੰਤਰੀ ਨੇ ਪੱਤਰ ਵਿਚ ਲਿਖਿਆ ਹੈ ਕਿ ਰਾਜਪਾਲ ਵੱਲੋਂ ਪਹਿਲਾਂ ਪੱਤਰ ਭੇਜ ਕੇ ਵਿਧਾਨ ਸਭਾ ਦੀਆਂ ਵਿਸ਼ੇਸ਼ ਬੈਠਕਾਂ ਦੀ ਵੈਧਤਾ 'ਤੇ ਸਵਾਲ ਖੜ੍ਹੇ ਕੀਤੇ ਗਏ ਸਨ। ਇਹ ਬੈਠਕਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਸੱਦੀਆਂ ਗਈਆਂ ਸਨ। ਬਜਟ ਇਜਲਾਸ ਦੀਆਂ ਇਨ੍ਹਾਂ ਵਿਸ਼ੇਸ਼ ਬੈਠਕਾਂ ਦੌਰਾਨ ਚਾਰ ਅਹਿਮ ਬਿੱਲ ਪਾਸ ਕੀਤੇ ਗਏ ਸਨ ਜੋ ਕਿ ਰਾਜਪਾਲ ਕੋਲ ਪ੍ਰਵਾਨਗੀ ਲਈ ਪੈਂਡਿੰਗ ਪਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਆਪਣੇ ਸੰਵਿਧਾਨਕ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਇਨ੍ਹਾਂ ਬਿੱਲਾਂ ਦਾ ਨਿਬੇੜਾ ਕਰਨ। ਰਾਜਪਾਲ ਕੋਲ ਪੈਂਡਿੰਗ ਪਏ ਪੰਜ ਬਿੱਲਾਂ ਵਿਚ 'ਸਿੱਖ ਗੁਰਦੁਆਰਾ (ਸੋਧ) ਬਿੱਲ 2023', 'ਪੰਜਾਬ ਯੂਨੀਵਰਸਿਟੀਜ਼ ਲਾਅਜ (ਸੋਧ) ਬਿੱਲ 2023', 'ਪੰਜਾਬ ਪੁਲਿਸ (ਸੋਧ) ਬਿੱਲ 2023','ਪੰਜਾਬ ਐਫੀਲੀਏਟਿਡ ਕਾਲਜਿਜ਼ (ਸੋਧ) ਬਿੱਲ 2023' ਅਤੇ 'ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰੀਪੀਲ) ਬਿੱਲ 2022' ਸ਼ਾਮਲ ਹਨ। ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ ਵਾਲਾ ਬਿੱਲ ਸਾਲ 2022 ਦਾ ਹੈ ਜਦੋਂ ਕਿ ਬਾਕੀ ਚਾਰ ਬਿੱਲ 2023 ਦੇ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ 10 ਨਵੰਬਰ ਨੂੰ ਸੁਣਾਏ ਆਪਣੇ ਫੈਸਲੇ ਵਿਚ ਰਾਜਪਾਲ ਨੂੰ ਸਪਸ਼ਟ ਲਫ਼ਜ਼ਾਂ ਵਿਚ ਬਕਾਇਆ ਪਏ ਬਿੱਲਾਂ ਦਾ ਨਿਬੇੜਾ ਕਰਨ ਦੇ ਆਦੇਸ਼ ਦਿੱਤੇ ਹਨ। ਪੰਜਾਬ ਸਰਕਾਰ ਦੀ ਮਨਸ਼ਾ ਹੈ ਕਿ ਜੇਕਰ ਰਾਜਪਾਲ ਇਨ੍ਹਾਂ ਬਿੱਲਾਂ ਨੂੰ ਮੁੜ ਪੰਜਾਬ ਸਰਕਾਰ ਨੂੰ ਵਾਪਸ ਭੇਜ ਦਿੰਦੇ ਹਨ ਤਾਂ ਉਹ 28 ਨਵੰਬਰ ਨੂੰ ਸ਼ੁਰੂ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਵਿਚ ਇਨ੍ਹਾਂ ਨੂੰ ਮੁੜ ਤੋਂ ਪਾਸ ਕਰ ਦੇਣਗੇ। ਮੁੱਖ ਮੰਤਰੀ ਨੇ ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਰਾਜਪਾਲ ਇਨ੍ਹਾਂ ਬਕਾਇਆ ਪਏ ਬਿੱਲਾਂ ਨੂੰ ਜਲਦੀ ਮਨਜ਼ੂਰੀ ਦੇਣਗੇ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਰਾਜਪਾਲ ਨੂੰ ਆਪਣੇ ਸੰਵਿਧਾਨਕ ਅਤੇ ਵਿਧਾਨਕ ਫਰਜ਼ ਨਿਭਾਉਣੇ ਚਾਹੀਦੇ ਹਨ ਤਾਂ ਜੋ ਸੂਬਾ ਸਰਕਾਰ ਸੁਚਾਰੂ ਤਰੀਕੇ ਨਾਲ ਕੰਮ ਕਰ ਸਕੇ।



## ਬਿੱਲਾਂ ਬਾਰੇ ਜਲਦੀ ਢੁਕਵਾਂ ਫੈਸਲਾ ਲਵਾਂਗਾ: ਰਾਜਪਾਲ

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਵੱਲੋਂ ਭੇਜੇ ਗਏ ਪੱਤਰ ਦੇ ਜਵਾਬ ਵਿਚ ਕਿਹਾ ਹੈ ਕਿ ਉਨ੍ਹਾਂ ਕੋਲ ਜਿਹੜੇ ਪੰਜ ਬਿੱਲ ਬਕਾਇਆ ਪਏ ਹਨ, ਉਨ੍ਹਾਂ ਬਾਰੇ ਸੁਪਰੀਮ ਕੋਰਟ ਦੇ 10 ਨਵੰਬਰ ਦੇ ਫੈਸਲੇ ਦੀ ਰੋਸ਼ਨੀ ਵਿਚ ਤੇ ਕਾਨੂੰਨ ਅਨੁਸਾਰ ਜਲਦੀ ਹੀ ਢੁਕਵਾਂ ਫੈਸਲਾ ਲਿਆ ਜਾਵੇਗਾ। ਰਾਜਪਾਲ ਨੇ ਖੁਸ਼ੀ ਜ਼ਾਹਿਰ ਕੀਤੀ ਕਿ ਸੂਬਾ ਸਰਕਾਰ ਪਿਛਲਾ ਬਜਟ ਸੈਸ਼ਨ ਮੁਲਤਵੀ ਕਰਨ ਮਗਰੋਂ ਸਰਦ ਰੁੱਤ ਇਜਲਾਸ ਕਰ ਰਹੀ ਹੈ। ਉਹ ਤਾਂ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਅਨੁਸਾਰ ਪਹਿਲਾਂ ਹੀ ਅਜਿਹਾ ਮਸ਼ਵਰਾ ਸੂਬਾ ਸਰਕਾਰ ਨੂੰ ਦੇ ਰਹੇ ਸਨ।

## ਰਾਜਪਾਲ ਸੁਪਰੀਮ ਕੋਰਟ ਦਾ ਫੈਸਲਾ ਪੜ੍ਹਨ: ਆਪ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਰਾਜਪਾਲਾਂ ਨੂੰ ਬਿਨਾਂ ਕਿਸੇ ਕਾਰਵਾਈ ਦੇ ਬਿੱਲ ਅਣਮਿੱਥੇ ਸਮੇਂ ਲਈ ਰੋਕੇ ਜਾਣ ਖ਼ਿਲਾਫ਼ ਫੈਸਲਾ ਸੁਣਾਏ ਜਾਣ 'ਤੇ 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ ਹੈ ਕਿ ਪੰਜਾਬ ਦੇ ਰਾਜਪਾਲ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ (ਐਲ.ਜੀ.) ਨੂੰ ਸੁਪਰੀਮ ਕੋਰਟ ਦਾ ਇਹ ਫੈਸਲਾ ਪੜ੍ਹਨ ਦੀ ਲੋੜ ਹੈ ਜਿਸ ਨੇ ਸਪੱਸ਼ਟ ਕੀਤਾ ਹੈ ਕਿ ਰਾਜਾਂ ਦੇ ਅਣਚੁਣੇ ਹੋਏ ਮੁਖੀ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਨਹੀਂ ਕਰ ਸਕਦੇ ਹਨ। ਚੱਢਾ ਨੇ ਐਕਸ 'ਤੇ ਕਿਹਾ ਕਿ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਰਾਜਪਾਲ ਖ਼ਿਲਾਫ਼ ਪਾਈ ਗਈ ਪਟੀਸ਼ਨ 'ਤੇ ਫੈਸਲਾ ਸੁਣਾਇਆ ਹੈ। 'ਫੈਸਲੇ ਤੋਂ ਸਪੱਸ਼ਟ ਹੈ ਕਿ ਰਾਜਪਾਲ ਸੂਬਿਆਂ ਦੇ ਅਣਚੁਣੇ ਹੋਏ ਮੁਖੀ ਹੁੰਦੇ ਹਨ ਅਤੇ ਉਹ ਵਿਧਾਨ ਸਭਾਵਾਂ ਦੇ ਕੰਮਕਾਰ 'ਚ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਨਹੀਂ ਕਰ ਸਕਦੇ ਹਨ।'

# ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਬਹਾਲੀ ਪੰਜਾਬ ਲਈ ਵੱਡੀ ਰਾਹਤ



**ਚੰਡੀਗੜ੍ਹ:** ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਇਲੈਕਟ੍ਰਾਨਿਕ ਵੀਜ਼ਾ ਸੇਵਾਵਾਂ ਤਕਰੀਬਨ ਦੋ ਮਹੀਨਿਆਂ ਮਗਰੋਂ ਬਹਾਲ ਕਰ ਦਿੱਤੀਆਂ ਹਨ। ਭਾਰਤ ਦੁਆਰਾ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ੇ ਦੇਣੇ ਸ਼ੁਰੂ ਕਰਨ ਨਾਲ ਪੰਜਾਬ ਵਿਚ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ। ਕੈਨੇਡਾ ਵਿਚ ਲਗਭਗ 14 ਲੱਖ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਵਿਚੋਂ ਅੱਧੇ ਤੋਂ ਜ਼ਿਆਦਾ ਪੰਜਾਬੀ ਹਨ।

ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਵਿਚ ਹੋਈ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਏਜੰਟਾਂ ਦੀ ਇਸ ਵਿਚ ਸ਼ਮੂਲੀਅਤ ਦੇ ਦੋਸ਼ ਲਗਾਏ ਸਨ। ਟਰੂਡੋ ਨੇ ਇਸ ਦੇ ਕੋਈ ਸਬੂਤ ਪੇਸ਼ ਨਹੀਂ ਕੀਤੇ ਸਨ ਅਤੇ ਭਾਰਤੀ ਹਾਈ ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ।

ਭਾਰਤ ਨੇ ਵੀ ਨਵੀਂ ਦਿੱਲੀ ਵਿਚ ਕੈਨੇਡੀਅਨ ਹਾਈ ਕਮਿਸ਼ਨ ਦੇ ਇਕ ਅਧਿਕਾਰੀ ਵਿਰੁੱਧ ਅਜਿਹੀ ਹੀ ਜਵਾਬੀ ਕਾਰਵਾਈ ਕੀਤੀ ਸੀ। ਤਣਾਅ ਉਦੋਂ ਜ਼ਿਆਦਾ ਵਧ ਗਿਆ ਸੀ ਜਦੋਂ ਭਾਰਤ ਨੇ ਕੈਨੇਡਾ ਨੂੰ ਆਪਣਾ ਸਫ਼ਾਰਤੀ ਅਮਲਾ ਘਟਾਉਣ ਲਈ ਕਿਹਾ ਅਤੇ ਕੈਨੇਡਾ ਨੇ ਲਗਭਗ 41 ਸਫ਼ਾਰਤੀ ਅਧਿਕਾਰੀ ਵਾਪਸ ਬੁਲਾ ਲਏ। ਭਾਰਤ ਨੇ ਕੈਨੇਡੀਅਨ ਨਾਗਰਿਕਾਂ ਨੂੰ 21 ਸਤੰਬਰ ਤੋਂ ਵੀਜ਼ਾ ਦੇਣਾ ਬੰਦ ਕਰ ਦਿੱਤਾ ਸੀ। ਪਿਛਲੇ ਮਹੀਨੇ ਵਪਾਰ, ਕਾਰੋਬਾਰ, ਮੈਡੀਕਲ, ਕਾਨਫਰੰਸਾਂ ਆਦਿ ਨਾਲ ਸਬੰਧਿਤ ਵੀਜ਼ਾ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਸਨ ਪਰ ਆਮ ਵਰਤੇ ਜਾਣ ਵਾਲੇ ਵੀਜ਼ੇ ਦੀ ਸੇਵਾ ਬਹਾਲ ਨਹੀਂ ਸੀ ਹੋਈ।

ਭਾਰਤ ਦੁਆਰਾ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ੇ ਦੇਣੇ ਸ਼ੁਰੂ ਕਰਨ ਨਾਲ ਪੰਜਾਬ ਵਿਚ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ। ਕੈਨੇਡੀਅਨ ਨਾਗਰਿਕ ਬਣ ਚੁੱਕੇ ਪੰਜਾਬੀਆਂ ਦਾ ਪੰਜਾਬ ਨਾਲ ਡੂੰਘਾ ਰਿਸ਼ਤਾ ਹੈ। ਉਨ੍ਹਾਂ ਵਿਚੋਂ ਬਹੁਤੇ ਆਪਣੇ ਧੀਆਂ-ਪੁੱਤਰਾਂ ਦੇ ਵਿਆਹ ਪੰਜਾਬ ਵਿਚ ਹੀ ਕਰਦੇ ਹਨ ਅਤੇ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਦੇ ਵਿਆਹਾਂ ਅਤੇ ਸੁੱਖ-ਦੁੱਖ ਦੇ ਹੋਰ ਮੌਕਿਆਂ 'ਤੇ ਵੀ ਪੰਜਾਬ ਆਉਣਾ ਹੁੰਦਾ ਹੈ। ਵੀਜ਼ਿਆਂ 'ਤੇ ਲੱਗੀ ਰੋਕ ਨੇ ਉਨ੍ਹਾਂ ਦੇ ਮਨਾਂ ਵਿਚ ਵੱਡੇ ਤੌਖਲੇ ਪੈਦਾ ਕਰ ਦਿੱਤੇ ਸਨ। ਕੈਨੇਡਾ ਜਾ ਕੇ ਉੱਥੋਂ ਦੇ ਨਾਗਰਿਕ ਬਣੇ ਪੰਜਾਬੀਆਂ ਨੇ ਸਿਆਸੀ, ਸਮਾਜਿਕ, ਵਪਾਰਕ, ਵਿਦਿਅਕ ਤੇ ਹੋਰ ਖੇਤਰਾਂ ਵਿਚ ਵੱਡੀਆਂ ਮੱਲਾਂ ਮਾਰੀਆਂ ਅਤੇ ਦੇਸ਼ ਤੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ।

## ਮਲੇਸ਼ੀਆ ਦੀ ਸੈਰ ਵਾਲਿਆਂ ਨੂੰ ਵੀਜ਼ੇ ਦੀ ਲੋੜ ਨਹੀਂ

**ਕੁਆਲਾਲੰਪੁਰ:** ਮਲੇਸ਼ੀਆ ਪਹਿਲੀ ਦਸੰਬਰ ਤੋਂ ਭਾਰਤੀ ਅਤੇ ਚੀਨੀ ਨਾਗਰਿਕਾਂ ਲਈ 30 ਦਿਨਾਂ ਦੀ ਵੀਜ਼ਾ-ਮੁਕਤ ਦਾਖਲਾ ਪ੍ਰਦਾਨ ਕਰੇਗਾ। ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਨੇ ਹਾਲ ਹੀ ਦੇ ਹਫਤਿਆਂ ਵਿਚ ਥਾਈਲੈਂਡ ਅਤੇ ਸ੍ਰੀਲੰਕਾ ਵੱਲੋਂ ਅਜਿਹੀ ਸਹੂਲਤ ਦੇਣ ਤੋਂ ਬਾਅਦ ਇਹ ਐਲਾਨ ਕੀਤਾ, ਤਾਂ ਜੋ ਦੇਸ਼ ਵਿਚ ਸੈਰ ਸਪਾਟਾ ਸਨਅਤ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਮਲੇਸ਼ੀਆ ਦੀ ਆਰਥਿਕਤਾ ਵਿਚ ਭਾਰਤੀ ਸੈਲਾਨੀਆਂ ਦਾ ਯੋਗਦਾਨ ਕਾਫੀ ਹੈ। ਸਾਲ 2022 ਵਿਚ ਮਲੇਸ਼ੀਆ ਨੇ ਕੁੱਲ 324,548 ਭਾਰਤੀ ਸੈਲਾਨੀਆਂ ਦਾ ਸਵਾਗਤ ਕੀਤਾ, ਜਦੋਂ ਕਿ 2023 ਦੀ ਪਹਿਲੀ ਤਿਮਾਹੀ ਵਿਚ ਮਲੇਸ਼ੀਆ ਵਿਚ 164,566 ਭਾਰਤੀ ਸੈਲਾਨੀ ਆਏ।

## ਅਫ਼ਗਾਨਿਸਤਾਨ ਦਾ ਭਾਰਤ ਵਿਚਲਾ ਸਫ਼ਾਰਤਖਾਨਾ ਬੰਦ

**ਨਵੀਂ ਦਿੱਲੀ:** ਭਾਰਤ ਵਿਚ ਅਫ਼ਗਾਨਿਸਤਾਨ ਦੇ ਸਫ਼ਾਰਤਖ਼ਾਨੇ ਨੇ 'ਭਾਰਤ ਸਰਕਾਰ ਵੱਲੋਂ ਪੇਸ਼ ਕੀਤੀਆਂ ਚੁਣੌਤੀਆਂ' ਦਾ ਹਵਾਲਾ ਦਿੰਦੇ ਹੋਏ ਆਪਣੇ ਕੰਮਕਾਜ ਨੂੰ ਪੱਕੇ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਹੈ। ਅਫ਼ਗਾਨਿਸਤਾਨ ਦੇ ਦੂਤਘਰ ਨੇ 30 ਸਤੰਬਰ ਨੂੰ ਐਲਾਨ ਕੀਤਾ ਸੀ ਕਿ ਉਹ ਪਹਿਲੀ ਅਕਤੂਬਰ ਤੋਂ ਬੰਦ ਰਹੇਗਾ। ਉਸ ਸਮੇਂ ਮਿਸ਼ਨ ਨੇ ਕਿਹਾ ਸੀ ਕਿ ਭਾਰਤ ਸਰਕਾਰ ਵੱਲੋਂ ਸਮਰਥਨ ਨਾ ਮਿਲਣ, ਅਫ਼ਗਾਨਿਸਤਾਨ ਦੇ ਹਿੱਤਾਂ ਨੂੰ ਪੂਰਾ ਨਾ ਕਰਨ ਅਤੇ ਕਰਮਚਾਰੀਆਂ ਅਤੇ ਸਾਧਨਾਂ ਦੀ ਕਮੀ ਕਾਰਨ ਇਹ ਕਦਮ ਚੁੱਕਿਆ ਗਿਆ ਹੈ।

## ਆਇਰਲੈਂਡ ਦੇ ਲੇਖਕ ਪੌਲ ਲਿੰਚ ਨੂੰ ਮਿਲਿਆ ਬੁਕਰ ਪੁਰਸਕਾਰ

**ਲੰਡਨ:** ਆਇਰਲੈਂਡ ਦੇ ਲੇਖਕ ਪੌਲ ਲਿੰਚ ਨੂੰ ਲੰਡਨ ਵਿਚ ਹੋਏ ਸਮਾਗਮ ਵਿਚ ਉਨ੍ਹਾਂ ਦੇ ਨਾਵਲ 'ਪ੍ਰੌਫਿਟ ਸੌਂਗ' ਲਈ ਬੁਕਰ ਪੁਰਸਕਾਰ 2023 ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਲਈ ਭਾਰਤੀ ਮੂਲ ਦੀ ਲੇਖਕਾ ਚੇਤਨਾ ਮਾਰੂ ਦਾ ਪਹਿਲਾ ਨਾਵਲ 'ਵੈਸਟਰਨ ਲੇਨ' ਵੀ ਦੌੜ ਵਿਚ ਸੀ। ਲਿੰਚ (46) ਨੇ ਆਪਣੇ ਨਾਵਲ ਵਿਚ ਤਾਨਾਸ਼ਾਹੀ ਦੀ ਪਕੜ ਵਿਚ ਆਇਰਲੈਂਡ ਦੀ ਤਸਵੀਰ ਪੇਸ਼ ਕੀਤੀ ਹੈ। ਇਹ ਨਾਵਲ ਪਰਿਵਾਰ ਦੀ ਕਹਾਣੀ ਦੱਸਦਾ ਹੈ ਜੋ ਭਿਆਨਕ ਨਵੀਂ ਦੁਨੀਆ ਨਾਲ ਜੂਝ ਰਿਹਾ ਹੈ ਜਿਸ ਵਿਚ ਲੋਕਤੰਤਰੀ ਮਾਪਦੰਡ ਲੋਪ ਹੋਣੇ ਸ਼ੁਰੂ ਹੋ ਜਾਂਦੇ ਹਨ। ਲਿੰਚ ਨੇ 50 ਹਜ਼ਾਰ ਪੌਂਡ ਦਾ ਵੱਕਾਰੀ ਇਨਾਮ ਜਿੱਤਣ ਬਾਅਦ ਕਿਹਾ, "ਮੈਂ ਅੱਜ ਹੋ ਰਹੀ ਬਦਅਮਨੀ ਨੂੰ ਦੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਪੱਛਮੀ ਲੋਕਤੰਤਰਾਂ ਵਿਚ ਅਸ਼ਾਂਤੀ ਦੇਖਣ ਦੀ ਕੋਸ਼ਿਸ਼ ਕੀਤੀ। ਸੀਰੀਆ ਦੀ ਸਮੱਸਿਆ, ਸ਼ਰਨਾਰਥੀ ਸੰਕਟ ਦਾ ਪੈਮਾਨਾ ਅਤੇ ਪੱਛਮ ਦੀ ਉਦਾਸੀਨਤਾ।' ਲਿੰਚ ਇਹ ਪੁਰਸਕਾਰ ਜਿੱਤਣ ਵਾਲੇ ਪੰਜਵੇਂ ਆਇਰਿਸ਼ ਲੇਖਕ ਬਣ ਗਏ ਹਨ।

# ਤਿਰੂਵਨੰਤਪੁਰਮ ਹਵਾਈ ਅੱਡੇ ਤੋਂ ਪਹਿਲੀ ਆਨਲਾਈਨ ਸਾਮਾਨ ਬੁਕਿੰਗ ਸ਼ੁਰੂ

**ਤਿਰੂਵਨੰਤਪੁਰਮ:** ਆਨਲਾਈਨ ਸਾਮਾਨ ਡਿਲਿਵਰੀ ਪਲੇਟਫਾਰਮ 'ਫਲਾਈ ਮਾਈ ਲਗੇਜ' ਦੇ ਆਉਣ ਨਾਲ ਵਾਧੂ ਸਾਮਾਨ ਦੇ ਨਾਲ ਹਵਾਈ ਯਾਤਰਾ ਕਰਨਾ ਜਲਦੀ ਹੀ ਘੱਟ ਮੁਸ਼ਕਲਾਂ ਵਾਲਾ ਹੋ ਸਕਦਾ ਹੈ। ਦਿੱਲੀ ਦੀ ਸਟਾਰਟਅੱਪ ਕੰਪਨੀ, ਜੋ ਭਾਰਤ ਵਿਚ ਆਪਣੀ ਕਿਸਮ ਦੀ ਪਹਿਲੀ ਕੰਪਨੀ ਹੋਣ ਦਾ ਦਾਅਵਾ ਕਰਦੀ ਹੈ, ਨੇ ਇੱਥੇ ਤਿਰੂਵਨੰਤਪੁਰਮ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਕੰਮ ਸ਼ੁਰੂ ਕਰ ਦਿੱਤਾ ਹੈ।



ਤਿਰੂਵਨੰਤਪੁਰਮ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ (ਟੀ.ਆਈ.ਏ.ਐਲ.) ਦੀ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਕੰਪਨੀ ਘੱਟ ਲਾਗਤ ਅਤੇ ਸਮਾਂ-ਸੀਮਾ ਉਤੇ ਭਾਰਤ ਦੇ ਅੰਦਰ ਅਤੇ ਬਾਹਰ ਦੱਸੇ ਗਏ ਪਤੇ ਤੱਕ ਵਾਧੂ ਸਾਮਾਨ ਦੀ ਡਿਲਿਵਰੀ ਦੀ ਸਹੂਲਤ ਦੇਣ ਦਾ ਦਾਅਵਾ ਕਰਦੀ ਹੈ। ਰਿਲੀਜ਼ 'ਚ ਕਿਹਾ ਗਿਆ ਹੈ ਕਿ ਏਅਰਲਾਈਨ ਕੰਪਨੀਆਂ 'ਤੇ ਸਾਮਾਨ ਦੇ ਭਾਰ, ਸਾਮਾਨ ਦੇ ਹਿੱਸੇ ਵਜੋਂ ਲਿਜਾਈਆਂ ਜਾ ਸਕਣ ਵਾਲੀਆਂ ਵਸਤੂਆਂ ਅਤੇ ਪਾਲਤੂ ਜਾਨਵਰਾਂ ਨੂੰ ਲਿਜਾਣ 'ਤੇ ਪਾਬੰਦੀਆਂ ਹਨ, ਪਰ ਇਸ ਨਵੇਂ ਪਲੇਟਫਾਰਮ 'ਚ ਅਜਿਹੀ ਕੋਈ ਪਾਬੰਦੀ ਨਹੀਂ ਹੈ। ਇੱਥੋਂ ਤੱਕ ਕਿ ਕੰਪਨੀ ਦੀ ਵੈੱਬਸਾਈਟ ਦਾ ਦਾਅਵਾ ਹੈ ਕਿ ਉਹ ਇਕ ਤੋਂ 500 ਕਿਲੋ ਤੱਕ ਦਾ ਕੋਈ ਵੀ ਵਾਧੂ ਸਾਮਾਨ ਚੁੱਕ ਸਕਦੀ ਹੈ ਅਤੇ ਬਿੱਲੀਆਂ ਅਤੇ ਕਤੂਰੇ ਵਰਗੇ ਪਾਲਤੂ ਜਾਨਵਰਾਂ ਨੂੰ ਵੀ ਲਿਜਾ ਸਕਦੀ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਯਾਤਰੀ ਦੁਆਰਾ ਦੱਸੇ ਗਏ ਪਤੇ ਉਤੇ ਪਹੁੰਚਾ ਸਕਦੀ ਹੈ।

'ਫਲਾਈ ਮਾਈ ਲਗੇਜ' ਵੱਲੋਂ ਘਰੇਲੂ ਅਤੇ ਅੰਤਰਰਾਸ਼ਟਰੀ ਦੋਵਾਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹੈ। ਯਾਤਰੀ ਵੱਖ-ਵੱਖ ਪੱਧਰ ਦੇ ਪੈਕੇਜਾਂ ਵਿਚੋਂ ਚੋਣ ਕਰ ਸਕਦੇ ਹਨ ਅਤੇ ਬੁਕਿੰਗ ਆਨਲਾਈਨ ਕੀਤੀ ਜਾ ਸਕਦੀ ਹੈ। ਬੁਕਿੰਗ ਪੁਆਇੰਟਾਂ ਤੋਂ ਸਾਮਾਨ ਚੁੱਕਣ ਅਤੇ ਦੱਸੇ ਗਏ ਪਤੇ ਪਹੁੰਚਾਉਣ ਦੀ ਸਹੂਲਤ ਵੀ ਹੈ। ਅਜੇ ਇਹ ਸੇਵਾ ਸਿਰਫ ਕੇਰਲ ਦੇ ਤਿਰੂਵਨੰਤਪੁਰਮ ਹਵਾਈ ਅੱਡੇ 'ਤੇ ਉਪਲਬਧ ਹੈ।

# ਨਿੱਝਰ ਮਾਮਲਾ: ਜਾਂਚ ਬਿਨਾਂ ਹੀ ਭਾਰਤ ਨੂੰ ਦੋਸ਼ੀ ਠਹਿਰਾਉਣ ਦੇ ਦੋਸ਼

**ਓਟਾਵਾ:** ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਇਸ ਗੱਲ ਉਤੇ ਇਤਰਾਜ਼ ਜਤਾਇਆ ਹੈ ਕਿ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਪੂਰੀ ਤਰ੍ਹਾਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਭਾਰਤ ਨੂੰ 'ਦੋਸ਼ੀ' ਠਹਿਰਾ ਦਿੱਤਾ ਗਿਆ। ਕੈਨੇਡਾ ਨੂੰ ਹੱਤਿਆ ਦੇ ਇਸ ਮਾਮਲੇ ਵਿਚ ਸਬੂਤ ਦੇਣ ਦੀ ਬੇਨਤੀ ਕਰਦਿਆਂ ਭਾਰਤੀ ਰਾਜਦੂਤ ਨੇ ਆਪਣਾ ਰੁਖ ਦੁਹਰਾਉਂਦਿਆਂ ਕਿਹਾ ਕਿ ਨਵੀਂ ਦਿੱਲੀ ਜਸਟਿਨ ਟਰੂਡੋ ਦੇ ਦੋਸ਼ਾਂ ਨਾਲ ਸਬੰਧਤ 'ਕਿਸੇ ਵੀ ਵਿਸ਼ੇਸ਼ ਤੇ ਢੁਕਵੀਂ ਜਾਣਕਾਰੀ' ਉਤੇ ਜ਼ਰੂਰ ਗੌਰ ਕਰੇਗਾ', ਜਿਸ ਦੇ ਅਧਾਰ ਉਤੇ ਕੈਨੇਡਾ ਨੇ ਦਾਅਵੇ ਕੀਤੇ ਹਨ।



'ਸੀ.ਟੀ.ਵੀ' ਨਿਊਜ਼ ਚੈਨਲ ਨਾਲ ਹੋਈ ਇਕ ਇੰਟਰਵਿਊ ਵਿਚ ਭਾਰਤੀ ਹਾਈ ਕਮਿਸ਼ਨਰ ਨੂੰ ਨਿੱਝਰ ਦੀ ਹੱਤਿਆ 'ਚ ਭਾਰਤ ਸਰਕਾਰ ਦੀ ਸੰਭਾਵੀ ਸ਼ਮੂਲੀਅਤ ਬਾਰੇ ਸਵਾਲ ਪੁੱਛੇ ਗਏ ਸਨ ਜਿਸ ਦੇ ਦੋਸ਼ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲਾਏ ਸਨ। ਇਸ ਦਾ ਜਵਾਬ ਦਿੰਦਿਆਂ ਵਰਮਾ ਨੇ ਕਿਹਾ, 'ਦੋ ਨੁਕਤੇ ਹਨ- ਪਹਿਲੀ ਗੱਲ ਤਾਂ ਇਹ ਹੈ ਕਿ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਭਾਰਤ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ। ਕੀ ਇਸੇ ਨੂੰ ਕਾਨੂੰਨ ਦਾ ਰਾਜ ਕਹਿੰਦੇ ਹਨ?' ਹਾਈ ਕਮਿਸ਼ਨਰ ਨੇ ਕਿਹਾ, 'ਕਿਉਂਕਿ ਭਾਰਤ ਨੂੰ ਸਹਿਯੋਗ ਕਰਨ ਲਈ ਕਿਹਾ ਗਿਆ ਸੀ, ਤੇ ਜੇਕਰ ਤੁਸੀਂ ਅਪਰਾਧਕ ਮਾਮਲਿਆਂ ਵਿਚ ਹੁੰਦੀ ਕਾਰਵਾਈ ਨੂੰ ਦੇਖੋ ਤਾਂ ਜਦ ਕਿਸੇ ਨੂੰ ਸਹਿਯੋਗ ਕਰਨ ਲਈ ਕਿਹਾ ਜਾਂਦਾ ਹੈ, ਤਾਂ ਇਸ ਦਾ ਮਤਲਬ ਤੁਹਾਨੂੰ ਪਹਿਲਾਂ ਹੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੁੰਦਾ ਹੈ ਤੇ ਹੁਣ ਤੁਹਾਨੂੰ ਸਹਿਯੋਗ ਕਰਨ ਲਈ ਕਿਹਾ ਜਾ ਰਿਹਾ ਹੈ।' ਜ਼ਿਕਰਯੋਗ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੋਸ਼ਾਂ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਦਰਾਰ ਆ ਗਈ ਸੀ। ਉਨ੍ਹਾਂ ਕੈਨੇਡਾ ਵਿਚ ਹੋਈ ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਜਦਕਿ ਭਾਰਤ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਦੋਸ਼ਾਂ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਪੈਦਾ ਹੋ ਗਿਆ ਸੀ।

## ਭਾਰਤੀ ਮੂਲ ਦੇ ਲੜਕੇ ਨੇ ਯੂਰਪੀ ਯੋਗ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤਿਆ

**ਲੰਡਨ:** ਦੱਖਣੀ ਪੂਰਬੀ ਇੰਗਲੈਂਡ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ 13 ਸਾਲਾ ਈਸ਼ਵਰ ਸ਼ਰਮਾ ਨੇ ਸਵੀਡਨ ਵਿਚ ਹੋਈ ਯੂਰਪੀਅਨ ਯੋਗ ਸਪੋਰਟਸ ਚੈਂਪੀਅਨਸ਼ਿਪ' ਵਿਚ ਸੋਨ ਤਗਮਾ ਜਿੱਤ ਕੇ ਇਕ ਹੋਰ ਖਿਤਾਬ ਆਪਣੇ ਨਾਂ ਕੀਤਾ ਹੈ। ਯੋਗ ਪ੍ਰਤੀਭਾ ਦਾ ਮਾਲਕ ਈਸ਼ਵਰ ਪਹਿਲਾਂ ਵੀ ਕਈ ਪੁਰਸਕਾਰ ਜਿੱਤ ਚੁੱਕਿਆ ਹੈ। ਸੇਵੇਨੋਆਕਸ, ਕੈਂਟ ਵਿਚ ਰਹਿਣ ਵਾਲੇ ਈਸ਼ਵਰ ਨੇ ਤਿੰਨ ਸਾਲ ਦੀ ਉਮਰ ਵਿਚ ਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ।

# ਬਰਤਾਨੀਆ 'ਚ ਹੁਨਰਮੰਦ ਕਾਮਿਆਂ ਤੇ ਵਿਦਿਆਰਥੀ ਵੀਜ਼ਿਆਂ 'ਚ ਭਾਰਤੀਆਂ ਦੀ ਝੰਡੀ

**ਲੰਡਨ:** ਭਾਰਤੀ ਹੁਨਰਮੰਦ ਕਾਮਿਆਂ, ਮੈਡੀਕਲ ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੇ ਪਿਛਲੇ ਸਾਲ ਬਰਤਾਨੀਆ ਦੀ ਵੀਜ਼ਾ ਸੂਚੀ ਵਿਚ ਆਪਣਾ ਦਬਦਬਾ ਕਾਇਮ ਰੱਖਿਆ ਹੈ। ਜਾਰੀ ਕੀਤੇ ਗਏ ਅਧਿਕਾਰਤ ਇਮੀਗ੍ਰੇਸ਼ਨ ਅੰਕੜਿਆਂ ਵਿਚ ਇਹ ਗੱਲ ਸਾਹਮਣੇ ਆਈ ਹੈ। ਬਰਤਾਨੀਆ ਦੇ ਗ੍ਰਹਿ ਦਫਤਰ ਵੱਲੋਂ ਸਤੰਬਰ 2023 ਵਿਚ ਸਮਾਪਤ ਹੋ ਰਹੇ ਸਾਲ ਲਈ ਇਕੱਤਰ ਕੀਤੇ ਗਏ ਕੌਮੀ ਅੰਕੜਾ ਦਫਤਰ (ਓ.ਐਨ.ਐਸ) ਦਾ ਡੇਟਾ ਦਿਖਾਉਂਦਾ ਹੈ ਕਿ ਭਾਰਤੀ ਨਾਗਰਿਕ ਨਾ ਸਿਰਫ ਹੁਨਰਮੰਦ ਕਾਮਿਆਂ ਦੇ ਵੀਜ਼ੇ ਦੇ ਮਾਮਲੇ ਵਿਚ ਅੱਵਲ ਹਨ ਬਲਕਿ ਸਿਹਤ ਤੇ ਦੇਖਭਾਲ ਵੀਜ਼ਾ ਦੇ ਲਿਹਾਜ਼ ਨਾਲ ਵੀ ਪਹਿਲੇ ਨੰਬਰ 'ਤੇ ਹਨ। ਵਿਦਿਆਰਥੀਆਂ ਦੀ ਸ਼੍ਰੇਣੀ ਵਿਚ ਭਾਰਤੀ ਨਾਗਰਿਕ ਲਗਾਤਾਰ ਵਿਦਿਆਰਥੀਆਂ ਦੇ ਉਸ ਸਭ ਤੋਂ ਵੱਡੇ ਸਮੂਹ 43 ਫੀਸਦ ਦੀ ਨੁਮਾਇੰਦਗੀ ਕਰ ਰਹੇ ਹਨ ਜਿਨ੍ਹਾਂ ਨੂੰ ਮੁਕਾਬਲਤਨ ਨਵੇਂ 'ਪੋਸਟ ਸਟਡੀ' ਗ੍ਰੈਜੂਏਸ਼ਨ ਵੀਜ਼ਾ 'ਤੇ ਕਾਇਮ ਰਹਿਣ ਲਈ ਛੁੱਟੀ ਦਿੱਤੀ ਗਈ ਸੀ।




ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ, "ਹੁਨਰਮੰਦ ਕਾਮੇ ਵੀਜ਼ਾ ਵਿਚ ਪਿਛਲੇ ਸਾਲ 9 ਫੀਸਦ ਦਾ ਮਾਮੂਲੀ ਵਾਧਾ ਦੇਖਿਆ ਗਿਆ। ਉਧਰ, ਹੁਨਰਮੰਦ ਕਾਮੇ-ਸਿਹਤ ਤੇ ਦੇਖਭਾਲ ਵੀਜ਼ਾ ਦੇ ਮਾਮਲੇ ਦੁੱਗਣੇ ਤੋਂ ਵੱਧ ਹੋ ਕੇ 1,43,990 ਹੋ ਗਏ। ਪਿਛਲੇ ਸਾਲ ਦੇ ਮੁਕਾਬਲੇ ਭਾਰਤ (38,866), ਨਾਇਜ਼ੀਰੀਆ (26,715) ਅਤੇ ਜ਼ਿੰਬਾਬਵੇ (21,130) ਦੇ ਨਾਗਰਿਕਾਂ ਦੇ ਵੀਜ਼ਿਆਂ ਵਿਚ ਸਭ ਤੋਂ ਜ਼ਿਆਦਾ ਵਾਧਾ ਹੋਇਆ।"

ਸਿਹਤ ਤੇ ਦੇਖਭਾਲ ਵੀਜ਼ਿਆਂ ਦੇ ਅੰਕੜਿਆਂ ਮੁਤਾਬਕ ਭਾਰਤੀ ਬਿਨੈਕਾਰਾਂ ਦੀ ਗਿਣਤੀ ਵਿਚ 76 ਫੀਸਦ ਦਾ ਵਾਧਾ ਹੋਇਆ ਹੈ, ਉਧਰ ਹੁਨਰਮੰਦ ਕਾਮੇ ਵੀਜ਼ਿਆਂ ਵਿਚ 11 ਫੀਸਦ ਦਾ ਮਾਮੂਲੀ ਨਿਘਾਰ ਦੇਖਿਆ ਗਿਆ ਹੈ।

ਵਿਸ਼ਲੇਸ਼ਣ ਮੁਤਾਬਕ, "ਸਤੰਬਰ 2023 ਨੂੰ ਸਮਾਪਤ ਹੋਏ ਸਾਲ ਵਿਚ ਭਾਰਤੀ ਨਾਗਰਿਕਾਂ ਨੂੰ 1,33,237 ਸਪਾਂਸਰਡ ਸਟੱਡੀ ਵੀਜ਼ਾ ਦਿੱਤੇ ਗਏ ਸਨ ਜਿਨ੍ਹਾਂ ਵਿਚ ਸਤੰਬਰ 2022 ਨੂੰ ਸਮਾਪਤ ਹੋਏ ਸਾਲ ਦੇ ਮੁਕਾਬਲੇ ਪੰਜ ਫੀਸਦ ਦਾ ਵਾਧਾ ਹੋਇਆ ਪਰ ਉਨ੍ਹਾਂ ਦੀ ਗਿਣਤੀ 2019 ਵਿੱਚ ਸਮਾਪਤ ਹੋਏ ਸਾਲ ਦੇ ਮੁਕਾਬਲੇ ਹੁਣ ਪੰਜ ਗੁਣਾ ਵੱਧ ਹੈ।"

## ਗੈਰ-ਕਾਨੂੰਨੀ ਪਰਵਾਸੀਆਂ 'ਚ ਭਾਰਤੀ ਤੀਜੇ ਨੰਬਰ 'ਤੇ

**ਵਾਸ਼ਿੰਗਟਨ:** ਅਮਰੀਕਾ 'ਚ ਤਕਰੀਬਨ 7,25,000 ਭਾਰਤੀ ਗੈਰ-ਕਾਨੂੰਨੀ ਪਰਵਾਸੀਆਂ ਵਜੋਂ ਰਹਿ ਰਹੇ ਹਨ। ਅਮਰੀਕਾ 'ਚ ਗੈਰ-ਕਾਨੂੰਨੀ ਪਰਵਾਸੀਆਂ 'ਚ ਮੈਕਸਿਕੋ ਤੇ ਅਲ ਸਲਵਾਡੋਰ ਦੇ ਲੋਕਾਂ ਤੋਂ ਬਾਅਦ ਸਭ ਤੋਂ ਵੱਧ ਭਾਰਤੀ ਹਨ। ਇਹ ਖੁਲਾਸਾ ਪਿਊ ਰਿਸਰਚ ਸੈਂਟਰ ਵੱਲੋਂ ਕੀਤਾ ਗਿਆ ਹੈ। ਇਸ ਥਿੰਕ ਟੈਂਕ ਨੇ ਕਿਹਾ ਕਿ 2021 ਤੱਕ ਦੇਸ਼ ਦੇ 1.05 ਕਰੋੜ ਗੈਰ-ਕਾਨੂੰਨੀ ਪਰਵਾਸੀ ਅਮਰੀਕਾ ਦੀ ਕੁੱਲ ਆਬਾਦੀ ਦਾ ਕਰੀਬ 3 ਫੀਸਦ ਹਿੱਸਾ ਸਨ ਜਦਕਿ ਦੇਸ਼ 'ਚ ਵਿਦੇਸ਼ੀਆਂ ਦੀ ਆਬਾਦੀ ਦਾ 22 ਫੀਸਦ ਹਨ। 2007 ਤੋਂ 2021 ਤੱਕ ਸਭ ਤੋਂ ਵੱਧ ਸੈਂਟਰਲ ਅਮਰੀਕਾ ਤੋਂ ਕਰੀਬ 2,40,000 ਅਤੇ ਦੱਖਣੀ ਤੇ ਪੂਰਬੀ ਏਸ਼ੀਆ ਤੋਂ 1,80,000 ਗੈਰਕਾਨੂੰਨੀ ਪਰਵਾਸੀ ਅਮਰੀਕਾ ਆਏ ਸਨ।

# ਪੰਜਾਬ ਸਰਕਾਰ ਵੱਲੋਂ ਮੁਫਤ ਤੀਰਥ ਯਾਤਰਾ ਦੀ ਸ਼ੁਰੂਆਤ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 27 ਨਵੰਬਰ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਕੀਮ ਤਹਿਤ 27 ਨਵੰਬਰ ਨੂੰ ਅੰਮ੍ਰਿਤਸਰ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਸਤੇ ਪਹਿਲੀ ਰੇਲਗੱਡੀ ਰਵਾਨਾ ਹੋਈ।

ਇਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਲੋਕਾਂ ਨੂੰ ਰੇਲ ਗੱਡੀਆਂ ਤੇ ਏਸੀ ਬੱਸਾਂ ਰਾਹੀ ਸ੍ਰੀ ਪਟਨਾ ਸਾਹਿਬ (ਬਿਹਾਰ), ਵਾਰਾਨਸੀ ਮੰਦਿਰ, ਅਯੁੱਧਿਆ ਤੇ ਵਰਿੰਦਾਵਨ ਧਾਮ (ਉੱਤਰ ਪ੍ਰਦੇਸ਼), ਸ੍ਰੀ ਅਜਮੇਰ ਸ਼ਰੀਫ਼ (ਰਾਜਸਥਾਨ) ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਸਾਲਾਸਰ ਧਾਮ, ਮਾਤਾ ਚਿੰਤਪੁਰਨੀ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾ ਜੀ ਤੇ ਹੋਰਨਾਂ ਤੀਰਥ ਅਸਥਾਨਾਂ ਦੀ ਯਾਤਰਾ ਕਰਵਾਈ ਜਾਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' 27 ਨਵੰਬਰ ਤੋਂ 29 ਫਰਵਰੀ ਤੱਕ ਚਲਾਈ ਜਾਵੇਗੀ।



ਸੂਬਾ ਸਰਕਾਰ ਵੱਲੋਂ ਇਨ੍ਹਾਂ 13 ਹਫ਼ਤਿਆਂ ਦੌਰਾਨ ਸੂਬੇ ਦੇ 53 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਅਸਥਾਨਾਂ ਦੀ ਯਾਤਰਾ ਕਰਵਾਈ ਜਾਵੇਗੀ। ਰੇਲ ਗੱਡੀ ਤੇ ਏਸੀ ਬੱਸਾਂ ਰਾਹੀ ਸਫ਼ਰ ਤੋਂ ਇਲਾਵਾ ਲੋਕਾਂ ਨੂੰ ਰਿਹਾਇਸ਼ ਲਈ ਤਿੰਨ ਸਟਾਰ ਕਮਰੇ, ਮੈਡੀਕਲ ਸਹੂਲਤਾਂ, ਇਕ ਕਿੱਟ ਜਿਸ 'ਚ ਯਾਤਰਾ ਲਈ ਸਾਰੀਆਂ ਲੋੜੀਂਦੀਆਂ ਚੀਜ਼ਾਂ ਸ਼ਾਮਲ ਹੋਣਗੀਆਂ ਆਦਿ ਸਭ ਕੁਝ ਮੁਫ਼ਤ ਦਿੱਤਾ ਜਾਵੇਗਾ।

ਇਨ੍ਹਾਂ ਵੱਲੋਂ ਸਕੀਮ ਨੂੰ ਹੋਰ ਵਧੀਆ ਕਰਨ ਲਈ ਯੋਜਨਾ ਤਿਆਰ ਕੀਤੀ ਜਾਵੇਗੀ। ਗੌਰਤਲਬ ਹੈ ਕਿ ਦਿੱਲੀ ਵਿਚ ਵੀ 'ਆਪ' ਸਰਕਾਰ ਨੇ 9 ਜਨਵਰੀ, 2018 ਨੂੰ 'ਮੁੱਖ ਮੰਤਰੀ ਤੀਰਥ ਯਾਤਰਾ' ਸ਼ੁਰੂ ਕੀਤੀ ਸੀ ਜਿਸ ਤਹਿਤ 60 ਸਾਲ ਦੀ ਉਮਰ ਤੋਂ ਵੱਧ ਦੇ ਵਿਅਕਤੀ ਯੋਗ ਸਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਇਕ ਅਟੈਂਡੈਂਟ ਲਿਜਾਣ ਦੀ ਸਹੂਲਤ ਵੀ ਦਿੱਤੀ ਗਈ ਸੀ। ਪੰਜਾਬ 'ਚ ਜਦੋਂ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਸੀ ਤਾਂ ਉਦੋਂ ਪਹਿਲੀ ਜਨਵਰੀ, 2016 ਨੂੰ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਤਹਿਤ ਪ੍ਰਤੀ ਯਾਤਰੀ ਪ੍ਰਤੀ ਦਿਨ ਦੇ 1855 ਰੁਪਏ ਖ਼ਰਚੇ ਗਏ ਸਨ। ਸਾਲ 2015-16 ਵਿਚ ਇਸ ਸਕੀਮ ਤਹਿਤ 46.50 ਕਰੋੜ ਦੀ ਰਾਸ਼ੀ ਖ਼ਰਚ ਕੀਤੀ ਗਈ ਅਤੇ ਸਾਲ 2016-17 ਵਿਚ 140 ਕਰੋੜ ਦਾ ਬਜਟ ਰੱਖਿਆ ਗਿਆ ਸੀ। ਹੁਣ ਪੰਜਾਬ ਵਿਚ 'ਆਪ' ਸਰਕਾਰ ਨੇ ਮੁੜ ਤੋਂ ਸਕੀਮ ਦੀ ਸ਼ੁਰੂਆਤ ਕੀਤੀ ਹੈ।

### ਸਕੀਮ ਲਈ 40 ਕਰੋੜ ਰੁਪਏ ਦਾ ਬਜਟ ਰੱਖਿਆ

**ਚੰਡੀਗੜ੍ਹ:** ਸੂਬਾ ਸਰਕਾਰ ਨੇ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਲਈ 40 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਇਸ ਸਕੀਮ ਨੂੰ ਪੰਜਾਬ ਮੰਤਰੀ ਵੱਲੋਂ 6 ਨਵੰਬਰ ਨੂੰ ਹਰੀ ਝੰਡੀ ਦਿੱਤੀ ਗਈ ਸੀ। ਇਸ ਸਕੀਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਤਿੰਨ ਮੰਤਰੀਆਂ ਦੀ ਕਮੇਟੀ ਵੀ ਬਣਾਈ ਗਈ ਹੈ, ਜਿਸ 'ਚ ਕੈਬਨਿਟ ਮੰਤਰੀ ਅਮਨ ਅਰੋੜਾ, ਲਾਲਜੀਤ ਸਿੰਘ ਭੁੱਲਰ ਅਤੇ ਕੁਲਦੀਪ ਸਿੰਘ ਧਾਲੀਵਾਲ ਸ਼ਾਮਲ ਹਨ।

## ਪੰਜਾਬ 'ਚ 86 ਫੀਸਦੀ ਰਕਬੇ 'ਚ ਕਣਕ ਦੀ ਬਿਜਾਈ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਬਿਜਾਈ ਦਾ ਕੰਮ ਅੰਤਿਮ ਪੜਾਅ 'ਤੇ ਪੁੱਜ ਗਿਆ ਹੈ। ਹੁਣ ਤੱਕ ਸੂਬੇ ਵਿਚ ਕਰੀਬ 86 ਫੀਸਦੀ ਰਕਬੇ ਵਿਚ ਕਣਕ ਦੀ ਬਿਜਾਈ ਹੋ ਚੁੱਕੀ ਹੈ ਜਦੋਂਕਿ ਨਰਮਾ ਪੱਟੀ ਅਤੇ ਆਲੂ ਪੱਟੀ 'ਚ ਫਸਲ ਦੀ ਬਿਜਾਈ ਲੇਟ ਹੈ। ਪੰਜਾਬ ਖੇਤੀ 'ਵਰਸਿਟੀ ਵੱਲੋਂ 15 ਨਵੰਬਰ ਤੱਕ ਕਣਕ ਦੀ ਬਿਜਾਈ ਦੀ ਸਿਫ਼ਾਰਸ਼ ਕੀਤੀ ਗਈ ਸੀ। ਇਸ ਵਾਰ ਝੋਨੇ ਦੀ ਵਾਢੀ ਦਾ ਕੰਮ ਲੇਟ ਹੋ ਗਿਆ ਹੈ ਜਿਸ ਕਰਕੇ ਬਿਜਾਈ ਵੀ ਪਛੜੀ ਹੈ।

ਪਿਛਲੇ ਸਾਲਾਂ ਦਾ ਰੁਝਾਨ ਦੇਖੀਏ ਤਾਂ ਦਸੰਬਰ ਤੱਕ ਕਣਕ ਦੀ ਬਿਜਾਈ ਜਾਰੀ ਰਹਿੰਦੀ ਹੈ। ਪੰਜਾਬ ਦੇ ਕਰੀਬ 35 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਹੋਣੀ ਹੈ ਜਦੋਂਕਿ ਪਿਛਲੇ ਸਾਲ 35.17 ਲੱਖ ਹੈਕਟੇਅਰ ਰਕਬੇ ਹੇਠ ਕਣਕ ਦੀ ਫਸਲ ਸੀ। ਗੰਨੇ ਦੀ ਕਾਸ਼ਤ ਵਾਲੇ ਖਿੱਤੇ ਵਿਚ ਕਣਕ ਦੀਆਂ ਲੇਟ ਕਿਸਮਾਂ ਦੀ ਬਿਜਾਂਦ ਹੁੰਦੀ ਹੈ। ਗੰਨੇ ਦੀ ਪਿੜਾਈ 21 ਨਵੰਬਰ ਤੋਂ ਐਤਕੀਂ ਸ਼ੁਰੂ ਹੋਣੀ ਸੀ ਪਰ ਸਰਕਾਰ ਨਾਲ ਕਿਸਾਨਾਂ ਦਾ ਪੇਚ ਫਸਿਆ ਹੋਇਆ ਹੈ। ਖੇਤੀ ਮਹਿਕਮੇ ਅਨੁਸਾਰ ਪੰਜਾਬ ਵਿਚ ਸਿਰਫ 14 ਫੀਸਦੀ ਬਿਜਾਈ ਦਾ ਕੰਮ ਬਾਕੀ ਰਹਿ ਗਿਆ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ 93 ਫੀਸਦੀ, ਗੁਰਦਾਸਪੁਰ ਵਿਚ 98



ਫੀਸਦੀ, ਮੁਹਾਲੀ ਵਿਚ 96 ਫੀਸਦੀ, ਪਟਿਆਲਾ ਵਿਚ 96.57 ਫੀਸਦੀ, ਤਰਨ ਤਾਰਨ ਵਿਚ 92 ਫੀਸਦੀ ਅਤੇ ਬਠਿੰਡਾ ਜ਼ਿਲ੍ਹੇ ਵਿਚ 95 ਫੀਸਦੀ ਬਿਜਾਈ ਹੋ ਚੁੱਕੀ ਹੈ।

ਦੂਜੇ ਪਾਸੇ ਝੋਨੇ ਦੀ ਵਾਢੀ ਦਾ ਕੰਮ ਸਮਾਪਤ ਹੋਣ ਦੇ ਕੰਢੇ 'ਤੇ ਹੈ ਅਤੇ ਸਿਰਫ ਅੱਧਾ ਫੀਸਦੀ ਵਾਢੀ ਬਚੀ ਹੈ। ਝੋਨੇ ਦੀ ਵਾਢੀ ਬਠਿੰਡਾ, ਫ਼ਿਰੋਜ਼ਪੁਰ, ਮੁਹਾਲੀ, ਮੁਕਤਸਰ ਸਾਹਿਬ ਵਿਚ ਖਤਮ ਹੋ ਚੁੱਕੀ ਹੈ। ਕਿਸਾਨ ਨੇਤਾ ਸਤਨਾਮ ਸਿੰਘ ਸਾਹਨੀ ਦਾ ਕਹਿਣਾ ਸੀ ਕਿ ਗੰਨਾ ਪੱਟੀ ਵਿਚ ਕਣਕ ਦੀ ਬਿਜਾਈ ਆਮ ਨਾਲੋਂ ਪਛੜ ਕੇ ਹੁੰਦੀ ਹੈ। ਖੇਤੀ ਵਿਕਾਸ ਬੈਂਕਾਂ ਨੂੰ ਝੋਨੇ ਦਾ ਝਾੜ ਚੰਗਾ ਰਹਿਣ ਕਰਕੇ ਚੰਗੀ ਵਸੂਲੀ ਹੋਣ ਦੀ ਆਸ ਹੈ।

## ਪ੍ਰਕਾਸ਼ ਪੁਰਬ: ਸ਼ਰਧਾਲੂਆਂ ਦੇ ਵੀਜ਼ੇ ਕੱਟਣ 'ਤੇ ਸਖਤ ਇਤਰਾਜ਼

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰਨ ਦੇ ਇੱਛੁਕ ਯਾਤਰੀਆਂ ਵਿਚੋਂ ਵਧੇਰੇ ਗਿਣਤੀ ਵਿਚ ਯਾਤਰੂਆਂ ਨੂੰ ਇਸ ਵਾਰ ਵੀਜ਼ੇ ਨਹੀਂ ਮਿਲੇ। ਮਿਲੇ ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ 1600 ਤੋਂ ਵੱਧ ਯਾਤਰੂਆਂ ਦੇ ਪਾਸਪੋਰਟ ਵੀਜ਼ਾ ਲੱਗਣ ਲਈ ਸਰਕਾਰ ਨੂੰ ਭੇਜੇ ਗਏ ਸਨ। ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਇਨ੍ਹਾਂ ਵਿਚੋਂ ਲਗਭਗ 800 ਸਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ। ਇਸੇ ਤਰ੍ਹਾਂ ਹੋਰ ਸਿੱਖ ਜਥੇਬੰਦੀਆਂ ਵੱਲੋਂ ਭੇਜੇ ਗਏ ਸਰਧਾਲੂਆਂ ਦੇ ਪਾਸਪੋਰਟਾਂ ਵਿਚੋਂ ਵੀ ਕਈਆਂ ਨੂੰ ਵੀਜ਼ੇ ਨਹੀਂ ਮਿਲੇ ਹਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸਪਸ਼ਟ ਕੀਤਾ ਹੈ ਕਿ ਸਰਕਾਰ ਅਤੇ ਸਫ਼ਾਰਤਖ਼ਾਨੇ ਨੂੰ ਸ਼੍ਰੋਮਣੀ ਕਮੇਟੀ ਦੇ 60 ਫੀਸਦੀ ਕੋਟੇ ਨੂੰ ਧਿਆਨ ਵਿਚ ਰੱਖ ਕੇ ਹੀ ਸਰਧਾਲੂਆਂ ਨੂੰ ਵੀਜ਼ੇ ਦੇਣੇ ਚਾਹੀਦੇ ਹਨ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸ਼੍ਰੋਮਣੀ ਕਮੇਟੀ ਵੱਲੋਂ ਜਥੇ ਲਈ ਹਮੇਸ਼ਾ ਹੀ ਪੰਜਾਬ ਦੇ ਕੋਟੇ ਅਨੁਸਾਰ ਹੀ ਪਾਸਪੋਰਟ ਭੇਜੇ ਜਾਂਦੇ ਹਨ, ਪਰ ਦੁੱਖ ਦੀ ਗੱਲ ਹੈ ਕਿ ਇਸ ਵਾਰ ਲਗਭਗ 50 ਫੀਸਦੀ ਸ਼ਰਧਾਲੂਆਂ ਦੇ ਵੀਜ਼ੇ ਕੱਟ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੌਰੇ ਦੌਰਾਨ ਉਨ੍ਹਾਂ ਨੇ ਇਹ ਮਾਮਲਾ ਵੀ ਉਠਾਇਆ ਸੀ ਅਤੇ ਉਸ ਵੇਲੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਯਕੀਨ ਦਿਵਾਇਆ ਸੀ ਕਿ ਉਹ ਇਸ 'ਤੇ ਸੁਹਿਰਦਤਾ ਨਾਲ ਕਾਰਜ ਕਰਨਗੇ। ਪਰ ਦੁੱਖ ਦੀ ਗੱਲ ਹੈ ਕਿ ਪਹਿਲਾਂ ਦੀ ਤਰ੍ਹਾਂ ਹੀ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ । ਇਸ ਮਾਮਲੇ ਨੂੰ ਲੈ ਕੇ ਜਲਦ ਹੀ ਸ਼੍ਰੋਮਣੀ ਕਮੇਟੀ ਵੱਲੋਂ ਵਫ਼ਦ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਨੂੰ ਮਿਲਣ ਲਈ ਭੇਜਿਆ ਜਾਵੇਗਾ।

## ਪਰਾਲੀ ਦੀ ਸੰਭਾਲ ਲਈ ਸੁਪਰੀਮ ਕੋਰਟ ਦਖਲ ਦੇਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਦਿੱਲੀ ਦੀ 'ਆਪ' ਸਰਕਾਰ ਨੂੰ ਇਸ਼ਤਿਹਾਰੀ ਖਰਚ ਵਿਚੋਂ 450 ਕਰੋੜ ਰੁਪਏ ਦਿੱਲੀ-ਮੇਰਠ ਆਰ.ਆਰ.ਟੀ.ਐਸ. ਪ੍ਰੋਜੈਕਟ ਲਈ ਦੇਣ ਦੇ ਹੁਕਮ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਰਾਲੀ ਦੀ ਸੰਭਾਲ ਲਈ ਕਿਸਾਨਾਂ ਨੂੰ ਮੁਆਵਜ਼ਾ, ਸਮਾਜ ਭਲਾਈ ਸਕੀਮਾਂ ਖਾਤਰ ਪੈਸੇ ਦੇਣ ਲਈ ਪੰਜਾਬ ਸਰਕਾਰ ਨੂੰ ਵੀ ਦਿੱਲੀ ਸਰਕਾਰ ਵਾਂਗ ਦਿੱਤੇ ਹੁਕਮਾਂ ਦੀ ਤਰਜ਼ 'ਤੇ ਸੁਪਰੀਮ ਕੋਰਟ ਦੀ ਹਦਾਇਤ ਜ਼ਰੂਰੀ ਹੈ।



ਉਨ੍ਹਾਂ ਨੇ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਸਬੰਧੀ ਰੁਕੇ ਹੋਏ ਪ੍ਰੋਜੈਕਟਾਂ ਦਾ ਆਡਿਟ ਕਰਵਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਅਤੇ ਪੇਂਡੂ ਵਿਕਾਸ ਲਈ ਫੰਡ ਜਾਰੀ ਨਹੀਂ ਕੀਤੇ ਜਾ ਰਹੇ। ਇਸ ਲਈ ਤੁਰਤ ਨਿਆਇਕ ਦਖਲ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਹੁਕਮ ਅੱਖਾਂ ਖੋਲ੍ਹਣ ਵਾਲਾ ਹੈ ਜਿਸ ਨੇ 'ਆਪ' ਸਰਕਾਰ ਵੱਲੋਂ ਬੁਨਿਆਦੀ ਪ੍ਰੋਜੈਕਟਾਂ ਲਈ ਪੈਸੇ ਦੇਣ ਤੋਂ ਇਨਕਾਰ ਕਰਨ ਅਤੇ ਇਹ ਪੈਸਾ ਇਸ਼ਤਿਹਾਰਬਾਜ਼ੀ 'ਤੇ ਫੂਕਣ ਦੇ ਮਾਮਲੇ ਨੂੰ ਬੇਨਕਾਬ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਾਂਗ ਪੰਜਾਬ ਸਰਕਾਰ ਵੀ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਪੈਸੇ ਜਾਰੀ ਨਹੀਂ ਕਰ ਰਹੀ ਪਰ ਇਸ਼ਤਿਹਾਰਬਾਜ਼ੀ ਰਾਹੀਂ ਪ੍ਰਚਾਰ ਮੁਹਿੰਮ 'ਤੇ ਪੈਸਾ ਬਰਬਾਦ ਕਰ ਰਹੀ ਹੈ।

## ਸਰਕਾਰੀ ਸਕੂਲਾਂ ਦੇ ਬੱਚਿਆਂ ਲਈ ਵੀ ਮੁਫਤ ਟਰਾਂਸਪੋਰਟ ਸਹੂਲਤ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੂੰ ਸੁਰੱਖਿਅਤ ਘਰ ਤੋਂ ਸਕੂਲ ਆਉਣ-ਜਾਣ ਲਈ ਮੁਫਤ ਟਰਾਂਸਪੋਰਟ ਸਹੂਲਤ ਸ਼ੁਰੂ ਕੀਤੀ। ਬੱਸਾਂ ਨੂੰ ਹਰੀ ਝੰਡੀ ਦੇ ਕੇ ਵਿਦਿਆਰਥਣਾਂ ਨੂੰ ਘਰਾਂ ਲਈ ਰਵਾਨਾ ਕਰਨ ਤੋਂ ਪਹਿਲਾ ਸੰਬੋਧਨ ਕਰਦੇ ਹੋਏ ਮੰਤਰੀ ਬੈਂਸ ਨੇ ਕਿਹਾ ਕਿ 19 ਹਜ਼ਾਰ ਤੋਂ ਵੱਧ ਸਕੂਲਾਂ ਵਿਚ 28 ਲੱਖ ਤੋਂ ਵੱਧ ਵਿਦਿਆਰਥੀ ਹਨ। ਇਨ੍ਹਾਂ ਸਾਰੇ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਵੱਡੇ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲ ਆਫ ਐਮੀਨੈਂਸ ਇਸ ਦਿਸ਼ਾ ਵਿਚ ਇਕ ਨਿਵੇਕਲਾ ਉਪਰਾਲਾ ਹਨ। ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਵਿਦੇਸ਼ਾਂ 'ਚ, ਹੈਡਮਾਸਟਰ ਆਈ.ਆਈ.ਐਮ. ਅਹਿਮਦਾਬਾਦ ਅਤੇ ਵਿਦਿਆਰਥੀ ਈਸਰੋ ਵਿਚ ਜਾ ਕੇ ਸੂਬੇ ਦੀ ਸਿੱਖਿਆ ਕ੍ਰਾਂਤੀ ਨੂੰ ਹੋਰ ਨਿਖਾਰ ਰਹੇ ਹਨ। ਬੈਂਸ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਮਰਹੂਮ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਬਣਵਾਇਆ ਸੀ, ਉਸ ਤੋਂ ਬਾਅਦ ਕਿਸੇ ਨੇ ਵੀ ਇਸ ਸਕੂਲ ਦੀ ਸਾਰ ਨਹੀਂ ਲਈ, ਹੁਣ ਪੰਜਾਬ ਸਰਕਾਰ ਵੱਲੋਂ 5 ਕਰੋੜ ਰੁਪਏ ਦੀ ਲਾਗਤ ਨਾਲ ਇਸ ਸਕੂਲ ਦਾ ਵਿਕਾਸ ਕਰਵਾਇਆ ਜਾਵੇਗਾ।

## ਕੱਚੇ ਅਧਿਆਪਕਾਂ ਵੱਲੋਂ ਸਰਕਾਰ ਖਿਲਾਫ ਪੱਕੇ ਮੋਰਚੇ ਦੀ ਤਿਆਰੀ

**ਮੁਹਾਲੀ :** ਅਧਿਆਪਕ ਯੋਗਤਾ ਦੀ ਸ਼ਰਤ ਪੂਰੀ ਕਰਨ ਵਾਲੇ 157 ਏ.ਆਈ.ਈ. (ਕੱਚੇ ਅਧਿਆਪਕਾਂ) ਨੇ ਸਰਕਾਰੀ ਅਣਦੇਖੀ ਖ਼ਿਲਾਫ਼ 15 ਦਸੰਬਰ ਤੋਂ ਪੱਕਾ ਮੋਰਚਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਮੁਹਾਲੀ ਪ੍ਰੈੱਸ ਕਲੱਬ ਵਿਚ ਜਥੇਬੰਦੀ ਦੇ ਆਗੂ ਹਰਮਨ ਸਿੰਘ ਸੰਗਰੂਰ ਅਤੇ ਸੂਬਾ ਕਨਵੀਨਰ ਤੇਜਿੰਦਰ ਕੌਰ ਪਟਿਆਲਾ ਨੇ ਦੱਸਿਆ ਕਿ ਉਨ੍ਹਾਂ ਦੀ ਨਿਯੁਕਤੀ 2009-10 ਵਿਚ ਹੋਈ ਸੀ ਅਤੇ ਜਿਨ੍ਹਾਂ ਅਧਿਆਪਕਾਂ ਨੂੰ ਅਗਸਤ ਮਹੀਨੇ ਪੱਕਾ ਕੀਤਾ ਗਿਆ ਹੈ, ਉਨ੍ਹਾਂ ਨਾਲ ਏ.ਆਈ.ਈ. ਅਧਿਆਪਕਾਂ ਦੇ ਵੀ ਮਤੇ ਪਾਏ ਸਨ ਪਰ ਇਸ ਦੇ ਬਾਵਜੂਦ 157 ਅਧਿਆਪਕ ਹਾਲੇ ਵੀ ਪੱਕੇ ਹੋਣ ਲਈ ਸਰਕਾਰੀ ਪੱਤਰ ਦੀ ਉਡੀਕ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਨਸਾਫ ਨਾ ਮਿਲਣ ਕਾਰਨ ਹੁਣ ਉਨ੍ਹਾਂ ਨੇ ਸਰਕਾਰ ਖ਼ਿਲਾਫ਼ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਏ.ਆਈ.ਈ. ਅਧਿਆਪਕਾਂ ਨੇ ਕਿਹਾ ਕਿ



ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਸੀ ਜਿਸ ਕਾਰਨ ਉਨ੍ਹਾਂ ਨੇ ਚੰਗੇਰੇ ਭਵਿੱਖ ਲਈ ਚੋਣਾਂ 'ਚ 'ਆਪ' ਦਾ ਸਮਰਥਨ ਕੀਤਾ ਸੀ ਪਰ ਸੂਬਾ ਸਰਕਾਰ ਨੇ ਉਨ੍ਹਾਂ ਨੂੰ ਪੱਕੇ ਕਰਨ ਦੀ ਨੀਤੀ ਵਿਚ ਸ਼ਾਮਲ ਨਾ ਕਰਕੇ ਬੇਇਨਸਾਫ਼ੀ ਕੀਤੀ ਹੈ।

ਕੱਚੇ ਅਧਿਆਪਕਾਂ ਨੇ ਕਿਹਾ, "ਸੂਬਾ ਸਰਕਾਰ ਇਹ ਢੰਡੋਰਾ ਪਿੱਟ ਰਹੀ ਹੈ ਕਿ 6000 ਰੁਪਏ ਤਨਖ਼ਾਹ ਲੈਣ ਵਾਲੇ ਸਾਰੇ ਕੱਚੇ ਅਧਿਆਪਕ ਪੱਕੇ ਕਰ ਦਿੱਤੇ ਹਨ ਪਰ ਉਹ ਅੱਜ ਵੀ ਕੱਚੇ ਹੀ ਹਨ। ਮੁੱਖ ਮੰਤਰੀ ਦੀ ਕਹਿਣੀ ਤੇ ਕਰਨੀ 'ਚ ਬਹੁਤ ਫਰਕ ਹੈ।" ਅਧਿਆਪਕਾਂ ਨੇ ਕਿਹਾ ਕਿ ਸਰਕਾਰ ਵਿਤਕਰਾ ਬੰਦ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕਰਦਿਆਂ ਬਾਕੀ ਅਧਿਆਪਕਾਂ ਵਾਂਗ ਸਹੂਲਤਾਂ ਪ੍ਰਦਾਨ ਕਰੇ ਨਹੀਂ ਤਾਂ ਉਹ 15 ਦਸੰਬਰ ਤੋਂ ਸਰਕਾਰ ਖ਼ਿਲਾਫ਼ ਪੱਕਾ ਮੋਰਚਾ ਲਗਾਉਣ ਲਈ ਮਜਬੂਰ ਹੋਣਗੇ।

## ਆਈ.ਪੀ.ਐਲ: ਸ਼ੁਭਮਨ ਗਿੱਲ ਬਣਿਆ ਗੁਜਰਾਤ ਟਾਈਟਨਸ ਦਾ ਕਪਤਾਨ

**ਨਵੀਂ ਦਿੱਲੀ:** ਆਈ.ਪੀ.ਐਲ. 2022 ਦੇ ਜੇਤੂ ਗੁਜਰਾਤ ਟਾਈਟਨਸ ਨੇ ਆਈ.ਪੀ.ਐਲ. 2024 ਸੀਜ਼ਨ ਤੋਂ ਪਹਿਲਾਂ ਸ਼ੁਭਮਨ ਗਿੱਲ ਨੂੰ ਟੀਮ ਦਾ ਕਪਤਾਨ ਬਣਾਇਆ ਹੈ। ਗਿੱਲ ਨੇ ਹਾਰਦਿਕ ਪਾਂਡਿਆ ਦੀ ਥਾਂ ਲਈ ਹੈ, ਜੋ ਹੁਣ ਮੁੰਬਈ ਇੰਡੀਅਨਜ਼ 'ਚ ਚਲਾ ਗਿਆ ਹੈ। ਆਈ.ਪੀ.ਐੱਲ. 2024 ਵਿਚ ਗੁਜਰਾਤ ਦੀ ਕਪਤਾਨੀ ਕਰਨਾ ਗਿੱਲ ਦੀ ਸੀਨੀਅਰ ਪੁਰਸ਼ ਕ੍ਰਿਕਟ ਵਿਚ ਕਪਤਾਨ ਵਜੋਂ ਪਹਿਲੀ ਜ਼ਿੰਮੇਵਾਰੀ ਹੋਵੇਗੀ।

# ਚੀਨ ਵਿਚ 'ਨਵੇਂ ਵਾਇਰਸ' ਦੇ ਮਾਮਲੇ ਵਧਣ ਪਿੱਛੋਂ ਭਾਰਤ ਵਿਚ ਚੌਕਸੀ

**ਨਵੀਂ ਦਿੱਲੀ:** ਚੀਨ ਵਿਚ ਬੱਚਿਆਂ 'ਚ ਸਾਹ ਦੀ ਬਿਮਾਰੀ (ਨਿਮੋਨੀਆ) ਦੇ ਮਾਮਲੇ ਵਧਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਕੇਂਦਰੀ ਸਿਹਤ ਮੰਤਰਾਲੇ ਨੇ ਰਾਜਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਤੁਰਤ ਜਨਤਕ ਸਿਹਤ ਸਬੰਧੀ ਤਿਆਰੀਆਂ ਦੀ ਸਮੀਖਿਆ ਕਰਨ। ਜਾਰੀ ਬਿਆਨ ਵਿਚ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਪੂਰੀ ਸਾਵਧਾਨੀ ਵਰਤਦਿਆਂ ਸਾਹ ਦੀ ਇਸ ਬਿਮਾਰੀ ਖ਼ਿਲਾਫ਼ ਆਪਣੀਆਂ ਤਿਆਰੀਆਂ ਦੀ ਸਰਗਰਮੀ ਨਾਲ ਸਮੀਖਿਆ ਕਰਨ ਦਾ ਫੈਸਲਾ ਕੀਤਾ ਹੈ।

ਮੰਤਰਾਲੇ ਨੇ ਕਿਹਾ ਕਿ ਜਾਰੀ ਇਨਫਲੂਐਂਜ਼ਾ ਤੇ ਸਰਦੀ ਦੀ ਰੁੱਤ ਵਿਚ ਸਾਹ ਦੀਆਂ ਬਿਮਾਰੀਆਂ ਦੇ ਕੇਸ ਵਧ ਰਹੇ ਹਨ। ਭਾਰਤ ਸਰਕਾਰ ਸਥਿਤੀ 'ਤੇ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ। ਮੰਤਰਾਲੇ ਨੇ ਕਿਹਾ ਕਿ ਫਿਲਹਾਲ ਫਿਕਰ



ਕਰਨ ਦੀ ਕੋਈ ਲੋੜ ਨਹੀਂ ਹੈ। ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪੱਤਰ ਲਿਖਦਿਆਂ ਕੇਂਦਰੀ ਸਿਹਤ ਸਕੱਤਰ ਨੇ ਤੁਰਤ ਸਿਹਤ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕਿਹਾ ਹੈ। ਉਨ੍ਹਾਂ ਹਸਪਤਾਲਾਂ ਵਿਚਲੇ ਪ੍ਰਬੰਧਾਂ ਜਿਵੇਂ ਕਿ ਬਿਸਤਰਿਆਂ, ਦਵਾਈਆਂ ਤੇ ਟੀਕਿਆਂ ਦੀ ਗਿਣਤੀ, ਮੈਡੀਕਲ ਆਕਸੀਜਨ, ਨਿੱਜੀ ਬਚਾਅ ਸਮੱਗਰੀ, ਟੈਸਟ ਕਿੱਟਾਂ, ਵੈਂਟੀਲੇਟਰਾਂ ਆਦਿ ਦੀ ਉਪਲੱਬਧਤਾ ਦੀ ਸਮੀਖਿਆ ਕਰਨ ਦਾ ਸੁਝਾਅ ਦਿੱਤਾ ਹੈ। ਰਾਜਾਂ ਦੇ ਸਿਹਤ ਵਿਭਾਗਾਂ ਨੂੰ ਅਪਰੇਸ਼ਨਲ ਗਾਈਡਲਾਈਨਜ਼ ਲਾਗੂ ਕਰਨ ਲਈ ਵੀ ਕਿਹਾ ਗਿਆ ਹੈ। ਇਸ ਵਿਚ ਸੋਧੀ ਹੋਈ ਨਿਗਰਾਨੀ ਦੀ ਰਣਨੀਤੀ ਵੀ ਸ਼ਾਮਲ ਹੈ। ਇਸ ਤਹਿਤ ਇਨਫਲੂਐਂਜ਼ਾ ਵਰਗੀ ਬਿਮਾਰੀ ਤੇ ਸਾਹ ਲੈਣ ਵਿਚ ਗੰਭੀਰ ਤਕਲੀਫ ਜਿਹੀਆਂ ਮੁਸ਼ਕਲਾਂ ਦੀ ਏਕੀਕ੍ਰਿਤ ਨਿਗਰਾਨੀ ਕੀਤੀ ਜਾਵੇਗੀ। ਸੂਬਿਆਂ ਨੂੰ ਏਕੀਕ੍ਰਿਤ ਨਿਗਰਾਨੀ ਪ੍ਰੋਜੈਕਟ ਤਹਿਤ ਵਿਸ਼ੇਸ਼ ਕਰ ਕੇ ਬੱਚਿਆਂ ਤੇ ਕਿਸ਼ੋਰਾਂ ਵਿਚ ਇਨ੍ਹਾਂ ਬਿਮਾਰੀਆਂ ਦੇ ਲੱਛਣਾਂ ਦੀ ਬਾਰੀਕੀ ਨਾਲ ਨਿਗਰਾਨੀ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਰਾਜ ਦੀ ਅਥਾਰਿਟੀ ਨੂੰ ਸੈਂਪਲ ਵਾਇਰਸ ਰਿਸਰਚ ਲੈਬਾਂ ਵਿਚ ਭੇਜਣ ਦੀ ਸਲਾਹ ਵੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਡਬਲਿਊ.ਐਚ.ਓ. ਨੇ ਚੀਨ ਦੇ ਉੱਤਰੀ ਹਿੱਸਿਆਂ ਵਿਚ ਸਾਹ ਦੀ ਬਿਮਾਰੀ ਵਧਣ ਦੇ ਸੰਕੇਤ ਦਿੱਤੇ ਸਨ। ਡਬਲਿਊ.ਐਚ.ਓ. ਨੇ ਚੀਨ ਤੋਂ ਇਸ ਸਬੰਧੀ ਹੋਰ ਜਾਣਕਾਰੀ ਵੀ ਮੰਗੀ ਸੀ।


ਚੀਨ ਦੇ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਸਾਹ ਲੈਣ ਵਿਚ ਇਹ ਤਕਲੀਫ ਫਲੂ ਤੇ ਹੋਰ ਪਹਿਲਾਂ ਤੋਂ ਪਛਾਣੇ ਜਾ ਚੁੱਕੇ ਰੋਗਾਣੂਆਂ ਕਰ ਕੇ ਹੋ ਰਹੀ ਹੈ, ਇਹ ਕੋਈ ਨਵਾਂ ਵਾਇਰਸ ਨਹੀਂ ਹੈ। ਮੰਤਰਾਲੇ ਨੇ ਸਥਾਨਕ ਪ੍ਰਸ਼ਾਸਨ ਨੂੰ ਹੋਰ ਕਲੀਨਿਕ ਖੋਲ੍ਹਣ ਤੇ ਟੀਕਾਕਰਨ ਵਧਾਉਣ ਲਈ ਕਿਹਾ ਹੈ।

# ਚੀਫ ਜਸਟਿਸ ਵੱਲੋਂ ਨਾਗਰਿਕਾਂ ਨੂੰ ਬਿਨਾਂ ਕਿਸੇ ਡਰੋਂ ਅਦਾਲਤਾਂ ਤੱਕ ਪਹੁੰਚ ਦਾ ਸੱਦਾ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਨੇ 'ਲੋਕ ਅਦਾਲਤ' ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾਈ ਹੈ ਅਤੇ ਨਾਗਰਿਕਾਂ ਨੂੰ ਅਦਾਲਤਾਂ ਦਾ ਦਰਵਾਜ਼ਾ ਖੜਕਾਉਣ ਤੋਂ ਡਰਨਾ ਨਹੀਂ ਚਾਹੀਦਾ ਹੈ ਜਾਂ ਇਸ ਨੂੰ ਅੰਤਿਮ ਉਪਾਅ ਵਜੋਂ ਨਹੀਂ ਦੇਖਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਜਿਸ ਤਰ੍ਹਾਂ ਸੰਵਿਧਾਨ ਸਾਨੂੰ ਸਥਾਪਤ ਲੋਕਤੰਤਰਿਕ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਰਾਹੀਂ ਸਿਆਸੀ ਮਤਭੇਦਾਂ ਨੂੰ ਹੱਲ ਕਰਨ ਦੀ ਇਜਾਜ਼ਤ ਦਿੰਦਾ ਹੈ, ਅਦਾਲਤੀ ਪ੍ਰਣਾਲੀ ਸਥਾਪਤ ਸਿਧਾਂਤਾਂ ਅਤੇ ਪ੍ਰਕਿਰਿਆਵਾਂ ਰਾਹੀਂ ਕਈ ਅਸਹਿਮਤੀਆਂ ਨੂੰ ਸੁਲਝਾਉਣ ਵਿਚ ਮਦਦ ਕਰਦੀ ਹੈ।"

ਚੀਫ ਜਸਟਿਸ ਨੇ ਸਿਖਰਲੀ ਅਦਾਲਤ ਵਿਚ 'ਸੰਵਿਧਾਨ ਦਿਵਸ' ਸਬੰਧੀ ਸਮਾਰੋਹ ਦੇ ਉਦਘਾਟਨ ਮੌਕੇ ਕਿਹਾ, "ਇਸ ਤਰ੍ਹਾਂ, ਦੇਸ਼ ਦੀ ਹਰੇਕ ਅਦਾਲਤ ਵਿਚ ਹਰੇਕ ਮਾਮਲਾ ਸੰਵਿਧਾਨਕ ਸ਼ਾਸਨ ਦਾ ਵਿਸਥਾਰ ਹੈ।" ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਮਾਰੋਹ ਵਿਚ ਉਦਘਾਟਨੀ ਭਾਸ਼ਣ ਦਿੱਤਾ। ਇਸ ਸਮਾਰੋਹ ਵਿਚ ਸੁਪਰੀਮ ਕੋਰਟ ਦੇ ਜੱਜ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਸੰਜੀਵ ਖੰਨਾ, ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਅਤੇ ਕਈ ਹੋਰ ਸ਼ਖਸੀਅਤਾਂ ਸ਼ਾਮਲ ਸਨ।

ਚੀਫ ਜਸਟਿਸ ਨੇ ਕਿਹਾ, "ਪਿਛਲੇ ਸੱਤ ਦਹਾਕਿਆਂ ਵਿਚ ਭਾਰਤ ਦੇ ਸੁਪਰੀਮ ਕੋਰਟ ਨੇ ਲੋਕ ਅਦਾਲਤ ਦੇ ਰੂਪ ਵਿਚ ਕੰਮ ਕੀਤਾ ਹੈ। ਹਜ਼ਾਰਾਂ ਨਾਗਰਿਕਾਂ ਨੇ ਇਸ ਵਿਸ਼ਵਾਸ ਨਾਲ ਇਸ ਅਦਾਲਤ ਦੇ ਦਰਵਾਜ਼ੇ ਖੜਕਾਏ ਹਨ ਕਿ ਉਨ੍ਹਾਂ ਨੂੰ ਇਸ ਸੰਸਥਾ ਰਾਹੀਂ ਨਿਆਂ ਮਿਲੇਗਾ।" ਉਨ੍ਹਾਂ ਕਿਹਾ ਕਿ ਨਾਗਰਿਕ ਆਪਣੀ ਨਿੱਜੀ ਆਜ਼ਾਦੀ ਦੀ ਸੁਰੱਖਿਆ, ਗੈਰ-ਕਾਨੂੰਨੀ ਗ੍ਰਿਫਤਾਰੀਆਂ ਖ਼ਿਲਾਫ਼ ਜਵਾਬਦੇਹੀ, ਬੰਧੂਆ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ, ਕਬਾਇਲੀਆਂ ਵੱਲੋਂ ਆਪਣੀ ਜ਼ਮੀਨ ਦੀ ਰੱਖਿਆ ਕਰਨ ਦੀ ਮੰਗ, ਹੱਥ ਨਾਲ ਮੈਲਾ ਢੋਣ ਵਰਗੀਆਂ ਸਮਾਜਿਕ ਬੁਰਾਈਆਂ ਦੀ ਰੋਕਥਾਮ ਅਤੇ ਸਵੱਛ ਹਵਾ ਲੈਣ ਲਈ ਦਖਲ ਦੇਣ ਦੀ ਉਮੀਦ ਨਾਲ ਅਦਾਲਤ ਪਹੁੰਚਦੇ ਹਨ। ਜਸਟਿਸ ਚੰਦਰਚੂੜ ਨੇ ਕਿਹਾ, "ਇਹ ਮਾਮਲੇ ਅਦਾਲਤ ਲਈ ਸਿਰਫ ਹਵਾਲਾ ਜਾਂ ਅੰਕੜੇ ਨਹੀਂ



ਹਨ। ਇਹ ਮਾਮਲੇ ਸਰਵਉੱਚ ਅਦਾਲਤ ਤੋਂ ਲੋਕਾਂ ਦੀਆਂ ਆਸਾਂ ਦੇ ਨਾਲ-ਨਾਲ ਨਾਗਰਿਕਾਂ ਨੂੰ ਨਿਆਂ ਦੇਣ ਨੂੰ ਲੈ ਕੇ ਅਦਾਲਤ ਦੀ ਆਪਣੀ ਵਚਨਬੱਧਤਾ ਨਾਲ ਮੇਲ ਖਾਂਦੇ ਹਨ।"

ਉਨ੍ਹਾਂ ਕਿਹਾ ਕਿ ਸਿਖਰਲੀ ਅਦਾਲਤ ਸ਼ਾਇਦ ਦੁਨੀਆ ਦੀ ਇਕਮਾਤਰ ਅਦਾਲਤ ਹੈ ਜਿੱਥੇ ਕੋਈ ਵੀ ਨਾਗਰਿਕ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਸੁਪਰੀਮ ਕੋਰਟ ਦੇ ਸੰਵਿਧਾਨਕ ਤੰਤਰ ਨੂੰ ਰਫਤਾਰ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਆਪਣੇ ਫੈਸਲਿਆਂ ਰਾਹੀਂ ਨਿਆਂ ਯਕੀਨੀ ਬਣਾਉਣ ਤੋਂ ਇਲਾਵਾ ਸਿਖਰਲੀ ਅਦਾਲਤ ਇਹ ਯਕੀਨੀ ਬਣਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ ਕਿ ਉਸ ਦੀਆਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨਾਗਰਿਕ ਕੇਂਦਰਿਤ ਹੋਣ ਤਾਂ ਜੋ ਲੋਕ ਆਪਣੇ ਆਪ ਨੂੰ ਅਦਾਲਤਾਂ ਦੇ ਕੰਮਕਾਜ ਦੇ ਨਾਲ ਜੁੜਿਆ ਹੋਇਆ ਮਹਿਸੂਸ ਕਰਨ। ਉਨ੍ਹਾਂ ਕਿਹਾ, "ਲੋਕਾਂ ਨੂੰ ਅਦਾਲਤਾਂ ਦਾ ਦਰਵਾਜ਼ਾ ਖੜਕਾਉਣ ਤੋਂ ਡਰਨਾ ਨਹੀਂ ਚਾਹੀਦਾ ਜਾਂ ਇਸ ਨੂੰ ਆਖਰੀ ਉਪਾਅ ਵਜੋਂ ਨਹੀਂ ਦੇਖਣਾ ਚਾਹੀਦਾ ਹੈ। ਮੈਂ ਆਸ ਕਰਦਾ ਹਾਂ ਕਿ ਸਾਡੀਆਂ ਕੋਸ਼ਿਸ਼ਾਂ ਤੋਂ ਹਰੇਕ ਵਰਗ, ਜਾਤੀ ਅਤੇ ਧਰਮ ਦੇ ਨਾਗਰਿਕ ਸਾਡੀ ਨਿਆਂ ਪ੍ਰਣਾਲੀ 'ਤੇ ਭਰੋਸਾ ਕਰ ਸਕਦੇ ਹਨ ਅਤੇ ਇਸ ਨੂੰ ਅਧਿਕਾਰਾਂ ਦੇ ਇਸਤੇਮਾਲ ਲਈ ਨਿਰਪੱਖ ਅਤੇ ਪ੍ਰਭਾਵੀ ਮੰਚ ਦੇ ਤੌਰ 'ਤੇ ਦੇਖ ਸਕਦੇ ਹਨ।"

# ਜੰਮੂ ਕਸ਼ਮੀਰ ਦੇ ਲੋਕਾਂ 'ਚ ਡਰ ਤੇ ਸਹਿਮ: ਮਹਿਬੂਬਾ ਮੁਫਤੀ

**ਸ੍ਰੀਨਗਰ:** ਪੀ.ਡੀ.ਪੀ. ਦੀ ਮੁਖੀ ਮਹਿਬੂਬਾ ਮੁਫਤੀ ਨੇ ਦੋਸ਼ ਲਾਇਆ ਕਿ ਜੰਮੂ-ਕਸ਼ਮੀਰ ਵਿਚ ਲੋਕ ਨਿਰਾਸ਼ ਅਤੇ ਡਰੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਹੁਣੇ ਜਿਹੇ ਅਤਿਵਾਦੀ ਫੰਡਿੰਗ ਦੇ ਮਾਮਲੇ ਵਿਚ ਸਰਜਨ ਬਰਕਤੀ ਦੀ ਪਤਨੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਸਬੰਧੀ ਕੋਈ ਸਬੂਤ ਨਹੀਂ ਸੀ, ਨਾ ਕਿਤੇ ਸੁਣਵਾਈ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟਿਆ ਜਾ ਰਿਹਾ ਹੈ। ਇਸ ਲਈ ਲੋਕ ਸਹਿਮੇ ਹੋਏ ਹਨ। ਪੀ.ਡੀ.ਪੀ. ਮੁਖੀ ਨੇ ਇੱਥੇ ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚਲੇ ਮੰਜਗਾਮ ਖੇਤਰ ਵਿਚ ਸਮਾਗਮ ਦੌਰਾਨ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਨੇ ਲੋਕਾਂ ਨੂੰ ਇਸ ਸਥਿਤੀ ਵਿਚੋਂ ਬਚਾਉਣ ਲਈ ਅਤੇ ਆਪਣੇ ਬਾਨੀ ਮੁਫਤੀ ਮੁਹੰਮਦ ਸਈਦ ਦੇ ਜੰਮੂ ਕਸ਼ਮੀਰ ਨੂੰ ਇਸ ਸਮੱਸਿਆ ਦੀ ਦਲਦਲ ਵਿਚੋਂ ਬਾਹਰ ਕੱਢਣ ਸਬੰਧੀ ਏਜੰਡੇ ਨੂੰ ਪੂਰਾ ਕਰਨ ਲਈ ਇਕ ਜਨਤਕ ਪਹੁੰਚ ਵਾਲਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਉਹ ਲੋਕਾਂ ਨਾਲ ਰਾਬਤਾ ਕਾਇਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੀ.ਡੀ.ਪੀ. ਇਸ ਸਬੰਧੀ ਹਰ ਬਲਿਦਾਨ ਦੇਣ ਲਈ ਤਿਆਰ ਹੈ। ਕੁਝ ਰਾਜਸੀ ਆਗੂਆਂ ਵੱਲੋਂ ਪੀ.ਡੀ.ਪੀ. ਉਤੇ 2015 ਵਿਚ ਭਾਜਪਾ ਨਾਲ ਗੱਠਜੋੜ ਕਰਕੇ ਇਸ ਨੂੰ ਜੰਮੂ ਕਸ਼ਮੀਰ ਵਿਚ ਲੈ ਕੇ ਆਉਣ ਦੇ ਲਾਏ ਜਾਂਦੇ ਦੋਸ਼ਾਂ ਦੇ ਜਵਾਬ ਵਿਚ ਮਹਿਬੂਬਾ ਨੇ ਕਿਹਾ ਕਿ ਗੱਠਜੋੜ ਦੇ ਪਿੱਛੇ ਉਨ੍ਹਾਂ ਦੇ ਪਿਤਾ ਦੇ ਉਦੇਸ਼ ਨੂੰ ਸਮਝਣ ਲਈ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਵੱਡੀ ਸੋਚ ਦੀ ਲੋੜ ਹੈ ਪਰ ਕੁੱਝ ਲੋਕਾਂ ਦੀ ਸੋਚ ਸੀਮਤ ਹੈ।



# ਡੱਲਾ ਗੈਂਗ ਦੇ ਦੋ ਮੈਂਬਰ ਮੁਕਾਬਲੇ ਪਿੱਛੋਂ ਗ੍ਰਿਫਤਾਰ

**ਨਵੀਂ ਦਿੱਲੀ:** ਮੁਕਾਬਲੇ ਤੋਂ ਬਾਅਦ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕੌਮੀ ਰਾਜਧਾਨੀ ਵਿਚ ਅਰਸ਼ਦੀਪ ਸਿੰਘ ਉਰਫ ਡੱਲਾ ਦੇ ਦੋ ਸਾਰਪਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਰਾਜਪ੍ਰੀਤ ਸਿੰਘ ਉਰਫ ਰਾਜਾ ਉਰਫ ਬੰਬ ਅਤੇ ਵਰਿੰਦਰ ਸਿੰਘ ਉਰਫ ਵਿੰਮੀ ਦੋਵੇਂ ਵਾਸੀ ਪੰਜਾਬ ਵਜੋਂ ਹੋਈ ਹੈ।

ਦੋਵਾਂ ਨੂੰ ਮਯੂਰ ਵਿਹਾਰ ਵਿਚ ਸਮਾਚਾਰ ਅਪਾਰਟਮੈਂਟ ਦੇ ਸਾਹਮਣੇ ਅਕਸ਼ਰਧਾਮ ਮੰਦਿਰ ਵੱਲ ਮੁੱਖ ਮਾਰਗ ਤੋਂ ਛੋਟੇ ਜਿਹੇ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕਰ ਲਿਆ। ਮੁਕਾਬਲੇ ਦੌਰਾਨ ਮੁਲਜ਼ਮਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ,



ਜਿਨ੍ਹਾਂ ਵਿਚੋਂ ਦੋ ਪੁਲਿਸ ਦੀ ਬੁਲੇਟ ਪਰੂਫ ਜੈਕੇਟ ਵਿਚ ਲੱਗੀਆਂ। ਜਵਾਬੀ ਕਾਰਵਾਈ ਵਿਚ ਪੁਲਿਸ ਟੀਮ ਨੇ 6 ਗੋਲੀਆਂ ਚਲਾਈਆਂ। ਵਰਿੰਦਰ ਦੀ ਸੱਜੀ ਲੱਤ 'ਤੇ ਗੋਲੀ ਲੱਗੀ ਹੈ। ਘਟਨਾ ਤੋਂ ਬਾਅਦ ਦੋਵਾਂ ਨੂੰ ਇਲਾਜ ਲਈ ਐਲ.ਬੀ.ਐਸ. ਹਸਪਤਾਲ ਭੇਜਿਆ ਗਿਆ ਅਤੇ ਬਾਅਦ ਵਿਚ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਰਿਵਾਲਵਰ .45 ਐਮ.ਐਮ., 6 ਕਾਰਤੂਸ, .30 ਐਮ.ਐਮ. ਪਿਸਤੌਲ 7 ਕਾਰਤੂਸ, ਹੈਂਡ ਗਰਨੇਡ ਅਤੇ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੋਵਾਂ ਮੁਲਜ਼ਮਾਂ ਦੇ ਖੁਲਾਸੇ ਦੇ ਆਧਾਰ ਉਤੇ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ 'ਚ ਛਾਪੇਮਾਰੀ ਕੀਤੀ ਗਈ ਅਤੇ ਉਨ੍ਹਾਂ ਦੇ ਇਕ ਹੋਰ ਸਾਥੀ ਸਚਿਨ ਭਾਟੀ ਨੂੰ ਗ੍ਰਿਫਤਾਰ ਕੀਤਾ ਗਿਆ।

# ਭਾਰਤ ਨੇ ਅਮਰੀਕਾ ਵਿਚ ਗੁਰਪਤਵੰਤ ਪੰਨੂ ਨੂੰ ਮਾਰਨ ਦੀ ਰਚੀ ਸੀ ਸਾਜ਼ਿਸ਼!

**ਨਵੀਂ ਦਿੱਲੀ:** ਯੂ.ਕੇ. ਮੀਡੀਆ ਦੀ ਮੰਨੀਏ ਤਾਂ ਅਮਰੀਕੀ ਅਥਾਰਿਟੀਜ਼ ਨੇ ਖਾਲਿਸਤਾਨੀ ਵੱਖਵਾਦੀ ਤੇ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਨਾਕਾਮ ਕੀਤੀ ਸੀ। ਬਰਤਾਨਵੀ ਮੀਡੀਆ ਨੇ ਕਿਹਾ ਕਿ ਜੂਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਸ਼ਿੰਗਟਨ ਫੇਰੀ ਮਗਰੋਂ ਅਮਰੀਕਾ ਨੇ ਇਸ ਕਥਿਤ ਸਾਜ਼ਿਸ਼ ਨੂੰ ਲੈ ਕੇ ਭਾਰਤ ਕੋਲ ਆਪਣਾ ਵਿਰੋਧ ਦਰਜ ਕਰਵਾਇਆ ਸੀ।



ਯਾਦ ਰਹੇ ਕਿ ਇਹ ਦੋਸ਼ ਅਜਿਹੇ ਮੌਕੇ ਉਤੇ ਸਾਹਮਣੇ ਆਏ ਹਨ ਜਦੋਂ ਭਾਰਤ ਨੇ ਅਮਰੀਕਾ ਨਾਲ ਮੰਤਰੀ ਪੱਧਰ ਦੀ 2+2 ਬੈਠਕ ਕੀਤੀ ਹੈ ਅਤੇ ਅਗਲੇ ਕੁਝ ਮਹੀਨਿਆਂ ਵਿਚ ਅਮਰੀਕੀ ਸਦਰ ਜੋਅ ਬਾਇਡਨ ਅਤੇ ਜਾਪਾਨ ਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀਆਂ ਨੇ 'ਕੁਆਡ' ਆਗੂਆਂ ਦੀ ਸਿਖਰ ਵਾਰਤਾ ਲਈ ਭਾਰਤ ਦੌਰੇ 'ਤੇ ਆਉਣਾ ਹੈ। ਰਿਪੋਰਟ ਵਿਚ ਸਾਫ ਤੌਰ 'ਤੇ ਇਹ ਕਿਹਾ ਗਿਆ ਹੈ ਕਿ ਕੂਟਨੀਤਕ ਪੱਧਰ 'ਤੇ ਇਤਰਾਜ਼ ਜਤਾਉਣ ਦੇ ਨਾਲ ਸਰਕਾਰੀ ਵਕੀਲਾਂ ਨੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਯੋਜਨਾ ਵਿਚ ਸ਼ਾਮਲ ਇਕ ਸਾਜ਼ਿਸ਼ਘਾੜੇ ਖ਼ਿਲਾਫ਼ ਡਿਸਟ੍ਰਿਕਟ ਕੋਰਟ ਵਿਚ ਸੀਲਬੰਦ ਦੋਸ਼-ਪੱਤਰ ਵੀ ਦਾਖਲ ਕੀਤਾ ਹੈ। ਹਾਲਾਂਕਿ ਅਮਰੀਕਾ ਦਾ ਨਿਆਂ ਵਿਭਾਗ ਦੋਸ਼ ਜਨਤਕ ਕੀਤੇ ਜਾਣ ਨੂੰ ਲੈ ਕੇ ਦੁਚਿੱਤੀ ਵਿਚ ਹੈ। ਅਮਰੀਕਾ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਹ ਦੋਸ਼ ਜਨਤਕ ਕਰੇ ਜਾਂ ਫਿਰ ਉਸ ਨੂੰ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਹੱਤਿਆ ਮਾਮਲੇ ਵਿਚ ਕੈਨੇਡਾ ਵੱਲੋਂ ਵਿੱਢੀ ਜਾਂਚ ਪੂਰੀ ਹੋਣ ਦੀ ਉਡੀਕ ਕਰਨੀ ਚਾਹੀਦੀ ਹੈ। ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਦੋਸ਼ ਪੱਤਰ ਵਿਚ ਜਿਨ੍ਹਾਂ ਵਿਅਕਤੀਆਂ ਦੇ ਨਾਮ ਸ਼ਾਮਲ ਹਨ, ਉਨ੍ਹਾਂ ਵਿਚੋਂ ਇਕ ਅਮਰੀਕਾ ਛੱਡ ਕੇ ਜਾ ਚੁੱਕਾ ਹੈ, ਪਰ ਇਸ ਵਿਚ ਹੋਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਅਮਰੀਕੀ ਨਿਆਂ ਵਿਭਾਗ, ਸੰਘੀ ਜਾਂਚ ਏਜੰਸੀ (ਐਫ.ਬੀ.ਆਈ.) ਤੇ ਕੌਮੀ ਸੁਰੱਖਿਆ ਕੌਂਸਲ (ਐਨ.ਐਸ.ਸੀ.) ਨੇ ਅਜੇ ਤੱਕ ਇਨ੍ਹਾਂ ਦਾਅਵਿਆਂ ਬਾਰੇ ਅਧਿਕਾਰਤ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਲੰਡਨ ਅਧਾਰਿਤ ਰੋਜ਼ਨਾਮਚੇ ਵਿਚ ਅਣਅਧਿਕਾਰਤ ਸੂਤਰਾਂ ਦੇ ਹਵਾਲੇ ਨਾਲ ਲਾਏ ਦੋਸ਼ਾਂ ਬਾਰੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਪੰਨੂ ਹਾਲ ਹੀ ਵਿਚ ਉਦੋਂ ਸੁਰਖੀਆਂ ਵਿਚ ਆਇਆ ਸੀ, ਜਦੋਂ ਉਸ ਨੇ ਇਕ ਵੀਡੀਓ ਸੁਨੇਹੇ ਵਿਚ ਸਿੱਖ ਯਾਤਰੀਆਂ ਨੂੰ 'ਏਅਰ ਇੰਡੀਆ' ਦੀਆਂ ਉਡਾਣਾਂ ਵਿਚ ਸਫਰ ਨਾ ਕਰਨ ਦੀ ਚਿਤਾਵਨੀ ਦਿੱਤੀ ਸੀ। ਪੰਨੂ ਨੇ ਕਿਹਾ ਸੀ ਕਿ ਏਅਰ ਇੰਡੀਆ ਰਾਹੀਂ ਸਫਰ ਨਾਲ ਜਾਨ ਵੀ ਜਾ ਸਕਦੀ ਹੈ।

## ਅਮਰੀਕੀ ਵੱਲੋਂ ਮਿਲਦੀ ਜਾਣਕਾਰੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਕਿ ਉਹ ਸੁਰੱਖਿਆ ਨਾਲ ਜੁੜੇ ਮਸਲਿਆਂ 'ਤੇ ਅਮਰੀਕਾ ਵੱਲੋਂ ਮਿਲਦੀ ਜਾਣਕਾਰੀ ਨੂੰ ਸੰਜੀਦਗੀ ਨਾਲ ਲੈਂਦਾ ਹੈ ਕਿਉਂਕਿ ਇਹ ਉਸ ਦੀ ਆਪਣੀ ਕੌਮੀ ਸੁਰੱਖਿਆ ਨਾਲ ਜੁੜੇ ਫਿਕਰਾਂ 'ਤੇ ਵੀ ਅਸਰ ਪਾਉਂਦੇ ਹਨ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ, "ਭਾਰਤ-ਅਮਰੀਕਾ ਰੱਖਿਆ ਸਹਿਯੋਗ ਬਾਰੇ ਹਾਲੀਆ ਵਿਚਾਰ ਚਰਚਾ ਦੌਰਾਨ ਅਮਰੀਕਾ ਨੇ ਜਥੇਬੰਦਕ ਅਪਰਾਧ, ਗੰਨ ਰਨਰਜ਼, ਦਹਿਸ਼ਤਗਰਦਾਂ ਤੇ ਹੋਰਨਾਂ ਵਿਚਲੇ ਗੱਠਜੋੜ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ।" ਤਰਜਮਾਨ ਨੇ ਕਿਹਾ ਕਿ ਇਹ ਜਾਣਕਾਰੀ ਦੋਵਾਂ ਮੁਲਕਾਂ ਲਈ ਵੱਡੀ ਫਿਕਰਮੰਦੀ ਦਾ ਵਿਸ਼ਾ ਹੈ ਤੇ ਉਨ੍ਹਾਂ ਲੋੜੀਂਦੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ। ਬਾਗਚੀ ਨੇ ਕਿਹਾ, "ਭਾਰਤ ਆਪਣੇ ਵੱਲੋਂ ਅਜਿਹੀਆਂ ਜਾਣਕਾਰੀਆਂ ਨੂੰ ਸੰਜੀਦਗੀ ਨਾਲ ਲੈਂਦਾ ਹੈ ਤੇ ਸਬੰਧਤ ਵਿਭਾਗਾਂ ਵੱਲੋਂ ਪਹਿਲਾਂ ਹੀ ਇਸ ਦੀ ਪੜਚੋਲ ਸ਼ੁਰੂ ਕਰ ਦਿੱਤੀ ਗਈ ਹੈ।"

# ਕੁਦਰਤੀ ਆਫਤਾਂ ਦੇ ਬਾਵਜੂਦ ਝੋਨੇ ਦੇ ਝਾੜ 'ਚ ਪੰਜਾਬ ਦੀ ਝੰਡੀ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ਖਰੀਦ ਦਾ ਅੰਕੜਾ ਪਿਛਲੇ ਵਰ੍ਹੇ ਦੀ ਖਰੀਦ ਨੂੰ ਪਾਰ ਕਰ ਗਿਆ ਹੈ। ਹਾਲਾਂਕਿ ਪੰਜਾਬ ਨੂੰ ਦੋ ਵਾਰ ਹੜ੍ਹਾਂ ਦੀ ਮਾਰ ਵੀ ਝੱਲਣੀ ਪਈ ਅਤੇ ਪੱਕੀ ਫਸਲ 'ਤੇ ਪਈ ਬਾਰਸ਼ ਨੇ ਕਾਫੀ ਨੁਕਸਾਨ ਕੀਤਾ, ਪਰ ਇਨ੍ਹਾਂ ਔਕੜਾਂ ਨੂੰ ਝੱਲਦਿਆਂ ਸੂਬੇ ਦੀ ਕਿਸਾਨੀ ਨੇ ਝੋਨੇ ਦੀ ਪੈਦਾਵਾਰ 'ਚ ਪੰਜਾਬ ਨੂੰ ਮੁੜ ਸਿਖਰ 'ਤੇ ਪਹੁੰਚਾ ਦਿੱਤਾ ਹੈ।

ਵਰ੍ਹਾ 2022-23 ਦੌਰਾਨ ਪੰਜਾਬ ਵਿਚ ਝੋਨੇ ਦੀ 182.11 ਲੱਖ ਮੀਟਰਿਕ ਟਨ ਖਰੀਦ ਹੋਈ ਸੀ ਜਦੋਂ ਕਿ ਐਤਕੀਂ ਹੁਣ ਤੱਕ 182,11,931 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਹੋ ਚੁੱਕੀ ਹੈ। ਮੰਡੀਆਂ ਵਿਚ ਹੁਣ ਤੱਕ 183.18 ਲੱਖ ਮੀਟਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ। ਇਸ ਵੇਲੇ ਵੀ ਰੋਜ਼ਾਨਾ ਮੰਡੀਆਂ ਵਿਚ 75 ਹਜ਼ਾਰ ਟਨ ਤੋਂ ਜ਼ਿਆਦਾ ਦੀ ਆਮਦ ਬਣੀ ਹੋਈ ਹੈ। ਪੰਜਾਬ ਸਰਕਾਰ ਨੇ 30 ਨਵੰਬਰ ਨੂੰ ਖਰੀਦ ਕੇਂਦਰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਖੁਰਾਕ ਤੇ ਸਪਲਾਈ ਵਿਭਾਗ ਆਸਵੰਦ ਹੈ ਕਿ ਖਰੀਦ ਦਾ ਟੀਚਾ 187 ਲੱਖ ਮੀਟਰਿਕ ਟਨ ਨੂੰ ਪਾਰ ਕਰ ਸਕਦਾ ਹੈ ਜਦੋਂ ਕਿ ਪੈਦਾਵਾਰ 206 ਲੱਖ ਮੀਟਰਿਕ ਟਨ 'ਤੇ ਪਹੁੰਚਣ ਦਾ ਅਨੁਮਾਨ ਹੈ।

ਖੇਤੀ ਵਿਭਾਗ ਅਨੁਸਾਰ ਐਤਕੀਂ ਝੋਨੇ ਦਾ ਝਾੜ ਔਸਤਨ 75.00 ਕੁਇੰਟਲ ਪ੍ਰਤੀ ਹੈਕਟੇਅਰ ਦਾ ਰਿਹਾ ਹੈ ਜੋ ਕਿ ਪਿਛਲੇ ਵਰ੍ਹੇ ਔਸਤਨ ਝਾੜ



68.17 ਕੁਇੰਟਲ ਪ੍ਰਤੀ ਹੈਕਟੇਅਰ ਦਾ ਸੀ। ਕਰੀਬ ਸੱਤ ਕੁਇੰਟਲ ਪ੍ਰਤੀ ਹੈਕਟੇਅਰ ਦਾ ਵਾਧਾ ਹੋਇਆ ਹੈ। ਮਾਲੇਰਕੋਟਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 33.56 ਕੁਇੰਟਲ ਪ੍ਰਤੀ ਏਕੜ, ਜਦੋਂਕਿ ਬਰਨਾਲਾ ਵਿਚ ਔਸਤਨ ਝਾੜ 32.42 ਅਤੇ ਸੰਗਰੂਰ ਵਿਚ ਝਾੜ 30.34 ਕੁਇੰਟਲ ਪ੍ਰਤੀ ਏਕੜ ਰਿਹਾ ਹੈ।

ਖੇਤੀ ਅਧਿਕਾਰੀ ਆਖਦੇ ਹਨ ਕਿ ਇਸ ਵਾਰ ਝੋਨੇ ਦੀ ਪੀ.ਆਰ 126 ਕਿਸਮ ਹੇਠ 29 ਫੀਸਦੀ ਰਕਬਾ ਸੀ ਜਿਸ ਦਾ ਝਾੜ ਚੰਗਾ ਰਿਹਾ ਹੈ। ਇਸ ਸੀਜ਼ਨ ਦੌਰਾਨ ਚੌਲ ਮਿੱਲ ਮਾਲਕਾਂ ਦੀ ਹੜਤਾਲ ਦਾ ਸਾਹਮਣਾ ਤਾਂ ਸਰਕਾਰ ਨੂੰ ਕਰਨਾ ਪਿਆ ਪਰ ਕਿਸਾਨ ਖ਼ੱਜਲ-ਖ਼ੁਆਰੀ ਤੋਂ ਬਚੇ ਰਹੇ। ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਹੋਣ ਕਰਕੇ ਸਰਕਾਰ ਨੂੰ ਕੋਈ ਮੁਸ਼ਕਲ ਵੀ ਨਹੀਂ ਝੱਲਣੀ ਪਈ।

ਖੇਤੀ ਮਾਹਿਰ ਆਖਦੇ ਹਨ ਕਿ ਝੋਨੇ ਦੀ ਪੈਦਾਵਾਰ ਨੇ ਕਿਸਾਨ ਤਾਂ ਬਾਗੋ ਬਾਗ ਕਰ ਦਿੱਤੇ ਹਨ ਪਰ ਇਸ ਨਾਲ ਅਗਲੇ ਵਰ੍ਹੇ ਝੋਨੇ ਦੀ ਕਾਸ਼ਤ ਨੂੰ ਘਟਾਉਣ ਦੇ ਟੀਚੇ ਨੂੰ ਜ਼ਰੂਰ ਸੱਟ ਵੱਜੇਗੀ। ਪੈਦਾਵਾਰ ਵਿਚ ਵਾਧੇ ਨਾਲ ਪੰਜਾਬ ਵਿਚ ਅਨਾਜ ਭੰਡਾਰਨ ਦੀ ਮੁਸ਼ਕਲ ਵੀ ਖੜ੍ਹੀ ਹੋ ਸਕਦੀ ਹੈ। ਭਾਰਤੀ ਖੁਰਾਕ ਨਿਗਮ ਦੇ ਜਨਰਲ ਮੈਨੇਜਰ ਬੀ.ਨਿਵਾਸਨ ਦਾ ਕਹਿਣਾ ਸੀ ਕਿ ਮੌਜੂਦਾ ਸਮੇਂ 40 ਲੱਖ ਮੀਟਰਿਕ ਟਨ ਦੇ ਭੰਡਾਰਨ ਦਾ ਪ੍ਰਬੰਧ ਹੈ ਅਤੇ 31 ਮਾਰਚ ਤੱਕ 35 ਲੱਖ ਮੀਟਰਿਕ ਟਨ ਹੋਰ ਅਨਾਜ ਸੰਭਾਲਣ ਦੀ ਸਮਰੱਥਾ ਬਣ ਜਾਵੇਗੀ।

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਇਸ ਵਾਰ ਕਿਸਾਨਾਂ ਨੂੰ ਹੜ੍ਹਾਂ ਕਰਕੇ ਸ਼ੁਰੂਆਤੀ ਪੜਾਅ 'ਤੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਸਰਕਾਰ ਨੇ ਪਨੀਰੀ ਦਾ ਪ੍ਰਬੰਧ ਕੀਤਾ ਅਤੇ ਬਿਜਲੀ ਪਾਣੀ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ। ਇਸ ਵਜੋਂ ਹੀ ਐਤਕੀਂ ਝੋਨੇ ਦੀ ਪੈਦਾਵਾਰ ਨੇ ਤੈਅ ਟੀਚੇ ਪਾਰ ਕਰ ਲਏ ਹਨ। ਇਸ ਨਾਲ ਪੇਂਡੂ ਆਰਥਿਕਤਾ ਨੂੰ ਕਾਫੀ ਹੁਲਾਰਾ ਮਿਲੇਗਾ।

## ਐਫ.ਸੀ.ਆਈ. ਨੇ ਖਰੀਦ 'ਚ ਘੱਟ ਦਿਲਚਸਪੀ ਦਿਖਾਈ

**ਚੰਡੀਗੜ੍ਹ:** ਮੌਜੂਦਾ ਸੀਜ਼ਨ ਦੌਰਾਨ ਭਾਰਤੀ ਖੁਰਾਕ ਨਿਗਮ ਨੇ ਝੋਨੇ ਦੀ ਖਰੀਦ ਕਰਨ ਵਿਚ ਬਹੁਤ ਹੀ ਘੱਟ ਦਿਲਚਸਪੀ ਦਿਖਾਈ ਹੈ। ਹੁਣ ਤੱਕ ਇਸ ਨੇ ਸਿਰਫ 38,311 ਮੀਟਰਿਕ ਟਨ ਝੋਨਾ ਹੀ ਖਰੀਦ ਕੀਤਾ ਹੈ ਜਦੋਂਕਿ ਪਿਛਲੇ ਵਰ੍ਹਿਆਂ ਦੌਰਾਨ ਇਸ ਨੇ ਕਦੇ ਵੀ ਏਨੀ ਘੱਟ ਖਰੀਦ ਨਹੀਂ ਕੀਤੀ। ਪਿਛਲੇ ਵਰ੍ਹੇ ਐਫ.ਸੀ.ਆਈ. ਨੇ 2 ਲੱਖ ਮੀਟਰਿਕ ਟਨ ਝੋਨਾ ਖਰੀਦ ਕੀਤਾ ਸੀ ਜਦੋਂਕਿ ਸਾਲ 2021-22 ਵਿਚ ਖੁਰਾਕ ਨਿਗਮ ਨੇ 1.69 ਲੱਖ ਮੀਟਰਿਕ ਟਨ ਝੋਨਾ ਖਰੀਦਿਆ ਸੀ। ਐਫ.ਸੀ.ਆਈ. ਨੇ ਸਾਲ 2016-17 ਵਿਚ ਆਖਰੀ ਸਮੇਂ ਸਭ ਤੋਂ ਵੱਧ 7.66 ਲੱਖ ਮੀਟਰਿਕ ਟਨ ਝੋਨਾ ਖਰੀਦ ਕੀਤਾ ਸੀ। ਇਸ ਵਾਰ ਐਫ.ਸੀ.ਆਈ. ਨੇ ਸਿਰਫ ਨੌਂ ਜ਼ਿਲ੍ਹਿਆਂ ਵਿਚ ਮਾਮੂਲੀ ਖਰੀਦ ਕੀਤੀ ਹੈ।

## ਸਾਬਕਾ ਵਿਧਾਇਕ ਕੁਸ਼ਲਦੀਪ ਢਿੱਲੋਂ ਖਿਲਾਫ਼ ਦੋਸ਼ ਆਇਦ

**ਫਰੀਦਕੋਟ:** ਇਥੋਂ ਦੇ ਸਪੈਸ਼ਲ ਜੱਜ ਰਾਜੀਵ ਕਾਲੜਾ ਨੇ ਫਰੀਦਕੋਟ ਦੇ ਸਾਬਕਾ ਵਿਧਾਇਕ ਤੇ ਕਾਂਗਰਸੀ ਆਗੂ ਕੁਸ਼ਲਦੀਪ ਸਿੰਘ ਢਿੱਲੋਂ ਸਣੇ ਕਾਂਗਰਸ ਦੇ ਤਿੰਨ ਆਗੂਆਂ ਖਿਲਾਫ਼ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਆਇਦ ਕੀਤੇ ਹਨ। ਜ਼ਿਕਰਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਕਾਂਗਰਸੀ ਆਗੂ ਗੁਰਸੇਵਕ ਸਿੰਘ ਨੀਲਾ ਤੇ ਰਾਜਵਿੰਦਰ ਸਿੰਘ ਖਿਲਾਫ਼ 16 ਮਈ ਨੂੰ ਕੇਸ ਦਰਜ ਕੀਤਾ ਸੀ ਤੇ ਇਸ ਮਾਮਲੇ 'ਚ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਉਸੇ ਦਿਨ ਗ੍ਰਿਫਤਾਰ ਕਰ ਲਿਆ ਸੀ ਜਦਕਿ ਗੁਰਸੇਵਕ ਸਿੰਘ ਤੇ ਰਾਜਵਿੰਦਰ ਸਿੰਘ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਦੇ ਦਿੱਤੀ ਸੀ। ਕਾਂਗਰਸੀ ਆਗੂਆਂ 'ਤੇ ਆਮਦਨ ਨਾਲੋਂ 2 ਕਰੋੜ 70 ਲੱਖ ਰੁਪਏ ਵੱਧ ਕਮਾਉਣ ਤੇ ਬੇਨਾਮੀ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਪਰਚਾ ਦਰਜ ਹੋਇਆ ਸੀ। ਵਿਜੀਲੈਂਸ ਵੱਲੋਂ ਪੇਸ਼ ਸਰਕਾਰੀ ਵਕੀਲ ਸੁਰਿੰਦਰ ਸਚਦੇਵਾ ਨੇ ਕਿਹਾ ਕਿ ਵਿਜੀਲੈਂਸ ਦੀ ਪੜਤਾਲ ਦੌਰਾਨ ਮੁਲਜ਼ਮਾਂ ਖਿਲਾਫ਼ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਸਬੂਤ ਮਿਲੇ ਹਨ। ਇਸ ਕਰਕੇ ਮੁਲਜ਼ਮਾਂ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮੁਕੱਦਮਾ ਚਲਾਉਣਾ ਲਾਜ਼ਮੀ ਹੈ। ਉਧਰ ਮੁਲਜ਼ਮਾਂ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਵਿਧਾਇਕ ਆਪਣੀ ਕਮਾਈ ਤੇ ਖਰਚਿਆਂ ਬਾਰੇ ਪਹਿਲਾਂ ਹੀ ਸਪੱਸ਼ਟੀਕਰਨ ਦੇ ਚੁੱਕੇ ਹਨ ਅਤੇ ਇਸੇ ਸਪੱਸ਼ਟੀਕਰਨ ਦੇ ਆਧਾਰ 'ਤੇ ਹਾਈ ਕੋਰਟ ਨੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਜ਼ਮਾਨਤ ਦਿੱਤੀ ਹੈ।

# ਰਾਹਗੀਰਾਂ ਦੀ ਸੁਰੱਖਿਆ ਲਈ ਪੰਜਾਬ ਪੁਲਿਸ ਪੱਬਾਂ ਭਾਰ ਹੋਈ

**ਚੰਡੀਗੜ੍ਹ:** 'ਸੜਕ ਸੁਰੱਖਿਆ ਫੋਰਸ' ਪ੍ਰੋਜੈਕਟ ਲਾਂਚ ਕਰਨ ਤੋਂ ਪਹਿਲਾਂ ਪੰਜਾਬ ਪੁਲਿਸ ਨੇ ਰੀਅਲ ਟਾਈਮ ਅਪਡੇਟ ਅਤੇ ਸੁਰੱਖਿਆ ਸਬੰਧੀ ਅਲਰਟ ਰਾਹੀਂ ਰਾਹਗੀਰਾਂ ਦਾ ਮਾਰਗ ਦਰਸ਼ਨ ਕਰਨ ਲਈ ਮੈਪਮਾਈਇੰਡੀਆ ਦੇ ਮੈਪਲਜ਼ ਐਪ ਦੀ ਮਦਦ ਲੈਣ ਦੀ ਪੂਰੀ ਤਿਆਰੀ ਕਰ ਲਈ ਹੈ। ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਇਕ ਵਿਸ਼ੇਸ਼ ਪੁਲਿਸ ਟੀਮ ਹੈ ਜੋ ਕਿ ਸੜਕ ਸੁਰੱਖਿਆ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਪਰਾਧੀਆਂ ਦਾ ਪਿੱਛਾ ਕਰਨ ਨੂੰ ਸਮਰਪਿਤ ਹੈ।

ਏ.ਡੀ.ਜੀ.ਪੀ. (ਟਰੈਫਿਕ) ਅਮਰਦੀਪ ਸਿੰਘ ਰਾਏ ਨੇ ਕਿਹਾ ਕਿ ਮੈਪਮਾਈਇੰਡੀਆ ਨਾਲ ਸਮਝੌਤਾ ਸਹੀਬੱਧ ਕਰਨਾ ਨਾ ਸਿਰਫ ਪੰਜਾਬ ਭਰ ਵਿਚ ਟਰੈਫਿਕ ਪ੍ਰਬੰਧਨ ਵੱਲ ਇਕ ਮਹੱਤਵਪੂਰਨ ਕਦਮ ਹੈ ਬਲਕਿ ਬਿਨਾ ਕਿਸੇ ਖਰਚੇ ਤੋਂ ਨਾਗਰਿਕਾਂ, ਰਾਹਗੀਰਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਸਬੰਧੀ ਉਨ੍ਹਾਂ ਦੀ ਪਹਿਲ ਨੂੰ ਵੀ



ਦਰਸਾਉਂਦਾ ਹੈ। ਉਨ੍ਹਾਂ ਕਿਹਾ, ''ਅਸੀਂ ਰੀਅਲ ਟਾਈਮ ਜਾਣਕਾਰੀ ਮੁਹੱਈਆ ਕਰਵਾਉਣ ਅਤੇ ਸਾਡੇ ਨਾਗਰਿਕਾਂ ਲਈ ਵਧੇਰੇ ਸੁਰੱਖਿਅਤ ਤੇ ਵਧੇਰੇ ਅਸਰਦਾਰ ਰਸਤੇ ਬਣਾਉਣ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਨੂੰ ਬੜ੍ਹਾਵਾ ਦੇਣ ਲਈ ਉਤਸ਼ਾਹਿਤ ਹਾਂ।''

ਮੈਪਲਜ਼ ਐਪ ਵਿਸਥਾਰਤ ਡਿਜ਼ੀਟਲ ਮੈਪ, ਨੇਵੀਗੇਸ਼ਨ ਜਾਣਕਾਰੀ ਅਤੇ ਨਾਗਰਿਕਾਂ ਲਈ ਪੰਜਾਬ ਟਰੈਫਿਕ ਪੁਲਿਸ ਦੀ ਐਡਵਾਈਜਰੀ ਤੇ ਯੋਜਨਾਵਾਂ ਨਾਲ ਏਕੀਕ੍ਰਿਤ ਆਪਣਾ ਵੈੱਬ ਤੇ ਮੋਬਾਈਲ ਆਧਾਰਤ ਐਪ ਨਾਗਰਿਕਾਂ ਨੂੰ ਮੁਫਤ ਮੁਹੱਈਆ ਕਰਵਾਏਗਾ। ਇਸ ਤੋਂ ਇਲਾਵਾ ਇਹ ਐਪ ਰਾਹਗੀਰਾਂ ਨੂੰ ਪ੍ਰਦਰਸ਼ਨਾਂ, ਰੈਲੀਆਂ, ਵੀ.ਆਈ.ਪੀ. ਆਵਾਜਾਈ, ਸੜਕਾਂ ਬੰਦ ਹੋਣ ਅਤੇ ਰਸਤੇ ਤਬਦੀਲ ਕਰਨ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਏਗਾ। ਇਸੇ ਤਰ੍ਹਾਂ ਇਹ ਐਪ ਸੜਕ 'ਤੇ ਅੱਗੇ ਆਉਣ ਵਾਲੇ ਟੋਇਆਂ, ਹਾਦਸੇ ਵਾਲੀਆਂ ਥਾਵਾਂ, ਰਫਤਾਰ ਸੀਮਾ ਅਤੇ ਖਤਰਨਾਕ ਮੋੜਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਏਗਾ। ਮੈਪਮਾਈਇੰਡੀਆ ਦੇ ਸੀ.ਈ.ਓ. ਰੋਹਨ ਵਰਮਾ ਨੇ ਇਸ ਉਪਰਾਲੇ ਪ੍ਰਤੀ ਉਤਸ਼ਾਹ ਦਿਖਾਉਂਦਿਆਂ ਕਿਹਾ, ''ਅਸੀਂ ਆਪਣੇ ਦੇਸ਼ ਵਿੱਚ ਤਕਨਾਲੋਜੀ ਰਾਹੀਂ ਭਾਰਤੀਆਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਵਚਨਬੱਧ ਹਾਂ।''

# ਮੋਦੀ ਦੀ ਸੁਰੱਖਿਆ 'ਚ 'ਕੁਤਾਹੀ': ਐਸ.ਪੀ. ਤੇ ਦੋ ਡੀ.ਐਸ.ਪੀਜ਼ ਸਣੇ ਸੱਤ ਅਧਿਕਾਰੀ ਮੁਅੱਤਲ

**ਬਠਿੰਡਾ:** ਫਿਰੋਜ਼ਪੁਰ ਨੇੜੇ 5 ਜਨਵਰੀ 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਫ਼ਲੇ ਦੀ ਸੁਰੱਖਿਆ ਵਿਚ 'ਕੁਤਾਹੀ' ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਬਠਿੰਡਾ ਦੇ ਐਸ.ਪੀ. ਸਣੇ ਸੱਤ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਮੋਦੀ ਨੇ ਫਿਰੋਜ਼ਪੁਰ ਵਿੱਚ ਰੈਲੀ ਨੂੰ ਸੰਬੋਧਨ ਕਰਨਾ ਸੀ।

ਇਸ ਕੇਸ ਦੀ ਜਾਂਚ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਵੱਲੋਂ ਦਿੱਤੀ ਰਿਪੋਰਟ ਵਿਚ ਕਈ ਸਿਖਰਲੇ ਅਧਿਕਾਰੀਆਂ ਨੂੰ ਇਸ ਕੁਤਾਹੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਜਿਨ੍ਹਾਂ ਵਿਚ ਤਤਕਾਲੀ ਗ੍ਰਹਿ ਸਕੱਤਰ ਤੇ ਡੀ.ਜੀ.ਪੀ. ਸਣੇ ਐਡੀਸ਼ਨਲ ਡੀ.ਜੀ.ਪੀ. ਤੇ ਐਸ.ਐਸ.ਪੀ. ਰੈਂਕ ਦੇ ਅਧਿਕਾਰੀ ਸ਼ਾਮਲ ਹਨ। ਇਹ ਰਿਪੋਰਟ ਆਈ.ਪੀ.ਐਸ. ਅਧਿਕਾਰੀਆਂ 'ਤੇ ਕੇਂਦਰਿਤ ਹੈ ਜਿਸ ਵਿਚ ਸੂਬਾ ਸਰਕਾਰ ਨੂੰ ਕਿਹਾ ਗਿਆ ਹੈ ਕਿ ਇਸ ਕੁਤਾਹੀ ਵਿਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਵਾਈ ਜਾਵੇ।

ਵੇਰਵਿਆਂ ਅਨੁਸਾਰ ਜਿਨ੍ਹਾਂ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਉਨ੍ਹਾਂ ਵਿਚ ਐਸ.ਪੀ. (ਬਠਿੰਡਾ) ਗੁਰਬਿੰਦਰ ਸਿੰਘ ਜੋ ਕਿ ਘਟਨਾ ਵੇਲੇ ਫਿਰੋਜ਼ਪੁਰ ਦੇ ਐਸ.ਪੀ. ਸਨ, ਡੀ.ਐਸ.ਪੀ. ਪ੍ਰਸੂਨ ਸਿੰਘ ਤੇ ਜਗਦੀਸ਼ ਕੁਮਾਰ, ਇੰਸਪੈਕਟਰ ਜਤਿੰਦਰ ਸਿੰਘ ਤੇ ਬਲਵਿੰਦਰ ਸਿੰਘ, ਸਬ-ਇੰਸਪੈਕਟਰ ਜਸਵੰਤ ਸਿੰਘ ਤੇ ਏ.ਐਸ.ਆਈ. ਰਮੇਸ਼ ਕੁਮਾਰ ਸ਼ਾਮਲ ਹਨ। ਕਾਬਲੇਗੌਰ ਹੈ ਕਿ



ਪ੍ਰਧਾਨ ਮੰਤਰੀ ਦੀ ਫੇਰੀ ਮੌਕੇ ਰਿਜ਼ਰਵ ਬਲ ਦਾ ਗਠਨ ਕੀਤਾ ਗਿਆ ਸੀ ਤਾਂ ਕਿ ਹੰਗਾਮੀ ਹਾਲਾਤ ਵਿਚ ਕਾਰਵਾਈ ਕੀਤੀ ਜਾ ਸਕੇ। ਐਸ.ਪੀ. ਗੁਰਬਿੰਦਰ ਸਿੰਘ ਇਸ ਰਿਜ਼ਰਵ ਬਲ ਦੇ ਇੰਚਾਰਜ ਸਨ। ਪਹਿਲਾਂ ਇਸ ਬਾਰੇ ਜ਼ਿਕਰ ਨਹੀਂ ਕੀਤਾ ਗਿਆ ਸੀ ਕਿ ਜਦੋਂ ਪ੍ਰਧਾਨ ਮੰਤਰੀ ਦਾ ਕਾਫਲਾ ਫਿਰੋਜ਼ਪੁਰ ਨੇੜਲੇ ਪੁਲ 'ਤੇ ਕਿਸਾਨਾਂ ਦੇ ਪ੍ਰਦਰਸ਼ਨ ਦੌਰਾਨ ਰੁਕਿਆ ਸੀ ਤਾਂ ਰਿਜ਼ਰਵ ਬਲ ਦੀ ਫੌਰੀ ਤੌਰ 'ਤੇ ਵਰਤੋਂ ਕੀਤੀ ਗਈ ਸੀ।

ਗ੍ਰਹਿ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੇ ਪੁਲਿਸ ਅਧਿਕਾਰੀਆਂ ਦੀ ਮੁਅੱਤਲੀ ਬਾਰੇ 22 ਨਵੰਬਰ ਨੂੰ ਹੁਕਮ ਜਾਰੀ ਕੀਤੇ ਸਨ ਜੋ ਕਿ ਹੁਣ ਜਨਤਕ ਹੋਏ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਕੁਤਾਹੀ ਲਈ ਜ਼ਿੰਮੇਵਾਰ ਹੋਰ ਅਧਿਕਾਰੀਆਂ ਖ਼ਿਲਾਫ਼ ਵੀ ਕਾਰਵਾਈ ਵਿਚਾਰ ਅਧੀਨ ਹੈ। ਜਸਟਿਸ (ਸੇਵਾ-ਮੁਕਤ) ਇੰਦੂ ਮਲਹੋਤਰਾ ਦੀ ਪ੍ਰਧਾਨਗੀ ਵਾਲੀ ਜਾਂਚ ਕਮੇਟੀ ਵਿਚ ਐੱਨ.ਆਈ.ਏ. ਦੇ ਸਾਬਕਾ ਮੁਖੀ ਕੁਲਦੀਪ ਸਿੰਘ, ਚੰਡੀਗੜ੍ਹ ਦੇ ਡੀ.ਜੀ.ਪੀ. ਪ੍ਰਵੀਰ ਰੰਜਨ ਤੇ ਸਪੈਸ਼ਲ ਡੀ.ਜੀ.ਪੀ, ਪੰਜਾਬ, ਸ਼ਰਦ ਸਤਿਆ ਚੌਹਾਨ ਬਤੌਰ ਮੈਂਬਰ ਸ਼ਾਮਲ ਹਨ। ਕਮੇਟੀ ਨੇ ਤਿੰਨ ਅਧਿਕਾਰੀਆਂ ਤਤਕਾਲੀ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ, ਫ਼ਿਰੋਜਪੁਰ ਦੇ ਡੀ.ਆਈ.ਜੀ. ਇੰਦਰਬੀਰ ਸਿੰਘ ਤੇ ਫਿਰੋਜ਼ਪੁਰ ਦੇ ਐਸ.ਐਸ.ਪੀ. ਹਰਮਨ ਹਾਂਸ ਖ਼ਿਲਾਫ਼ ਸਖਤ ਕਾਰਵਾਈ ਕਰਨ ਲਈ ਕਿਹਾ ਹੈ। ਇਸੇ ਤਰ੍ਹਾਂ ਗ੍ਰਹਿ ਸਕੱਤਰ ਅਨਿਰੁਧ ਤਿਵਾੜੀ ਤੇ ਹੋਰਨਾਂ ਖ਼ਿਲਾਫ਼ ਵੀ ਕਾਰਵਾਈ ਕਰਨ ਦੀ ਗੱਲ ਕਹੀ ਹੈ।

ਘਟਨਾ ਦੇ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਜਹਾਜ਼ ਰਾਹੀਂ ਦਿੱਲੀ ਤੋਂ ਬਠਿੰਡਾ ਦੇ ਸਿਵਲ ਹਵਾਈ ਅੱਡੇ 'ਤੇ ਪਹੁੰਚੇ ਸਨ। ਜਦੋਂ ਉਹ ਸੜਕ ਰਸਤੇ ਬਠਿੰਡਾ ਤੋਂ ਫ਼ਿਰੋਜ਼ਪੁਰ ਜਾ ਰਹੇ ਸਨ ਤਾਂ ਫ਼ਿਰੋਜ਼ਪੁਰ ਦਾਖ਼ਲ ਹੋਣ ਵੇਲੇ ਇਕ ਪੁਲ 'ਤੇ ਕਿਸਾਨ ਯੂਨੀਅਨ ਵੱਲੋਂ ਧਰਨਾ ਲਾਇਆ ਹੋਇਆ ਸੀ। ਇਸ ਕਾਰਨ ਪ੍ਰਧਾਨ ਮੰਤਰੀ ਦੀਆਂ ਗੱਡੀਆਂ ਦਾ ਕਾਫ਼ਲਾ ਪੰਦਰਾਂ ਕੁ ਮਿੰਟ ਪੁਲ 'ਤੇ ਹੀ ਰੁਕਿਆ ਰਿਹਾ। ਉਸ ਦਿਨ ਭਾਰੀ ਮੀਂਹ ਪੈ ਰਿਹਾ ਸੀ। ਪ੍ਰਧਾਨ ਮੰਤਰੀ ਰੈਲੀ ਵਾਲੀ ਜਗ੍ਹਾ 'ਤੇ ਪਹੁੰਚੇ ਬਗ਼ੈਰ ਹੀ ਦਿੱਲੀ ਪਰਤਣ ਲਈ ਪੁਲ ਤੋਂ ਵਾਪਸ ਬਠਿੰਡਾ ਹਵਾਈ ਅੱਡੇ 'ਤੇ ਸੜਕੀ ਮਾਰਗ ਰਾਹੀਂ ਪੁੱਜੇ।

ਹਵਾਈ ਅੱਡੇ 'ਤੇ ਉਨ੍ਹਾਂ ਪੰਜਾਬ ਦੇ ਸੁਰੱਖਿਆ ਕਰਮਚਾਰੀਆਂ ਨੂੰ ਕਥਿਤ ਤੌਰ 'ਤੇ ਕਿਹਾ ਸੀ ਕਿ 'ਆਪਣੇ ਮੁੱਖ ਮੰਤਰੀ ਨੂੰ ਕਹਿ ਦੇਣਾ ਕਿ ਸ਼ੁਕਰ ਹੈ ਉਹ ਬਚ ਕੇ ਵਾਪਸ ਆ ਗਏ ਹਨ।' ਇਸ ਮੁੱਦੇ ਨੂੰ ਲੈ ਕੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦਰਮਿਆਨ ਤਕਰਾਰ ਵੀ ਹੋਇਆ ਸੀ। ਇਸ ਗੰਭੀਰ ਮਾਮਲੇ ਬਾਰੇ ਕੇਂਦਰੀ ਗ੍ਰਹਿ ਵਿਭਾਗ ਨੇ ਡੀ.ਜੀ.ਪੀ. ਅਤੇ ਮੁੱਖ ਸਕੱਤਰ ਤੋਂ ਰਿਪੋਰਟ ਤਲਬ ਕੀਤੀ ਸੀ। ਤਤਕਾਲੀ ਡੀ.ਜੀ.ਪੀ. ਤੋਂ ਲੈ ਕੇ ਪ੍ਰਧਾਨ ਮੰਤਰੀ ਦੌਰੇ ਲਈ ਤਾਇਨਾਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਪੜਤਾਲ ਕੀਤੀ ਗਈ ਸੀ ਅਤੇ ਹੁਣ ਜਾਰੀ ਹੋਏ ਆਦੇਸ਼ਾਂ ਵਿੱਚ ਐਸ.ਪੀ. ਗੁਰਵਿੰਦਰ ਸਿੰਘ ਸੰਘਾ ਨੂੰ ਮੁਅੱਤਲ ਕੀਤਾ ਗਿਆ ਹੈ।

## ਜਾਂਚ ਕਮੇਟੀ ਰਿਪੋਰਟ 'ਚ ਕਈ ਅਫਸਰ ਜ਼ਿੰਮੇਵਾਰ ਕਰਾਰ

**ਨਵੀਂ ਦਿੱਲੀ:** ਇਸ ਕੇਸ ਦੀ ਜਾਂਚ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਵੱਲੋਂ ਦਿੱਤੀ ਗਈ ਰਿਪੋਰਟ ਵਿਚ ਕਈ ਸਿਖਰਲੇ ਅਧਿਕਾਰੀਆਂ ਨੂੰ ਇਸ ਕੁਤਾਹੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਜਿਨ੍ਹਾਂ ਵਿਚ ਤਤਕਾਲੀ ਗ੍ਰਹਿ ਸਕੱਤਰ ਤੇ ਡੀ.ਜੀ.ਪੀ. ਸਣੇ ਐਡੀਸ਼ਨਲ ਡੀ.ਜੀ.ਪੀ. ਤੇ ਐਸ.ਐਸ.ਪੀ. ਰੈਂਕ ਦੇ ਅਧਿਕਾਰੀ ਸ਼ਾਮਲ ਹਨ। ਇਹ ਰਿਪੋਰਟ ਆਈ.ਪੀ.ਐਸ. ਅਧਿਕਾਰੀਆਂ 'ਤੇ ਕੇਂਦਰਿਤ ਹੈ ਜਿਸ ਵਿਚ ਸੂਬਾ ਸਰਕਾਰ ਨੂੰ ਕਿਹਾ ਗਿਆ ਹੈ ਕਿ ਇਸ ਕੁਤਾਹੀ ਵਿਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਨੇ ਦੱਸਿਆ ਕਿ ਇਸ ਕੁਤਾਹੀ ਲਈ ਜ਼ਿੰਮੇਵਾਰ ਹੋਰ ਅਧਿਕਾਰੀਆਂ ਖ਼ਿਲਾਫ਼ ਵੀ ਕਾਰਵਾਈ ਵਿਚਾਰ ਅਧੀਨ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 2 ਦਸੰਬਰ, 2023*

# ਸੰਵਾਦ ਅਤੇ ਸਬਰ ਦਾ ਸੁਨੇਹਾ

ਸੰਸਾਰ ਭਰ ਵਿਚ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਪੁਰਬ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਵੱਖ-ਵੱਖ ਗੁਰਦੁਆਰਿਆਂ ਵਿਚ ਕਥਾ-ਕੀਰਤਨ ਦਾ ਪ੍ਰਵਾਹ ਚੱਲਿਆ। ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਸਬੰਧਿਤ ਸਮਾਗਮ ਵੀ ਹੋਏ ਅਤੇ ਸੋਸ਼ਲ ਮੀਡੀਆ ਉਤੇ ਵੀ ਇਸ ਸਬੰਧੀ ਖੂਬ ਗਹਿਮਾ-ਗਹਿਮੀ ਰਹੀ। ਉਂਞ, ਇਸ ਦੌਰਾਨ ਨਿਊਯਾਰਕ ਦੇ ਲੌਂਗ ਆਈਲੈਂਡ ਗੁਰਦੁਆਰੇ ਵਿਚ ਕੁਝ ਲੋਕਾਂ ਨੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਘੇਰ ਕੇ ਸਵਾਲ ਕਰਨ ਦੀ ਕੋਸ਼ਿਸ਼ ਕੀਤੀ। ਖਬਰਾਂ ਹਨ ਕਿ ਕੁਝ ਲੋਕ ਭਾਰਤੀ ਸਫੀਰ ਤੋਂ ਕੈਨੇਡਾ ਵਿਚ ਕਤਲ ਹੋਏ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਬਾਰੇ ਸਵਾਲ ਕਰ ਰਹੇ ਸਨ। ਯਾਦ ਰਹੇ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਸੰਸਦ ਵਿਚ ਆਪਣੇ ਸੰਬੋਧਨ ਦੌਰਾਨ ਇਹ ਦੋਸ਼ ਲਾਏ ਸਨ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤੀ ਦੀਆਂ ਖੁਫੀਆ ਏਜੰਸੀਆਂ ਦਾ ਹੱਥ ਹੋਣ ਦੇ ਵੇਰਵੇ ਮਿਲੇ ਹਨ। ਬਾਅਦ ਵਿਚ ਇਹ ਤੱਥ ਸਪਸ਼ਟ ਹੋਇਆ ਕਿ ਕੈਨੇਡਾ ਨਾਲ ਇਹ ਵੇਰਵੇ ਅਮਰੀਕਾ ਨੇ ਆਪਣੀਆਂ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਸਾਂਝੇ ਕੀਤੇ ਸਨ।

ਇਹ ਮਸਲਾ ਇਕਦਮ ਭਖਣ ਤੋਂ ਬਾਅਦ ਕੈਨੇਡਾ ਅਤੇ ਭਾਰਤ ਦੇ ਆਪਸੀ ਸਬੰਧਾਂ ਉਤੇ ਡਾਢਾ ਮਾੜਾ ਅਸਰ ਪਿਆ ਸੀ ਅਤੇ ਭਾਰਤ ਸਰਕਾਰ ਨੇ ਰੋਸ ਵਜੋਂ ਕੈਨੇਡੀਅਨ ਨਾਗਰਿਕਾਂ ਨੂੰ ਨਵੇਂ ਵੀਜ਼ੇ ਦੇਣ 'ਤੇ ਰੋਕ ਲਾ ਦਿੱਤੀ ਸੀ। ਇਸ ਤੋਂ ਬਾਅਦ ਦੋਹਾਂ ਮੁਲਕਾਂ ਨੇ ਸਫਾਰਤਖਾਨਿਆਂ ਦੇ ਇਕ-ਇਕ ਅਧਿਕਾਰੀ ਨੂੰ ਆਪੋ-ਆਪਣੇ ਦੇਸ ਵਾਪਸ ਤੋਰ ਦਿੱਤਾ ਸੀ। ਗੱਲ ਹੋਰ ਵਿਗੜੀ ਤਾਂ ਭਾਰਤ ਦੇ ਕਹਿਣ 'ਤੇ ਕੈਨੇਡਾ ਨੇ ਆਪਣੇ 41 ਹੋਰ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਵਾਪਸ ਬੁਲਾ ਲਿਆ ਸੀ। ਹੁਣ ਵੀ ਇਸ ਮਸਲੇ 'ਤੇ ਦੋਹਾਂ ਮੁਲਕਾਂ ਵਿਚਕਾਰ ਤਣਾਅ ਵਾਲੀ ਹਾਲਤ ਹੈ। ਹਾਲ ਹੀ ਵਿਚ ਅਮਰੀਕਾ ਵਿਚ ਲੀਕ ਹੋਈ ਇਕ ਹੋਰ ਖੁਫੀਆ ਰਿਪੋਰਟ ਨੇ ਵੀ ਵਾਹਵਾ ਰੱਫੜ ਵਧਾ ਦਿੱਤਾ। ਇਹ ਰਿਪੋਰਟ 'ਸਿੱਖਸ ਫਾਰ ਜਸਟਿਸ' ਦੇ ਕਰਤਾ-ਧਰਤਾ, ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੀ ਜਾਨ ਨੂੰ ਖਤਰੇ ਬਾਰੇ ਸੀ। ਇਹ ਖਬਰਾਂ ਅਜੇ ਚੱਲ ਹੀ ਰਹੀਆਂ ਸਨ ਕਿ ਨਿਊ ਯਾਰਕ ਵਿਚ ਭਾਰਤੀ ਸਫੀਰ ਨੂੰ ਘੇਰਨ ਦੀ ਕੋਸ਼ਿਸ਼ ਵਾਲਾ ਮਸਲਾ ਸਾਹਮਣੇ ਆ ਗਿਆ।

ਬਿਨਾਂ ਸ਼ੱਕ ਕਿਸੇ ਵੀ ਜ਼ਿੰਮੇਵਾਰ ਅਧਿਕਾਰੀ ਨੂੰ ਲੋਕ ਸਵਾਲ ਪੁੱਛ ਸਕਦੇ ਹਨ ਪਰ ਸਵਾਲ ਪੁੱਛਣ ਵਾਲਿਆਂ ਨੇ ਜੋ ਢੰਗ-ਤਰੀਕਾ ਅਪਣਾਇਆ, ਉਸ ਬਾਰੇ ਕਿੰਤੂ-ਪ੍ਰੰਤੂ ਹੋ ਰਹੇ ਹਨ। ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ ਗੁਰਦੁਆਰੇ ਮੱਥਾ ਟੇਕਣ ਗਏ ਸਨ। ਉਹ ਭਾਵੇਂ ਅਮਰੀਕਾ ਵਿਚ ਭਾਰਤ ਸਰਕਾਰ ਦੇ ਨੁਮਾਇੰਦੇ ਹਨ ਪਰ ਵਿਚਾਰਾਂ ਦਾ ਵਖਰੇਵਾਂ ਧਾਰਮਿਕ ਸਥਾਨਾਂ 'ਤੇ ਜਾਣ ਵਿਚ ਕਦੀ ਰੁਕਾਵਟ ਨਹੀਂ ਬਣਿਆ। ਉਂਞ ਵੀ ਧਾਰਮਿਕ ਸਥਾਨ ਕਿਸੇ ਇਕ ਧੜੇ ਦੇ ਨਹੀਂ ਹੁੰਦੇ ਸਗੋਂ ਸਮੁੱਚੇ ਭਾਈਚਾਰੇ ਦੇ ਹੁੰਦੇ ਹਨ। ਅੱਜ ਤੱਕ ਗੁਰਦੁਆਰਿਆਂ ਦੀ ਮਰਿਆਦਾ ਸਾਰਿਆਂ ਨੂੰ ਜੀ ਆਇਆਂ ਕਹਿਣ ਵਾਲੀ ਰਹੀ ਹੈ ਅਤੇ ਹੁਣ ਵੀ ਹੈ। ਇਕ ਤੱਥ ਹੋਰ ਵੀ ਧਿਆਨ ਵਿਚ ਰੱਖਣ ਵਾਲਾ ਹੈ। ਤਰਨਜੀਤ ਸਿੰਘ ਸੰਧੂ ਦਾ ਸਬੰਧ ਅਜਿਹੇ ਪਰਿਵਾਰ ਨਾਲ ਹੈ ਜਿਸ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਅਤੇ ਉਨ੍ਹਾਂ ਵੇਲਿਆਂ ਦੌਰਾਨ ਚੱਲੀ ਗੁਰਦੁਆਰਾ ਸੁਧਾਰ ਲਹਿਰ 'ਚ ਡਟ ਕੇ ਹਿੱਸਾ ਲਿਆ ਸੀ। ਉਹ ਉੱਘੇ ਅਕਾਲੀ ਆਗੂ ਤੇਜਾ ਸਿੰਘ ਸਮੁੰਦਰੀ ਦਾ ਪੋਤਾ ਹੈ। ਚੇਤੇ ਰਹੇ ਕਿ ਤੇਜਾ ਸਿੰਘ ਸਮੁੰਦਰੀ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਸੁੰਦਰ ਸਿੰਘ ਲਾਇਲਪੁਰੀ, ਮੰਗਲ ਸਿੰਘ, ਸਰਦੂਲ ਸਿੰਘ ਕਵੀਸ਼ਰ, ਹੀਰਾ ਸਿੰਘ ਦਰਦ ਅਤੇ ਹੋਰ ਆਗੂਆਂ ਦੁਆਰਾ ਅਕਾਲੀ ਅਖ਼ਬਾਰ ਸ਼ੁਰੂ ਕਰਨ 'ਚ ਵੀ ਸਹਿਯੋਗ ਦਿੱਤਾ। ਜੇਲ੍ਹ ਕੱਟੀ। ਦਰਬਾਰ ਸਾਹਿਬ ਕੰਪਲੈਕਸ 'ਚ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਉਨ੍ਹਾਂ ਦੀ ਯਾਦ ਨੂੰ ਹੀ ਸਮਰਪਿਤ ਹੈ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀਆਂ ਵਿਚੋਂ ਸਨ। ਉਨ੍ਹਾਂ ਨੇ ਸਰਹਾਲੀ ਅਤੇ ਲਾਇਲਪੁਰ ਵਿਚ ਸਿੱਖ ਵਿਦਿਅਕ ਅਦਾਰੇ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੇ ਪੁੱਤਰ ਅਤੇ ਤਰਨਜੀਤ ਸਿੰਘ ਸੰਧੂ ਦੇ ਪਿਤਾ ਬਿਸ਼ਨ ਸਿੰਘ ਸਮੁੰਦਰੀ ਅੰਮ੍ਰਿਤਸਰ ਵਿਚ ਬਣਾਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬਾਨੀ ਵਾਈਸ ਚਾਂਸਲਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ।

ਇਹ ਤੱਥ ਨੋਟ ਕਰਨ ਵਾਲਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਸਿੱਖ ਭਾਈਚਾਰੇ, ਖਾਸ ਕਰ ਕੇ ਜੋ ਵਿਦੇਸ਼ਾਂ ਵਿਚ ਵੱਸਦਾ ਹੈ, ਅੰਦਰ ਕੱਟੜ ਆਗੂਆਂ ਅਤੇ ਕਾਰਕੁਨਾਂ ਦਾ ਦਬਦਬਾ ਵਧ ਰਿਹਾ ਹੈ। ਨਿਊ ਯਾਰਕ ਵਾਲੀ ਘਟਨਾ ਇਸੇ ਦਾਬੇ ਦੀ ਇਕ ਮਿਸਾਲ ਹੈ। ਗੁਰੂ ਸਾਹਿਬਾਨ ਨੇ ਅਵਾਮ ਨੂੰ ਸਦਾਹੀ ਸੰਵਾਦ, ਸਬਰ ਅਤੇ ਸੰਜਮ ਦਾ ਸੁਨੇਹਾ ਦਿੱਤਾ। ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਰਚਨਾ 'ਸਿੱਧ ਗੋਸਟਿ' ਤੋਂ ਲੈ ਕੇ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜ਼ਫਰਨਾਮਾ' ਤੱਕ ਸੰਵਾਦ ਰਚਾਉਣ ਦੀ ਰਵਾਇਤ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਫਰਮਾਇਆ ਹੈ: ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ ਉਨ੍ਹਾਂ ਨੇ ਤਾਂ ਕੁਝ ਕਹਿਣ ਤੋਂ ਵੀ ਪਹਿਲਾਂ ਸੁਣਨ ਦਾ ਸੁਨੇਹਾ ਦਿੱਤਾ ਹੈ। ਫਿਰ ਅਸੀਂ ਗੁਰ-ਅਸਥਾਨਾਂ 'ਤੇ ਸ਼ਰਧਾਲੂ ਬਣ ਕੇ ਆ ਰਹੇ ਲੋਕਾਂ ਨਾਲ ਅਜਿਹਾ ਵਿਹਾਰ ਕਿਵੇਂ ਕਰ ਸਕਦੇ ਹਾਂ! ਇਸ ਤਰ੍ਹਾਂ ਦੀ ਅਰਾਜਕਤਾ ਦਾ ਤਾਂ ਫਿਰ ਕੋਈ ਅੰਤ ਹੀ ਨਹੀਂ ਰਹੇਗਾ। ਅਜਿਹੀ ਕੱਟੜਤਾ ਆਮ ਲੋਕਾਂ ਨਾਲ ਦੂਰੀਆਂ ਹੀ ਵਧਾਏਗੀ। ਸਿੱਖ ਆਗੂਆਂ ਨੂੰ ਇਸ ਮਸਲੇ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਭਾਈਚਾਰੇ ਅੰਦਰ ਪਨਪ ਰਹੇ ਅਜਿਹੇ ਰੁਝਾਨਾਂ ਨੂੰ ਠੱਲ੍ਹ ਪਾਉਣ ਲਈ ਹੀਲੇ-ਵਸੀਲੇ ਕਰਨੇ ਚਾਹੀਦੇ ਹਨ। ਅਜਿਹੀਆਂ ਸਰਗਰਮੀਆਂ ਨਾਲ ਚਾਰ ਦਿਨ ਚਰਚਾ ਤਾਂ ਜ਼ਰੂਰ ਹੋ ਜਾਂਦੀ ਹੈ ਪਰ ਅੰਤਿਮ ਰੂਪ ਵਿਚ ਗੱਲ ਕਿਸੇ ਤਣ-ਪੱਤਣ ਨਹੀਂ ਲੱਗਦੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਜ਼ਾਰ ਦੀ ਮਾਰ

ਮਮਤਾ ਖੋਹੀ ਐ ਮਾਵਾਂ ਦੇ ਦਿਲਾਂ ਵਿੱਚੋਂ ਰਾਹੇ 'ਧਨ ਕਮਾਉਣ' ਦੇ ਪਾਈਆਂ ਨੇ।
ਆਏ ਸਮਝਣੇ 'ਨੀਵੀਆਂ' ਆਪਣੇ ਤੋਂ ਸਮਝੀ ਇਹ 'ਬਰਾਬਰੀ' ਭਾਈਆਂ ਨੇ।
ਦੇਖ-ਰੇਖ ਵਿਚ ਬੱਚੇ ਨੂੰ ਪਾਲਣਾ ਸੀ ਹੁਣ ਵਿਰਾਸਤਾਂ ਉਹ ਭੁਲਾਈਆਂ ਨੇ।
ਨਿੱਕੇ ਨਿਆਣੇ ਵੀ ਭੇਜ ਸਕੂਲ ਦਿੱਤੇ ਨੱਠ-ਭੱਜ ਕੇ ਬੱਝਦੀਆਂ ਟਾਈਆਂ ਨੇ।
ਮੋਹ ਮਿਲੇ ਨਾ ਮਾਵਾਂ ਦਾ ਬੱਚਿਆਂ ਨੂੰ ਤਦੇ ਘਰਾਂ 'ਚ ਖੁਸ਼ਕੀਆਂ ਆਈਆਂ ਨੇ।
ਮਾਰ ਪਈ 'ਬਜ਼ਾਰ' ਦੀ ਟੱਬਰਾਂ 'ਤੇ ਪੱਕੇ ਡੇਰੇ ਆ ਲਾਏ 'ਬੁਰਾਈਆਂ' ਨੇ!

# ਸੂਬਿਆਂ ਦੀਆਂ ਰਾਜਧਾਨੀਆਂ 'ਚ ਕਿਸਾਨ ਧਰਨੇ ਅਤੇ ਕਿਸਾਨ ਮੰਗਾਂ

***ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਦਿੱਲੀ ਅੰਦੋਲਨ ਦਾ ਧੁਰਾ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਸੀ ਪਰ ਉਹ ਤਾਂ ਸਰਕਾਰ ਵੱਲੋਂ ਕੁਝ ਮਹੀਨੇ ਪਹਿਲਾਂ ਥੋਪੀ ਸਮੱਸਿਆ ਸੀ ਤੇ ਉਸ ਤੋਂ ਪਹਿਲਾਂ ਵੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਚੱਲ ਹੀ ਰਿਹਾ ਸੀ। ਖੇਤੀ ਕਾਨੂੰਨਾਂ ਦੀ ਵਾਪਸੀ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਜ਼ਰੂਰ ਸੀ ਲੇਕਿਨ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਵਾਲੀ ਅਹਿਮ ਮੰਗ 'ਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਕਮੇਟੀ ਬਣਾਉਣ ਦਾ ਭਰੋਸਾ ਹੀ ਦੇ ਸਕੀ।***

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤਹਿਤ ਕਈ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਦਿੱਤੇ ਗਏ ਤਿੰਨ ਰੋਜ਼ਾ ਧਰਨਿਆਂ ਨੇ ਕਿਸਾਨ ਅੰਦੋਲਨ ਵਿਚ ਮੁੜ ਦਿੱਲੀ ਦੇ ਬਾਰਡਰਾਂ ਵਾਲੀ ਰੂਹ ਪਾ ਦਿੱਤੀ ਹੈ। ਦਿੱਲੀ ਦੇ ਬਾਰਡਰਾਂ 'ਤੇ ਚੱਲੇ ਲੰਮੇ ਕਿਸਾਨ ਅੰਦੋਲਨ ਨੇ ਜਿੱਥੇ ਮੋਦੀ ਸਰਕਾਰ ਨੂੰ ਤਿੰਨ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਸੀ, ਉੱਥੇ ਦੁਨੀਆ ਭਰ ਵਿਚ ਇਸ ਕਿਸਾਨ ਅੰਦੋਲਨ ਨੇ ਬਹੁਤ ਗਹਿਰੀ ਛਾਪ ਛੱਡੀ ਸੀ। ਖੇਤੀ ਕਾਨੂੰਨਾਂ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਖਿਲਾਫ ਚੱਲੇ ਕਿਸਾਨ ਅੰਦੋਲਨ ਨੇ ਦੇਸ਼ ਦੇ ਕਿਰਤੀ ਲੋਕਾਂ ਤੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਲਈ ਕਾਰਪੋਰੇਟ ਘਰਾਣਿਆਂ ਦੇ ਸਰਕਾਰਾਂ ਨਾਲ ਗੱਠਜੋੜ ਨੂੰ ਬੇਪਰਦ ਕੀਤਾ ਸੀ। ਇਸੇ ਕਰ ਕੇ ਦੁਨੀਆ ਦੇ ਕਈ ਪੂੰਜੀਵਾਦੀ ਮੁਲਕਾਂ ਦੇ ਕਿਸਾਨਾਂ 'ਤੇ ਇਸ ਅੰਦੋਲਨ ਦਾ ਅਸਰ ਨਜ਼ਰ ਆਇਆ ਸੀ।

ਪਿਛਲੇ ਦੋ ਸਾਲਾਂ ਦਰਮਿਆਨ ਸੰਯੁਕਤ ਕਿਸਾਨ ਮੋਰਚਾ ਕਈ ਮੋੜਾਂ-ਘੋੜਾਂ ਵਿਚੋਂ ਲੰਘਿਆ ਜਿਨ੍ਹਾਂ ਵਿਚ ਮੋਰਚੇ ਦੇ ਕੁਝ ਅੰਦਰੂਨੀ ਮੁੱਦੇ ਵੀ ਅਣ ਸੁਲਝੇ ਨਜ਼ਰ ਆਏ ਲੇਕਿਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੂਬਿਆਂ ਦੀਆਂ ਰਾਜਧਾਨੀਆਂ ਵਿਚ 26 ਨਵੰਬਰ 2023 ਤੋਂ ਤਿੰਨ ਦਿਨ ਦੇ ਧਰਨਿਆਂ ਦੇ ਸੱਦੇ ਨੇ ਮੋਰਚੇ ਨੂੰ ਮੁੜ ਮਜ਼ਬੂਤੀ ਦਿੱਤੀ ਹੈ। ਦਿੱਲੀ ਸਿਵਲ ਲਾਈਨਜ਼, ਚੰਡੀਗੜ੍ਹ, ਸ਼ਿਮਲਾ, ਵਿਜੈਵਾੜਾ, ਚੇਨਈ, ਬੰਗਲੂਰੂ, ਦੇਹਰਾਦੂਨ, ਸ੍ਰੀਨਗਰ, ਲਖਨਊ, ਪਟਨਾ, ਰਾਂਚੀ, ਕੋਲਕਾਤਾ, ਤਿਰੂਵਨੰਤਪੁਰਮ, ਗੁਹਾਟੀ, ਭੁਵਨੇਸ਼ਵਰ ਸਮੇਤ ਕਈ ਰਾਜਾਂ ਦੀਆਂ ਰਾਜਧਾਨੀਆਂ ਵਿਚ ਪਹੁੰਚੇ ਵੱਡੀ ਗਿਣਤੀ ਕਿਸਾਨਾਂ ਨੇ ਕੇਂਦਰ ਤੇ ਸੂਬਾਈ ਸਰਕਾਰਾਂ ਖਿਲਾਫ ਸੰਘਰਸ਼ ਦਾ ਬਿਗੁਲ ਵਜਾਉਂਦਿਆਂ ਆਪਣੀਆਂ ਹੱਕੀ ਮੰਗਾਂ ਨੂੰ ਬੁਲੰਦ ਕੀਤਾ ਹੈ।

ਬਣਦਾ ਤਾਂ ਇਹ ਸੀ ਕਿ ਕਿਸਾਨਾਂ ਨੂੰ ਰਾਜ ਭਵਨ ਤੱਕ ਜਾਣ ਦਿੱਤਾ ਜਾਂਦਾ ਪਰ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਆਪਣੇ ਲੋਕ ਵਿਰੋਧੀ ਕਿਰਦਾਰ ਅਨੁਸਾਰ ਕਿਸਾਨਾਂ ਨੂੰ ਉਹਨਾਂ ਦੀਆਂ ਆਪਣੀਆਂ ਹੀ ਰਾਜਧਾਨੀਆਂ ਵਿਚ ਜਾਣ ਤੋਂ ਰੋਕਣ ਲਈ ਪੁਲਿਸ, ਪੈਰਾ-ਮਿਲਟਰੀ ਫੋਰਸ ਲਗਾ ਕੇ ਬੈਰੀਕੇਡਿੰਗ ਕੀਤੀ। ਪੰਜਾਬ ਤੋਂ ਆਏ ਕਿਸਾਨਾਂ ਨੂੰ ਮੁਹਾਲੀ ਵਿਚ ਰੋਕ ਲਿਆ ਗਿਆ ਤੇ ਹਰਿਆਣਾ ਤੋਂ ਆਏ ਕਿਸਾਨਾਂ ਨੂੰ ਪੰਚਕੂਲਾ ਵਿਖੇ ਰੋਕ ਲਿਆ ਗਿਆ।

ਉਂਞ, ਕਿਸਾਨਾਂ ਵਿਚ ਸੰਘਰਸ਼ ਸਬੰਧੀ ਉਤਸ਼ਾਹ ਇਸ ਕਦਰ ਨਜ਼ਰ ਆਇਆ ਕਿ 25 ਨਵੰਬਰ ਨੂੰ ਹੀ ਕਾਫਲੇ ਚੰਡੀਗੜ੍ਹ ਵੱਲ ਹੋ ਤੁਰੇ ਤੇ 26 ਨਵੰਬਰ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੇ ਕਿਸਾਨਾਂ ਵੱਲੋਂ ਜਗਤਪੁਰਾ ਟੀ-ਪੁਆਇੰਟ (ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ) ਉੱਤੇ ਤਿੰਨ ਦਿਨਾਂ ਰੋਸ ਮੁਜ਼ਾਹਰਾ ਸ਼ੁਰੂ ਕੀਤਾ। ਦਿੱਲੀ ਅੰਦੋਲਨ ਵਾਂਗ ਇਸ ਵਾਰ ਵੀ ਕਿਸਾਨ ਟਰੈਕਟਰ-ਟਰਾਲੀਆਂ ਅਤੇ ਹੋਰ ਵਾਹਨਾਂ ਵਿਚ ਰਾਸ਼ਨ, ਬਿਸਤਰੇ, ਬਰਤਨ ਤੇ ਗੈਸ ਸਿਲੰਡਰਾਂ ਸਮੇਤ ਵਰਤੋਂ ਦਾ ਸਾਰਾ ਸਮਾਨ ਲੈ ਕੇ ਆਏ। ਵੱਡੀ ਤਿਆਰੀ ਨਾਲ ਆਏ ਕਿਸਾਨਾਂ ਵੱਲੋਂ ਪੂਰੇ ਅਨੁਸ਼ਾਸਨ ਵਿਚ ਚੰਡੀਗੜ੍ਹ ਬਾਰਡਰ 'ਤੇ 72 ਘੰਟੇ ਲਈ ਪੱਕਾ ਮੋਰਚਾ ਲਗਾ ਕੇ ਲੰਗਰ ਚਲਾ ਦਿੱਤਾ ਗਿਆ।

ਦਿੱਲੀ ਅੰਦੋਲਨ ਸਮੇਂ ਵੀ ਭਾਵੇਂ ਮੁਲਾਜ਼ਮਾਂ, ਸਨਅਤੀ ਕਾਮਿਆਂ ਤੇ ਮਜ਼ਦੂਰਾਂ ਨੇ ਹਰ ਪੱਖੋਂ ਹਮਾਇਤ ਦਿੱਤੀ ਸੀ ਪਰ ਇਸ ਵਾਰ ਸੰਯੁਕਤ ਕਿਸਾਨ ਮੋਰਚੇ ਨੂੰ ਕੇਂਦਰੀ ਟਰੇਡ ਯੂਨੀਅਨਾਂ/ਫੈਡਰੇਸ਼ਨਾਂ ਨੇ ਬਕਾਇਦਾ ਸਮਰਥਨ ਦਿੰਦਿਆਂ ਸ਼ਮੂਲੀਅਤ ਕੀਤੀ ਹੈ। ਇਹਨਾਂ ਧਰਨਿਆਂ ਵਿਚ ਔਰਤਾਂ ਅਤੇ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਇਸ ਸੰਘਰਸ਼ ਦੀ ਅਹਿਮੀਅਤ ਬਿਆਨ ਕਰ ਰਹੀ ਹੈ।

ਕੇਂਦਰ ਸਰਕਾਰ ਦੇ ਖਿਲਾਫ਼ ਕਿਸਾਨ ਤਿੰਨ



ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਇੱਕ ਸਾਲ ਤੋਂ ਵੱਧ ਸਮਾਂ ਧਰਨੇ ਉੱਤੇ ਬੈਠੇ ਸਨ, ਉਸ ਸਮੇਂ ਕੇਂਦਰ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਸਨ ਤੇ ਬਾਕੀ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦੇ ਕੇ ਧਰਨਾ ਚੁਕਵਾ ਦਿੱਤਾ ਸੀ। ਹਾਲਾਂਕਿ ਉਸ ਸਮੇਂ ਵੀ ਕੁੱਝ ਕਿਸਾਨ ਜਥੇਬੰਦੀਆਂ ਤੇ ਸਮਰਥਕਾਂ ਦਾ ਇਕ ਹਿੱਸਾ ਬਾਕੀ ਮੰਗਾਂ ਦੇ ਨਬੇੜੇ ਤੱਕ ਧਰਨਾ ਚੁੱਕਣ ਦੇ ਹੱਕ ਵਿਚ ਨਹੀਂ ਸੀ ਪਰ ਕੁਝ ਕਿਸਾਨ ਆਗੂਆਂ ਵੱਲੋਂ ਦਿਖਾਈ ਗਈ ਕਾਹਲ ਕਾਰਨ ਉਹ ਧਰਨਾ ਚੁੱਕ ਲਿਆ ਗਿਆ ਸੀ।

ਹੁਣ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਧਰਨੇ 'ਤੇ ਬੈਠੇ ਕਿਸਾਨਾਂ ਦੀਆਂ ਜ਼ਿਆਦਾਤਰ ਮੰਗਾਂ ਉਹ ਹੀ ਹਨ ਜਿਨ੍ਹਾਂ ਦੇ ਹੱਲ ਦਾ ਦਿੱਲੀ ਮੋਰਚਾ ਚੁੱਕਣ ਸਮੇਂ ਕੇਂਦਰ ਸਰਕਾਰ ਨੇ ਭਰੋਸਾ ਦਿੱਤਾ ਸੀ ਤੇ ਬਾਅਦ ਵਿਚ ਪੈਰ ਪਿਛਾਂਹ ਕਰ ਲਏ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਦਿੱਲੀ ਅੰਦੋਲਨ ਦਾ ਧੁਰਾ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਸੀ ਪਰ ਉਹ ਤਾਂ ਸਰਕਾਰ ਵੱਲੋਂ ਕੁਝ ਮਹੀਨੇ ਪਹਿਲਾਂ ਥੋਪੀ ਗਈ ਸਮੱਸਿਆ ਸੀ ਤੇ ਉਸ ਤੋਂ ਪਹਿਲਾਂ ਵੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਚੱਲ ਹੀ ਰਿਹਾ ਸੀ। ਖੇਤੀ ਕਾਨੂੰਨਾਂ ਦੀ ਵਾਪਸੀ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਜ਼ਰੂਰ ਸੀ ਲੇਕਿਨ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਵਾਲੀ ਅਹਿਮ ਮੰਗ 'ਤੇ ਕੇਂਦਰ ਸਰਕਾਰ ਕਿਸਾਨਾਂ ਨੂੰ ਕਮੇਟੀ ਬਣਾਉਣ ਦਾ ਭਰੋਸਾ ਹੀ ਦੇ ਸਕੀ।

ਐਮ.ਐਸ.ਪੀ. ਦੀ ਮੰਗ ਲਈ ਕਿਸਾਨ ਜਥੇਬੰਦੀਆਂ ਪਿਛਲੇ ਕਈ ਸਾਲਾਂ ਤੋਂ ਸੰਘਰਸ਼ ਕਰ ਰਹੀਆਂ ਹਨ। ਕੇਂਦਰ ਸਰਕਾਰ ਫਸਲਾਂ 'ਤੇ ਐਮ.ਐਸ.ਪੀ. ਦਾ ਐਲਾਨ ਤਾਂ ਕਰਦੀ ਹੈ ਪਰ ਸਾਰੀਆਂ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਨਹੀਂ ਦਿੰਦੀ ਹੈ। ਜਿਵੇਂ ਪੰਜਾਬ ਤੇ ਹਰਿਆਣਾ ਵਿਚ ਸਿਰਫ ਤੇ ਸਿਰਫ ਕਣਕ-ਝੋਨੇ ਦੀ ਐਮ.ਐਸ.ਪੀ. ਤਹਿਤ ਖਰੀਦ ਹੁੰਦੀ ਹੈ। ਹੋਰ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਨਾ ਹੋਣ ਕਾਰਨ ਇਸ ਖੇਤਰ ਦੇ ਜ਼ਿਆਦਾਤਰ ਕਿਸਾਨ ਕਣਕ, ਝੋਨੇ ਦੀ ਫਸਲ ਦੀ ਹੀ ਬਿਜਾਈ ਕਰਨ ਲਈ ਮਜਬੂਰ ਹਨ। ਇਸ ਤਰ੍ਹਾਂ ਸਰਕਾਰ ਫਸਲੀ ਵੰਨ-ਸਵੰਨਤਾ ਖਤਮ ਕਰ ਰਹੀ ਹੈ ਤੇ ਸਿਰਫ ਦੋ ਫਸਲਾਂ ਦੇ ਫਸਲੀ ਚੱਕਰ ਤਹਿਤ ਕਿਸਾਨਾਂ ਦੇ ਨਾਲ-ਨਾਲ ਕੁਦਰਤ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ।

ਜੇਕਰ ਐਮ.ਐਸ.ਪੀ. ਤਹਿਤ ਖਰੀਦ ਯਕੀਨੀ ਬਣੇ ਤਾਂ ਉੱਤਰੀ ਭਾਰਤ ਵਿਚ ਮੱਕੀ ਅਤੇ ਮੂੰਗੀ ਦੀ ਕਾਸ਼ਤ ਵੱਡੀ ਪੱਧਰ 'ਤੇ ਹੋ ਸਕਦੀ ਹੈ। ਕਿਸਾਨ ਮੱਕੀ, ਮੂੰਗੀ, ਸੂਰਜਮੁਖੀ, ਆਲੂ ਆਦਿ ਫਸਲਾਂ ਬੀਜ ਤਾਂ ਲੈਂਦੇ ਹਨ ਪਰ ਖਰੀਦ ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਕਈ ਵਾਰ ਕੌਡੀਆਂ ਦੇ ਭਾਅ ਇਹ ਫਸਲਾਂ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਵਾਤਾਵਰਨ ਤੇ ਉਪਜਾਊ ਧਰਤੀ ਦੇ ਹਿਸਾਬ ਨਾਲ ਜੇ ਸਰਕਾਰ ਕਿਸਾਨਾਂ ਨੂੰ ਸਬਜ਼ੀਆਂ 'ਤੇ ਐਮ.ਐਸ.ਪੀ. ਦੇਵੇ ਤੇ ਸਬਜ਼ੀਆਂ ਦੂਜੇ ਦੇਸ਼ਾਂ ਵਿਚ ਭੇਜਣ ਦਾ ਪ੍ਰਬੰਧ ਕਰੇ ਤਾਂ ਖੇਤੀ ਖੇਤਰ ਪੈਰਾਂ ਸਿਰ ਹੋ ਸਕਦਾ ਹੈ।

ਦਿੱਲੀ ਅੰਦੋਲਨ ਦੀ ਸਮਾਪਤੀ ਸਮੇਂ ਮੋਦੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਹੋਏ ਪੁਲਿਸ ਕੇਸ ਰੱਦ ਕੀਤੇ ਜਾਣਗੇ ਪਰ ਅਜੇ ਤੱਕ ਕਿਸਾਨਾਂ ਖਿਲਾਫ ਦਰਜ ਪੁਲਿਸ ਕੇਸ ਰੱਦ ਨਹੀਂ ਕੀਤੇ ਗਏ ਹਨ। ਪੰਜਾਬ ਦੇ ਕਿਸਾਨਾਂ ਨੂੰ ਅਜੇ ਵੀ ਦਿੱਲੀ ਤੋਂ ਸੰਮਨ ਆ ਰਹੇ ਹਨ। ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਦਿੱਲੀ ਵਿਖੇ ਧਰਨੇ ਦੌਰਾਨ ਜਿਨ੍ਹਾਂ ਕਿਸਾਨਾਂ ਦੀ ਮੌਤ ਹੋਈ ਸੀ, ਉਨ੍ਹਾਂ ਨੂੰ ਵੀ ਸਰਕਾਰ ਵੱਲੋਂ ਮੁਆਵਜ਼ਾ ਨਹੀਂ ਦਿੱਤਾ ਗਿਆ ਹੈ।

ਹੜ੍ਹਾਂ ਅਤੇ ਗੜੇਮਾਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਢੁੱਕਵਾਂ ਮੁਆਵਜ਼ਾ ਸਰਕਾਰ ਵੱਲੋਂ ਮੁਹੱਈਆ ਨਹੀਂ ਕੀਤਾ ਜਾਂਦਾ ਹੈ। ਦੇਸ਼ ਦੇ ਧਨਾਢਾਂ ਦੇ ਹਜ਼ਾਰਾਂ ਕਰੋੜ ਰੁਪਏ ਵੱਟੇ-ਖਾਤੇ ਪਾਉਣ ਵਾਲੀ ਸਰਕਾਰ ਮੀਂਹ, ਹਨੇਰੀ, ਹੜ੍ਹ, ਅੱਗ ਲੱਗਣ ਜਿਹੀਆਂ ਕੁਦਰਤੀ ਆਫਤ ਕਾਰਨ ਨੁਕਸਾਨੀ ਕਿਸਾਨ ਦੀ ਫਸਲ ਦਾ ਮੁਆਵਜ਼ਾ ਦੇਣ ਤੋਂ ਪੈਰ ਪਿਛਾਂਹ ਖਿੱਚ ਲੈਂਦੀਆਂ ਹਨ। ਕੁਦਰਤੀ ਆਫਤ ਕਾਰਨ ਹੋਏ ਨੁਕਸਾਨ ਦਾ ਕਿਸਾਨ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਕਾਰਨ ਹੋਣ ਵਾਲੇ ਪ੍ਰਦੂਸ਼ਣ ਲਈ ਮੁੱਖ ਰੂਪ ਵਿਚ ਸਰਕਾਰ ਜ਼ਿੰਮੇਵਾਰ ਹੈ। ਪਹਿਲੀ ਗੱਲ ਤਾਂ ਜੇ ਸਰਕਾਰ ਹੋਰ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਯਕੀਨੀ ਬਣਾਏ ਤਾਂ ਬਹੁਤ ਸਾਰੇ ਕਿਸਾਨ ਝੋਨਾ ਲਾਉਣਾ ਹੀ ਬੰਦ ਕਰ ਦੇਣਗੇ, ਦੂਸਰਾ ਕੇਂਦਰ ਤੇ ਸੂਬਾਈ ਸਰਕਾਰਾਂ ਕਿਸਾਨਾਂ ਨੂੰ ਪਰਾਲੀ ਦੇ ਇੰਤਜ਼ਾਮ ਲਈ ਮੁਆਵਜ਼ਾ ਦੇਣ ਅਤੇ ਲੋੜੀਂਦੀ ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਵਿਚ ਅਸਫਲ ਸਿੱਧ ਹੋਈਆਂ ਹਨ, ਇਸ ਲਈ ਪਰਾਲੀ ਸਾੜਨ ਸਬੰਧੀ ਕਿਸਾਨਾਂ ਖਿਲਾਫ ਦਰਜ ਕੀਤੇ ਗਏ ਕੇਸ ਰੱਦ ਹੋਣੇ ਚਾਹੀਦੇ ਹਨ। ਸੰਯੁਕਤ ਕਿਸਾਨ ਮੋਰਚਾ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਪਰਾਲੀ ਸਾੜਨ ਸਬੰਧੀ ਕੇਸ ਸਰਕਾਰ ਖਾਰਜ ਕਰੇ।

ਸਰਕਾਰ ਵੱਲੋਂ ਭਰੋਸਾ ਦੇਣ ਦੇ ਬਾਵਜੂਦ ਲਖੀਮਪੁਰ ਖੀਰੀ ਮਾਮਲੇ ਵਿਚ ਅਜੇ ਤੱਕ ਕਿਸਾਨਾਂ ਨੂੰ ਇਨਸਾਫ ਨਹੀਂ ਮਿਲਿਆ ਹੈ। ਲਖੀਮਪੁਰ ਖੀਰੀ ਮਾਮਲੇ ਦੀ ਜਾਂਚ ਕਰਨ ਵਾਲੀ ਐਸ.ਆਈ.ਟੀ. ਨੇ ਇਸ ਹਿੰਸਾ ਨੂੰ 'ਯੋਜਨਾਬੱਧ

**(ਬਾਕੀ ਅਗਲੇ ਸਫੇ 'ਤੇ)**

# ਚਿੱਲੀ ਵਿਚ ਫੌਜੀ ਰਾਜ ਪਲਟੇ ਦੇ ਸਬਕ ਤੇ ਸਮਾਜਵਾਦ ਦਾ ਭਵਿੱਖ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਇਜ਼ਰਾਇਲੀ ਨਸਲਪ੍ਰਸਤ ਦਹਿਸ਼ਤਵਾਦੀ ਹਕੂਮਤ ਵੱਲੋਂ ਫ਼ਲਸਤੀਨੀ ਕੌਮ ਦੀ ਹਾਲੀਆ ਨਸਲਕੁਸ਼ੀ ਅਤੇ ਪਸਾਰਵਾਦੀ ਮਨਸੂਬਿਆਂ ਨੂੰ ਜਾਇਜ਼ ਠਹਿਰਾਉਣ ਲਈ ਅਮਰੀਕਨ ਅਤੇ ਹੋਰ ਸਾਮਰਾਜੀਏ ਇਹ ਬਿਰਤਾਂਤ ਪ੍ਰਚਾਰ ਰਹੇ ਹਨ ਕਿ ਇਜ਼ਰਾਈਲ ਨੂੰ ਹਮਾਸ ਦੇ ਦਹਿਸ਼ਤਵਾਦੀ ਹਮਲਿਆਂ ਤੋਂ 'ਸਵੈ-ਰੱਖਿਆ ਦਾ ਹੱਕ' ਹੈ। ਨਾਪਸੰਦ ਹਕੂਮਤ ਵਾਲੇ ਮੁਲਕ ਉੱਪਰ ਪੂਰੀ ਤਰ੍ਹਾਂ ਨਹੱਕ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਸਾਮਰਾਜੀ ਹਕੂਮਤਾਂ ਉਸ ਹਕੂਮਤ ਨੂੰ ਦੁਸ਼ਟ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਆਪ ਜਮਹੂਰੀਅਤ ਦੀਆਂ ਚੈਂਪੀਅਨ ਬਣ ਜਾਂਦੀਆਂ ਹਨ। ਕੁਲ ਦੁਨੀਆ 'ਚ ਅਮਰੀਕਨ ਸਾਮਰਾਜੀਆਂ ਦੇ ਮਨੁੱਖਤਾ ਵਿਰੁੱਧ ਅਜਿਹੇ ਘੋਰ ਜੁਰਮਾਂ ਦੀ ਸੂਚੀ ਬਹੁਤ ਲੰਮੀ ਹੈ। ਵੀਅਤਨਾਮ, ਇਰਾਕ ਉੱਪਰ ਥੋਪੇ ਨਹੱਕੇ ਯੁੱਧਾਂ ਨਾਲ ਵਿਆਪਕ ਕਤਲੇਆਮ ਅਤੇ ਤਬਾਹੀ, ਕਿਊਬਾ ਦੀ ਆਰਥਿਕ ਨਾਕਾਬੰਦੀ, ਇੰਡੋਨੇਸ਼ੀਆ ਵਿਚ ਲੱਖਾਂ ਕਮਿਊਨਿਸਟਾਂ ਦੇ ਕਤਲੇਆਮ 'ਚ ਅਮਰੀਕਨ ਹੁਕਮਰਾਨਾਂ ਦੀ ਘਿਨਾਉਣੀ ਭੂਮਿਕਾ ਨੂੰ ਕੌਣ ਭੁੱਲਿਆ ਹੈ।

ਅਮਰੀਕਨ ਏਜੰਸੀ ਸੀ.ਆਈ.ਏ. ਵੱਲੋਂ ਰਾਜ-ਪਲਟਿਆਂ ਅਤੇ ਕਤਲੇਆਮਾਂ ਰਾਹੀਂ ਫ਼ੌਜੀ ਤਾਨਾਸ਼ਾਹੀਆਂ ਥੋਪਣ ਦੀ ਵੱਡੀ ਪ੍ਰਯੋਗਸ਼ਾਲਾ ਲਾਤੀਨੀ ਅਮਰੀਕਾ ਰਿਹਾ ਹੈ। ਇਸ ਦੀ ਮੁੱਖ ਮਿਸਾਲ ਚਿੱਲੀ ਹੈ ਜਿੱਥੇ 50 ਸਾਲ ਪਹਿਲਾਂ ਅਮਰੀਕਨ ਏਜੰਟਾਂ ਨੇ ਫ਼ੌਜੀ ਰਾਜ ਪਲਟੇ ਨੂੰ ਅੰਜਾਮ ਦਿੱਤਾ ਅਤੇ ਜਮਹੂਰੀ ਤੌਰ 'ਤੇ ਚੁਣੀ ਹੋਈ ਸਰਕਾਰ ਦਾ ਘਾਣ ਕਰ ਕੇ ਆਗਸਤੋ ਪਿਨੋਚੇ ਦੀ ਅਗਵਾਈ ਹੇਠ ਫ਼ੌਜੀ ਤਾਨਾਸ਼ਾਹ ਰਾਜ ਸਥਾਪਿਤ ਕੀਤਾ ਗਿਆ ਜੋ ਅਮਰੀਕਾ ਦੀ ਪੁਸ਼ਤਪਨਾਹੀ ਹੇਠ ਲੱਗਭੱਗ ਦੋ ਦਹਾਕੇ ਤੱਕ ਜਾਰੀ ਰਿਹਾ। ਫ਼ਲਸਤੀਨ ਸਮੇਤ ਦੁਨੀਆ ਭਰ 'ਚ ਸਾਮਰਾਜੀਆਂ, ਖ਼ਾਸ ਕਰ ਕੇ ਅਮਰੀਕਾ ਦੀ ਜੰਗਬਾਜ਼ ਭੂਮਿਕਾ ਅਤੇ ਸਾਮਰਾਜੀ ਦਖ਼ਲਅੰਦਾਜ਼ੀ ਨੂੰ ਸਮਝਣ ਲਈ ਅੱਧੀ ਸਦੀ ਪਹਿਲਾਂ ਚਿੱਲੀ 'ਚ ਹੋਏ ਤਖ਼ਤਾ ਪਲਟ ਅਤੇ ਫ਼ੌਜੀ ਤਾਨਾਸ਼ਾਹ ਰਾਜ ਦੀ ਸਥਾਪਨਾ ਦੇ ਘਟਨਾਕ੍ਰਮ ਦੇ ਸਬਕਾਂ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ।

ਕਮਿਊਨਿਸਟ ਇਨਕਲਾਬਾਂ ਦੀ ਯੁਗ-ਪਲਟਾਊ ਭੂਮਿਕਾ ਨੂੰ ਰੱਦ ਕਰਨ ਲਈ ਸਾਮਰਾਜੀਏ ਅਤੇ ਇਨ੍ਹਾਂ ਦੇ ਜ਼ਰਖ਼ਰੀਦ ਬੁੱਧੀਜੀਵੀ ਇਹ ਦਲੀਲ ਦਿੰਦੇ ਹਨ ਕਿ ਹੁਣ ਲੋਕਤੰਤਰ ਦਾ ਯੁਗ ਹੈ ਜਿਸ ਵਿਚ ਹਿੰਸਕ ਇਨਕਲਾਬਾਂ ਲਈ ਕੋਈ ਜਗ੍ਹਾ ਨਹੀਂ ਹੈ ਅਤੇ ਦੁਨੀਆ ਦਾ ਬਿਹਤਰੀਨ ਰਾਜ ਪ੍ਰਬੰਧ ਸਰਮਾਏਦਾਰਾ ਪ੍ਰਬੰਧ ਹੀ ਹੈ ਜਿੱਥੇ ਸਰਕਾਰਾਂ ਵੋਟ ਪ੍ਰਣਾਲੀ ਦੇ ਜਮਹੂਰੀ ਅਮਲ ਰਾਹੀਂ ਚੁਣੀਆਂ ਜਾਂਦੀਆਂ ਹਨ ਪਰ ਚਿੱਲੀ ਅਤੇ ਲਾਤੀਨੀ ਅਮਰੀਕਨ ਮੁਲਕਾਂ ਵਿਚ ਰਾਜ ਪਲਟੇ ਅਤੇ ਅਮਰੀਕਨ ਸਾਮਰਾਜ ਨੂੰ ਨਾਪਸੰਦ ਸਰਕਾਰਾਂ ਨੂੰ ਉਲਟਾ ਕੇ ਅਮਰੀਕਾ ਪੱਖੀ ਸਰਕਾਰਾਂ ਦੀ ਸਥਾਪਨਾ ਕਰਨਾ ਇਸ ਦਾ ਸਬੂਤ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਪ੍ਰਤੀ ਦੁਨੀਆ ਦੇ ਆਪੇ ਬਣੇ ਥਾਣੇਦਾਰ ਦਾ ਰਵੱਈਆ ਕੀ ਹੈ।

11 ਸਤੰਬਰ 1973 ਨੂੰ ਚਿੱਲੀ ਦੀਆਂ ਹਥਿਆਰਬੰਦ ਤਾਕਤਾਂ - ਫ਼ੌਜ, ਸਮੁੰਦਰੀ ਫ਼ੌਜ, ਹਵਾਈ ਫ਼ੌਜ ਅਤੇ ਕੈਰਾਬੀਨੈਰੋ ਨੇ ਸਾਂਝਾ ਹਮਲਾ ਕਰ ਕੇ ਅਲੈਂਡੇ ਸਰਕਾਰ ਦਾ ਤਖ਼ਤਾ ਪਲਟ ਦਿੱਤਾ। ਫ਼ੌਜਾਂ ਨੇ ਰਾਸ਼ਟਰਪਤੀ ਭਵਨ ਨੂੰ ਘੇਰ ਕੇ ਗੋਲਾਬਾਰੀ ਕੀਤੀ। ਇਸ ਦੌਰਾਨ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਮਾਰਿਆ ਗਿਆ। ਫ਼ੌਜ ਨੇ ਦਾਅਵਾ ਕੀਤਾ ਕਿ ਅਲੈਂਡੇ ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਪਰ ਬਹੁਤ ਸਾਰੇ ਰਾਜਨੀਤਕ ਤਬਸਰਾਕਾਰਾਂ ਦਾ ਮੰਨਣਾ ਸੀ ਕਿ ਉਸ ਨੂੰ ਕਤਲ ਕੀਤਾ ਗਿਆ। ਸਰਕਾਰੀ ਕਹਾਣੀ ਨੂੰ ਹੀ ਬਾਅਦ ਵਿਚ ਅੰਤਮ ਸੱਚ ਦੇ ਤੌਰ 'ਤੇ ਸਥਾਪਿਤ ਕੀਤਾ ਗਿਆ। ਇਹ ਤਾਂ ਮਹਿਜ਼ ਸ਼ੁਰੂਆਤ ਸੀ। ਇਸ ਤੋਂ ਬਾਅਦ ਪੂਰੇ ਲਾਤੀਨੀ ਅਮਰੀਕਾ 'ਚ ਹੀ ਖੱਬੇ ਪੱਖੀਆਂ ਦੇ ਸਫ਼ਾਏ ਤੇ ਰਾਜਕੀ ਦਹਿਸ਼ਤਵਾਦ ਦਾ ਝੱਖੜ ਝੁੱਲਿਆ ਅਤੇ ਫ਼ੌਜੀ ਤਾਨਾਸ਼ਾਹੀਆਂ ਨੇ ਫਿਰ ਆਪਸੀ ਤਾਲਮੇਲ ਬਣਾ ਕੇ 'ਅਪਰੇਸ਼ਨ ਕੌਂਡੋਰ' ਰਾਹੀਂ ਰਾਜਨੀਤਕ ਵਿਰੋਧੀਆਂ ਨੂੰ ਚੁਣ-ਚੁਣ ਕੇ ਕਤਲ ਕੀਤਾ। ਜਿਸ ਦਾ ਮੁੱਖ ਨਿਸ਼ਾਨਾ ਸਮਾਜਵਾਦੀਆਂ ਸਮੇਤ ਸਮੂਹ ਸਾਮਰਾਜ ਵਿਰੋਧੀ ਤਾਕਤਾਂ ਨੂੰ ਮੁਕੰਮਲ ਰੂਪ ਵਿਚ ਕੁਚਲ ਕੇ ਸਾਮਰਾਜਵਾਦੀ ਗ਼ਲਬੇ ਦਾ ਰਾਹ ਪੱਧਰਾ ਕਰਨਾ ਸੀ।

ਪਾਪੂਲਰ ਯੂਨਿਟੀ ਗੱਠਜੋੜ ਜਿਸ ਵਿਚ ਕਈ ਵੰਨਗੀਆਂ ਦੇ ਸਮਾਜਵਾਦੀ, ਕਮਿਊਨਿਸਟ ਅਤੇ ਇਸਾਈ ਜਮਹੂਰੀਅਤਪਸੰਦ ਸ਼ਾਮਿਲ ਸਨ, ਦਾ ਮੁਖੀ ਅਲੈਂਡੇ ਤਿੰਨ ਵਾਰ ਹਾਰ ਜਾਣ ਤੋਂ ਬਾਅਦ 1970 'ਚ ਰਾਸ਼ਟਰਪਤੀ ਚੁਣਿਆ ਗਿਆ। ਉਸ ਨੇ ਆਪਣੇ ਮੁਲਕ ਦੀ ਤਰੱਕੀ ਅਤੇ ਵਿਕਾਸ ਲਈ 'ਸਮਾਜਵਾਦ ਦਾ ਚਿੱਲੀ ਮਾਰਗ' ਚੁਣਿਆ। ਵੱਡੀਆਂ ਸਨਅਤਾਂ ਦੇ ਕੌਮੀਕਰਨ, ਪੜ੍ਹਾਈ ਦੇ ਵਧਾਰੇ-ਪਸਾਰੇ ਅਤੇ ਮਜ਼ਦੂਰ ਜਮਾਤ ਦੇ ਜੀਵਨ ਮਿਆਰ ਨੂੰ ਉੱਚਾ ਚੁੱਕਣ ਦੀਆਂ ਉਸ ਦੀਆਂ ਨੀਤੀਆਂ ਨੂੰ ਸੰਸਾਰ ਸਾਮਰਾਜਵਾਦ, ਖ਼ਾਸ ਕਰ ਕੇ ਅਮਰੀਕਨ ਸਾਮਰਾਜ ਕਿਵੇਂ ਸਵੀਕਾਰ ਕਰ ਲੈਂਦਾ। ਸੱਜੇ ਪੱਖੀ ਪਾਰਟੀਆਂ ਨਾਲ ਉਸ ਦਾ ਸਿੱਧਾ ਟਕਰਾਅ ਸੀ ਜੋ ਕਾਂਗਰਸ ਨੂੰ ਕੰਟਰੋਲ ਕਰਦੀਆਂ ਸਨ। ਪਹਿਲਾਂ ਅਮਰੀਕਨ ਹਕੂਮਤ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਕਿ ਕਾਂਗਰਸ ਅਲੈਂਡੇ ਨੂੰ ਰਾਸ਼ਟਰਪਤੀ ਵਜੋਂ ਮਨਜ਼ੂਰ ਨਾ ਕਰੇ। ਜਦੋਂ ਇਹ ਸਾਜ਼ਿਸ਼ ਸਿਰੇ ਨਾ ਚੜ੍ਹੀ ਤਾਂ ਅਕਤੂਬਰ 1970 'ਚ ਫ਼ੌਜ ਵਿਚਲੇ ਆਪਣੇ ਏਜੰਟਾਂ ਰਾਹੀਂ ਫ਼ੌਜ ਮੁਖੀ ਰੇਨੇ ਸ਼ਨਾਈਡਰ ਦਾ ਕਤਲ ਕਰਵਾ ਦਿੱਤਾ ਗਿਆ। ਕਤਲ ਨਾਲ ਸਗੋਂ ਅਲੈਂਡੇ ਦੀ ਹਮਾਇਤ 'ਚ ਵਾਧਾ ਹੋ ਗਿਆ ਅਤੇ ਲੋਕ ਦਬਾਅ ਦੇ ਮੱਦੇਨਜ਼ਰ ਕਾਂਗਰਸ ਨੂੰ ਉਸ ਦੇ ਰਾਸ਼ਟਰਪਤੀ ਚੁਣੇ ਜਾਣ ਉੱਪਰ ਮੋਹਰ ਲਾਉਣੀ ਪਈ। ਇਸ ਤੋਂ ਚਿੜ ਕੇ ਅਮਰੀਕਨ ਹੁਕਮਰਾਨਾਂ ਨੇ ਫ਼ੌਜ ਰਾਹੀਂ ਤੁਰੰਤ ਤਖ਼ਤਾ ਪਲਟ ਸੰਭਵ ਨਾ ਹੋਣ ਕਰ ਕੇ ਆਰਥਿਕ ਸੰਕਟ ਰਾਹੀਂ 'ਆਰਥਿਕਤਾ ਦੀਆਂ ਚੀਕਾਂ ਕਢਵਾ ਦਿਓ' ਦੀ ਯੁੱਧ ਨੀਤੀ ਅਖ਼ਤਿਆਰ ਕੀਤੀ ਅਤੇ ਟਰੱਕਾਂ ਤੇ ਹੋਰ ਕਈ ਤਰ੍ਹਾਂ ਦੇ ਕਾਰੋਬਾਰੀਆਂ ਤੋਂ ਹੜਤਾਲਾਂ ਕਰਵਾ ਕੇ ਆਰਥਿਕਤਾ ਨੂੰ ਸੱਟ ਮਾਰੀ।

ਅਲੈਂਡੇ ਦੀ ਸਰਕਾਰ ਨੇ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਮੁਕਾਬਲਾ ਕਰਦਿਆਂ ਆਰਥਿਕ ਤੇ ਸਮਾਜੀ ਸੁਧਾਰਾਂ ਦਾ ਪ੍ਰੋਗਰਾਮ ਅਮਲ 'ਚ ਲਿਆਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਤਾਂਬੇ ਦੀਆਂ ਖਾਣਾਂ ਅਤੇ ਬੈਂਕਾਂ ਦਾ ਕੌਮੀਕਰਨ ਕਰ ਦਿੱਤਾ ਗਿਆ। ਘਰਾਂ ਦਾ ਮਸਲਾ ਹੱਲ ਕਰਨ ਲਈ ਹਜ਼ਾਰਾਂ ਘਰ ਉਸਾਰੇ ਗਏ। ਲੋਕਾਂ ਦੀ ਸਿਹਤ, ਪੜ੍ਹਾਈ ਅਤੇ ਪੈਨਸ਼ਨਾਂ ਲਈ ਰਾਜ ਦਾ ਬਜਟ ਤੇਜ਼ੀ ਨਾਲ ਵਧਾਇਆ ਗਿਆ। ਨਵੀਂ ਬਣੀ ਸਰਕਾਰ ਨੂੰ ਕੰਮ ਕਰਨ ਲਈ ਜਿੰਨਾ ਕੁ ਸੀਮਤ ਜਿਹਾ ਸਮਾਂ ਮਿਲਿਆ, ਇਸ ਨੇ ਕੁਪੋਸ਼ਣ, ਅਨਪੜ੍ਹਤਾ, ਔਰਤਾਂ ਦੀ ਸਿਹਤ ਦੇ ਮਸਲੇ ਹੱਲ ਕਰਨ, ਲੋਕ ਸੱਭਿਆਚਾਰ ਦਾ ਵਧਾਰਾ-ਪਸਾਰਾ ਕਰਨ ਅਤੇ ਜ਼ਮੀਨੀ ਸੁਧਾਰ ਲਾਗੂ ਕਰਨ ਲਈ ਵੱਡੇ ਹੰਭਲੇ ਮਾਰੇ। ਬਹੁਕੌਮੀ ਕੰਪਨੀਆਂ ਅਤੇ ਅਮਰੀਕਨ ਹੁਕਮਰਾਨਾਂ ਨੇ ਇਹ ਯਕੀਨੀ ਬਣਾਉਣ ਲਈ ਹਰ ਹਰਬਾ ਵਰਤਿਆ ਕਿ ਮਹਿੰਗਾਈ 'ਤੇ ਕਾਬੂ ਪਾਉਣ ਦੇ ਸਰਕਾਰੀ ਯਤਨ ਬੁਰੀ ਤਰ੍ਹਾਂ ਫੇਲ੍ਹ ਹੋ ਜਾਣ ਅਤੇ ਸਰਕਾਰ ਵਿਦੇਸ਼ੀ ਪੂੰਜੀ ਨਿਵੇਸ਼ ਹਾਸਲ ਨਾ ਕਰ ਸਕੇ। ਜਦੋਂ ਤਮਾਮ ਸਾਮਰਾਜਵਾਦੀ ਚਾਲਾਂ ਦੇ ਬਾਵਜੂਦ ਅਲੈਂਡੇ ਨੂੰ ਹਮਾਇਤ ਘਟਣ ਦੀ ਬਜਾਇ ਵਧ ਗਈ ਅਤੇ 'ਪਾਪੂਲਰ ਯੂਨਿਟੀ ਗੱਠਜੋੜ' ਦਾ ਵੋਟ ਸ਼ੇਅਰ 7 ਫ਼ੀਸਦੀ ਵਧ ਗਿਆ ਤਾਂ ਵਾਸ਼ਿੰਗਟਨ ਹਕੂਮਤ ਤੇ ਉਨ੍ਹਾਂ ਦੇ ਚਿੱਲੀ ਵਿਚਲੇ ਜੋਟੀਦਾਰਾਂ ਨੇ ਮਹਿਸੂਸ ਕਰ ਲਿਆ ਕਿ ਚੋਣਾਂ ਦੇ ਤਰੀਕੇ ਨਾਲ ਅਲੈਂਡੇ ਨੂੰ ਲਾਹਿਆ ਨਹੀਂ ਜਾ ਸਕਦਾ ਅਤੇ ਉਨ੍ਹਾਂ ਨੇ ਫ਼ੌਜੀ ਰਾਜ ਪਲਟੇ ਰਾਹੀਂ ਸਮਾਜਵਾਦੀ ਸੇਧ ਵਾਲੀ ਹਕੂਮਤ ਦਾ ਖ਼ਾਤਮਾ ਕਰਨ ਦਾ ਫ਼ੈਸਲਾ ਕਰ ਲਿਆ। ਸੰਨ 2000 'ਚ ਸੀ.ਆਈ.ਏ. ਨੇ ਮੰਨਿਆ ਕਿ 1970 'ਚ ਅਲੈਂਡੇ ਪੱਖੀ ਫ਼ੌਜ ਮੁਖੀ ਨੂੰ ਅਗਵਾ ਕਰਨ 'ਚ ਸਾਡਾ ਹੱਥ ਸੀ। ਹੁਣ ਜਨਤਕ ਕੀਤੇ ਜਾ ਚੁੱਕੇ ਅਮਰੀਕਾ ਦੇ ਸਰਕਾਰੀ ਦਸਤਾਵੇਜ਼ਾਂ ਤੋਂ ਇਹ ਪੁਸ਼ਟੀ ਹੋ ਗਈ ਹੈ ਕਿ ਇਹ ਸਾਰੀ ਸਾਜ਼ਿਸ਼ ਰਾਸ਼ਟਰਪਤੀ ਨਿਕਸਨ, ਉਸ ਦੇ ਸੁਰੱਖਿਆ ਸਲਾਹਕਾਰ ਹੈਨਰੀ ਕਸਿੰਜਰ ਸਮੇਤ ਅਮਰੀਕਨ ਸਰਕਾਰ ਦੇ ਉਚਤਮ ਪੱਧਰ 'ਤੇ ਘੜੀ ਗਈ ਸੀ ਜਿਨ੍ਹਾਂ ਦੀਆਂ ਨਜ਼ਰਾਂ 'ਚ ਅਲੈਂਡੇ 'ਖ਼ਤਰਨਾਕ ਕਮਿਊਨਿਸਟ' ਸੀ। ਦਰਅਸਲ, 1962-64 'ਚ ਹੀ ਸੀ.ਆਈ.ਏ. ਨੇ ਅਲੈਂਡੇ ਵਿਰੋਧੀ ਕੂੜ ਪ੍ਰਚਾਰ ਕਰ ਕੇ ਵੋਟਰਾਂ ਨੂੰ ਉਸ ਦੇ ਖ਼ਿਲਾਫ਼ ਭੜਕਾਉਣ ਅਤੇ ਆਪਣੇ ਚਹੇਤੇ ਉਮੀਦਵਾਰ ਨੂੰ ਜਿਤਾ ਕੇ ਰਾਸ਼ਟਰਪਤੀ ਬਣਾਉਣ ਦੀ ਮੁਹਿੰਮ ਉੱਪਰ 56 ਲੱਖ ਡਾਲਰ ਖ਼ਰਚ ਕੀਤੇ ਸਨ।

ਅਗਸਤ ਮਹੀਨੇ ਫ਼ੌਜ ਦੀ ਟੈਂਕ ਰੈਜੀਮੈਂਟ ਨੇ ਰਾਸ਼ਟਰਪਤੀ ਭਵਨ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜੋ ਭਵਨ ਦੀ ਸੁਰੱਖਿਆ ਗਾਰਦ ਨੇ ਅਸਫਲ ਬਣਾ ਦਿੱਤੀ। ਇਸ ਦੌਰਾਨ ਰਾਸ਼ਟਰਪਤੀ ਅਲੈਂਡੇ ਨੇ ਆਗਸਟੋ ਪਿਨੋਚੇ ਨੂੰ ਆਪਣਾ ਹਮਾਇਤੀ ਸਮਝ ਕੇ ਫ਼ੌਜਾਂ ਦਾ ਮੁੱਖ ਕਮਾਂਡਰ ਬਣਾ ਦਿੱਤਾ ਪਰ ਇਸ ਫ਼ੌਜੀ ਗੁੱਟ ਨੇ ਅਮਰੀਕਨ ਖ਼ੁਫ਼ੀਆ ਏਜੰਸੀਆਂ ਅਤੇ ਫ਼ੌਜੀ ਅਧਿਕਾਰੀਆਂ ਨਾਲ ਮਿਲ ਕੇ ਚਿੱਲੀ ਦੀਆਂ ਫ਼ੌਜੀ ਤਾਕਤਾਂ ਵਿਚੋਂ ਉਨ੍ਹਾਂ ਸਾਰੇ ਫ਼ੌਜੀ ਅਫਸਰਾਂ ਨੂੰ ਚੁਣ-ਚੁਣ ਕੇ ਬਾਹਰ ਕਰ ਦਿੱਤਾ ਜੋ ਫ਼ੌਜੀ ਰਾਜ ਪਲਟੇ ਦੇ ਖ਼ਿਲਾਫ਼ ਸਨ। ਡੂੰਘੀ ਤਿਆਰੀ ਤੋਂ ਬਾਅਦ 11 ਸਤੰਬਰ ਨੂੰ ਫ਼ੌਜ ਨੇ ਸਰਕਾਰ ਵਿਰੁੱਧ ਬਗ਼ਾਵਤ ਕਰ ਦਿੱਤੀ ਅਤੇ ਰੇਡੀਓ ਤੇ ਟੀ.ਵੀ. ਸਟੇਸ਼ਨ ਆਪਣੇ ਕਬਜ਼ੇ 'ਚ ਲੈ ਲਏ। ਰਾਸ਼ਟਰਪਤੀ ਨੂੰ ਪੂਰੀ ਤਰ੍ਹਾਂ ਅਲੱਗ-ਥਲੱਗ ਕਰ ਕੇ ਫ਼ੌਜੀ ਗੁੱਟ ਨੇ ਪੂਰਾ ਕੰਟਰੋਲ ਆਪਣੇ ਹੱਥ 'ਚ ਲੈ ਲਿਆ। ਅਲੈਂਡੇ ਅਜੇ ਵੀ ਇਸ ਭਰਮ 'ਚ ਸੀ ਕਿ ਉਸ ਦੇ ਹਮਾਇਤੀ ਜਨਰਲ ਪਿਨੋਚੇ ਨੂੰ ਬੰਦੀ ਬਣਾ ਲਿਆ ਗਿਆ ਹੈ ਜਦਕਿ ਰਾਸ਼ਟਰਪਤੀ ਭਵਨ ਉੱਪਰ ਹਮਲੇ ਨੂੰ ਸਾਰੇ ਦਿਸ਼ਾ-ਨਿਰਦੇਸ਼ ਉਹੀ ਦੇ ਰਿਹਾ ਸੀ।

ਅਲੈਂਡੇ ਨੇ ਫ਼ੌਜੀ ਗੁੱਟ ਦੀ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਉਸ ਨੂੰ ਸੁਰੱਖਿਅਤ ਮੁਲਕ ਤੋਂ ਬਾਹਰ ਕੱਢਣ ਦੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਆਖ਼ਰੀ ਦਮ ਤੱਕ ਆਪਣੇ ਵਤਨ ਤੇ ਲੋਕਾਂ ਨਾਲ ਵਫ਼ਾਦਾਰੀ ਨਿਭਾਉਂਦਾ ਰਿਹਾ, ਇਸ ਉਮੀਦ ਨਾਲ ਕਿ ਦੇਰ-ਸਵੇਰ ਬਿਹਤਰ ਸਮਾਜ ਸਿਰਜਣ ਦੇ ਰਾਹ ਜ਼ਰੂਰ ਖੁੱਲ੍ਹਣਗੇ ਅਤੇ ਆਜ਼ਾਦ ਮਨੁੱਖ ਉਨ੍ਹਾਂ ਰਾਹਾਂ 'ਤੇ ਚੱਲਣਗੇ। ਬਾਅਦ ਵਿਚ ਰਿਕਾਰਡ ਕੀਤੇ ਰੇਡੀਓ ਸੰਦੇਸ਼ਾਂ ਤੋਂ ਖ਼ੁਲਾਸਾ ਹੋਇਆ ਕਿ ਪਿਨੋਚੇ ਨੇ ਜਹਾਜ਼ ਨੂੰ ਬੰਬਾਂ ਨਾਲ ਉਡਾ ਦੇਣ ਦੇ ਹੁਕਮ ਦਿੱਤੇ ਹੋਏ ਸਨ।

ਰਾਜ ਪਲਟੇ ਤੋਂ ਬਾਅਦ ਫ਼ੌਜੀ ਰਾਜ ਨੇ ਫ਼ੌਜੀ ਛਾਉਣੀਆਂ, ਫੁੱਟਬਾਲ ਸਟੇਡੀਅਮਾਂ ਅਤੇ ਇੱਥੋਂ ਤੱਕ ਕਿ ਨੇਵੀ ਦੇ ਸਮੁੰਦਰੀ ਜਹਾਜ਼ 'ਚ ਵੀ ਤਸੀਹਾ ਕੈਂਪ ਬਣਾ ਕੇ ਪੂਰੇ ਚਿੱਲੀ ਨੂੰ ਤਸੀਹਾ ਕੈਂਪ ਬਣਾ ਦਿੱਤਾ। ਫ਼ੌਜੀ ਤਾਨਾਸ਼ਾਹੀ ਦੇ ਮੌਤ ਵੰਡਦੇ ਦਸਤਿਆਂ ਨੇ ਅਲੈਂਡੇ ਪੱਖੀ ਹਜ਼ਾਰਾਂ ਲੋਕ ਕਤਲ ਕਰ ਦਿੱਤੇ ਅਤੇ ਦਹਿ ਹਜ਼ਾਰਾਂ ਨਜ਼ਰਬੰਦੀ ਤੇ ਤਸੀਹਾ ਕੈਂਪਾਂ 'ਚ ਸੁੱਟ ਦਿੱਤੇ। ਤਿੰਨ ਸਾਲਾਂ 'ਚ ਢਾਈ ਲੱਖ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ। ਹਜ਼ਾਰਾਂ ਲੋਕ ਅਣਪਛਾਤੀਆਂ ਕਬਰਾਂ 'ਚ ਦਫ਼ਨਾ ਦਿੱਤੇ ਗਏ, ਬਹੁਤ ਸਾਰੇ ਮਨੁੱਖੀ ਸਿਹਤ ਲਈ ਨਾਮੁਆਫ਼ਕ ਮਾਰੂਥਲ 'ਚ ਮਰਨ ਲਈ ਛੱਡ ਦਿੱਤੇ ਗਏ ਜਿੱਥੇ ਬਹੁਤ ਸਾਰੇ ਪਰਿਵਾਰ ਦਹਾਕੇ ਬਾਅਦ ਵੀ ਉਨ੍ਹਾਂ ਦੀਆਂ ਨਿਸ਼ਾਨੀਆਂ ਦੀ ਭਾਲ 'ਚ ਭਟਕਦੇ ਰਹੇ। 119 ਲੋਕਾਂ ਦੀਆਂ ਲਾਸ਼ਾਂ ਅਰਜਨਟਾਈਨਾ 'ਚੋਂ ਮਿਲੀਆਂ।

1980 'ਚ ਨਵਾਂ ਸੰਵਿਧਾਨ ਬਣਾ ਕੇ ਅਮਰੀਕਨ ਸੁਰੱਖਿਆ ਛੱਤਰੀ ਵਾਲੀ ਫ਼ੌਜੀ ਤਾਨਾਸ਼ਾਹੀ ਨੂੰ ਸੰਵਿਧਾਨਕ ਬੁਰਕਾ ਪਹਿਨਾ ਦਿੱਤਾ ਗਿਆ। ਪਿਨੋਚੇ ਨੇ ਖ਼ੁਦ ਵੀ ਲੰਮਾ ਸਮਾਂ ਸੱਤਾਧਾਰੀ ਰਹਿਣ ਦਾ ਰਾਹ ਪੱਧਰਾ ਕਰ ਲਿਆ ਅਤੇ ਰਾਇ-ਸ਼ੁਮਾਰੀ ਰਾਹੀਂ ਆਪਣੇ ਹੱਕ 'ਚ ਵੋਟ ਫ਼ਤਵਾ ਲੈਣ ਦੇ ਨਾਟਕ ਵੀ ਕਰਦਾ ਰਿਹਾ।

ਫ਼ੌਜੀ ਤਾਨਾਸ਼ਾਹੀ ਜੋ ਸ਼ਿਕਾਗੋ ਸਕੂਲ ਆਫ ਇਕਨਾਮਿਕਸ ਦੀਆਂ ਨੀਤੀਆਂ ਨੂੰ ਲਾਗੂ ਕਰਨ ਦਾ ਸੰਦ ਸੀ, ਨੂੰ ਪੱਕੇ ਪੈਰੀਂ ਕਰ ਕੇ ਅਲੈਂਡੇ ਸਰਕਾਰ ਦੇ ਸਾਰੇ ਕੰਮਾਂ ਨੂੰ ਸਿਰਫ਼ ਪੁੱਠਾ ਗੇੜਾ ਹੀ ਨਹੀਂ ਦਿੱਤਾ ਗਿਆ ਸਗੋਂ ਉਨ੍ਹਾਂ ਦੇ 'ਮੁਕਤ ਖੁੱਲ੍ਹੀ ਮੰਡੀ' ਦੇ ਮੱਤ ਅਨੁਸਾਰ ਜੋਸ਼ੋ-ਖ਼ਰੋਸ਼ ਨਾਲ ਆਰਥਿਕਤਾ ਦੀ ਨਵਉਦਾਰਵਾਦੀ ਨੀਤੀ ਢਾਂਚਾ-ਢਲਾਈ ਅਮਲ 'ਚ ਲਿਆਂਦੀ ਗਈ ਜੋ ਅਸਲ ਵਿਚ ਮਨੁੱਖੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏ ਦੇ ਰਹਿਮ-ਕਰਮ 'ਤੇ ਛੱਡ ਕੇ ਮਨੁੱਖੀ ਸਮਾਜ ਨੂੰ ਘੋਰ ਨਾ-ਬਰਾਬਰੀ, ਵਾਂਝੇਪਣ ਅਤੇ ਮੁਥਾਜਗੀ 'ਚ ਸੁੱਟਣ ਵਾਲਾ ਆਰਥਿਕ ਮਾਡਲ ਹੈ।

ਬਾਅਦ ਵਿਚ 1998 'ਚ ਭਾਵੇਂ ਸਪੇਨੀ ਨਾਗਰਿਕਾਂ ਨੂੰ ਤਸੀਹੇ ਦੇਣ ਸਬੰਧੀ ਬਰਤਾਨਵੀ ਹਕੂਮਤ ਨੇ ਅਮਰੀਕਾ ਦੇ ਚਹੇਤੇ ਪਿਨੋਚੇ ਨੂੰ ਹਿਰਾਸਤ 'ਚ ਤਾਂ ਲਿਆ ਪਰ ਇਹ ਕਹਿ ਕੇ ਛੱਡ ਦਿੱਤਾ ਕਿ ਉਹ ਮੁਕੱਦਮਾ ਚਲਾਉਣ ਲਈ ਫਿੱਟ ਨਹੀਂ ਹੈ। ਆਖ਼ਿਰਕਾਰ ਚਿੱਲੀ ਦੀ ਸੁਪਰੀਮ ਕੋਰਟ ਨੇ ਉਸ ਦੇ ਘਿਨਾਉਣੇ ਜੁਰਮਾਂ ਦਾ ਮੁਕੱਦਮਾ ਚਲਾਉਣ ਲਈ ਉਸ ਨੂੰ ਸਿਹਤਮੰਦ ਕਰਾਰ ਤਾਂ ਦੇ ਦਿੱਤਾ ਪਰ ਅਗਲੇ ਸਾਲ ਹੀ ਉਹ ਮਰ ਗਿਆ ਅਤੇ ਉਸ ਨੂੰ ਮੁਕੱਦਮੇ ਦਾ ਸਾਹਮਣਾ ਹੀ ਨਹੀਂ ਕਰਨਾ ਪਿਆ।

ਅਮਰੀਕਨ ਤੇ ਹੋਰ ਸਾਮਰਾਜੀਏ ਕਿਸੇ ਵੀ ਐਸੀ ਚੁਣੀ ਹੋਈ ਹਕੂਮਤ ਨਹੀਂ ਚਾਹੁੰਦੇ ਜੋ ਉਨ੍ਹਾਂ ਦੇ ਭੂਗੋਲਿਕ-ਰਾਜਨੀਤਕ ਹਿਤਾਂ ਦੇ ਅਨੁਸਾਰ ਨਹੀਂ। ਇਕ ਸਮੇਂ ਚਿੱਲੀ ਦੇ ਵੋਟਾਂ ਰਾਹੀਂ ਸਮਾਜਵਾਦੀ ਸਰਕਾਰਾਂ ਬਣਾਉਣ ਦੇ ਮਾਡਲ ਨੂੰ ਬਾਲਸ਼ਵਿਕ ਜਾਂ ਚੀਨੀ ਇਨਕਲਾਬ ਦੇ ਕਥਿਤ ਹਿੰਸਕ ਇਨਕਲਾਬ ਦੇ ਬਦਲ ਵਜੋਂ ਪ੍ਰਚਾਰਿਆ ਗਿਆ। ਦਰਅਸਲ ਸਾਮਰਾਜੀ ਸਰਮਾਏਦਾਰੀ ਨੂੰ ਸਮਾਜਵਾਦ ਦਾ ਇਹ ਰਾਹ ਵੀ ਮਨਜ਼ੂਰ ਨਹੀਂ ਜੋ ਉਨ੍ਹਾਂ ਦੇ ਪੈਮਾਨੇ ਅਨੁਸਾਰ 'ਲੋਕਤੰਤਰੀ' ਹੈ।

ਸਾਮਰਾਜੀ ਸਰਮਾਏਦਾਰੀ ਵੱਲੋਂ ਫੈਲਾਏ ਕੂੜ ਦੇ ਕਾਇਲ ਬਹੁਤ ਸਾਰੇ ਬੁੱਧੀਜੀਵੀ ਇਹ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ ਕਿ 21ਵੀਂ ਸਦੀ ਜਮਹੂਰੀਅਤ ਦਾ ਦੌਰ ਹੈ ਅਤੇ ਹਥਿਆਰਬੰਦ ਇਨਕਲਾਬ ਵੇਲਾ ਵਿਹਾ ਚੁੱਕੇ ਹਨ। ਚਿੱਲੀ ਦੇ ਤਜਰਬੇ ਦੇ ਮੱਦੇਨਜ਼ਰ ਸਵਾਲ ਇਹ ਹੈ ਕਿ ਕੀ ਚੋਣਾਂ ਦੇ ਕਥਿਤ ਲੋਕਤੰਤਰੀ ਅਮਲ ਰਾਹੀਂ ਮਨੁੱਖੀ ਸਮਾਜ ਨੂੰ ਸਰਮਾਏਦਾਰੀ ਦੀ ਜਕੜ 'ਚੋਂ ਮੁਕਤ ਕਰਾਉਣਾ ਸੰਭਵ ਹੈ? ਕੀ ਬੇਥਾਹ ਫ਼ੌਜੀ ਤਾਕਤ ਅਤੇ ਧੜਵੈਲ ਪ੍ਰਚਾਰ ਤੰਤਰ ਨਾਲ ਲੈਸ ਸਾਮਰਾਜੀਆਂ ਤਾਕਤਾਂ ਇਸ ਦੀ ਇਜਾਜ਼ਤ ਦੇਣਗੀਆਂ ਜੋ ਸਧਾਰਨ ਨਾਪਸੰਦ ਹਕੂਮਤਾਂ ਨੂੰ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ? ਚਿੱਲੀ ਦਾ ਤਜਰਬਾ ਇਸ ਦਾ ਜਵਾਬ ਨਾਂਹ 'ਚ ਦਿੰਦਾ ਹੈ।



*ਅਮਰੀਕਾ ਪੱਖੀ ਜਨਰਲ ਪਿਨੋਚੇ ਦੀ ਅਗਵਾਈ ਹੇਠ ਚਿੱਲੀ ਵਿਚ ਹੋਏ ਰਾਜ ਪਲਟੇ ਦੌਰਾਨ 11 ਸਤੰਬਰ 1973 ਨੂੰ ਸਾਂਤਿਆਗੋ ਵਿਚ ਲਾ ਮੁਨੇਦਾ ਪੈਲੇਸ ਨੂੰ ਘੇਰਾ ਘੱਤ ਕੇ ਬੈਠੀ ਫੌਜੀ ਟੁਕੜੀ।*

# ਸੂਬਿਆਂ ਦੀਆਂ ਰਾਜਧਾਨੀਆਂ 'ਚ ਕਿਸਾਨ ਧਰਨੇ ਅਤੇ ਕਿਸਾਨ ਮੰਗਾਂ

*(ਪਿਛਲੇ ਸਫੇ ਦੀ ਬਾਕੀ)*

ਸਾਜ਼ਿਸ਼' ਕਰਾਰ ਦਿੱਤਾ ਸੀ ਪਰ ਭਾਜਪਾ ਨੇ ਇਸ ਘਟਨਾ ਲਈ ਜ਼ਿੰਮੇਵਾਰ ਆਸ਼ੀਸ਼ ਮਿਸ਼ਰਾ ਦੇ ਪਿਉ ਅਜੇ ਮਿਸ਼ਰਾ ਨੂੰ ਅਜੇ ਵੀ ਕੇਂਦਰੀ ਗ੍ਰਹਿ ਰਾਜ ਮੰਤਰੀ ਦੀ ਕੁਰਸੀ 'ਤੇ ਬਿਠਾਇਆ ਹੋਇਆ ਹੈ। ਭਾਜਪਾ ਤੇ ਸਰਕਾਰ ਵੱਲੋਂ ਲਖੀਮਪੁਰ ਖੀਰੀ ਮਾਮਲੇ ਵਿਚ ਮੁਲਜ਼ਮਾਂ ਨੂੰ ਹਰ ਪੱਖੋਂ ਸਰਪ੍ਰਸਤੀ ਦਿੱਤੀ ਜਾ ਰਹੀ ਹੈ।

ਕਿਸਾਨਾਂ ਦੀ ਇੱਕ ਮੰਗ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੇ ਖਾਤਮੇ ਸਬੰਧੀ ਹੈ। ਖੇਤੀ ਖੇਤਰ ਵਿਚ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਕਿਸਾਨ ਵਿਰੋਧੀ ਨੀਤੀਆਂ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਲਈ ਜ਼ਿੰਮੇਵਾਰ ਹਨ। ਇਸ ਲਈ ਸਰਕਾਰ ਨੂੰ ਕਿਸਾਨਾਂ, ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ ਕਰ ਦੇਣੇ ਚਾਹੀਦੇ ਹਨ।


ਸਾਡੀਆਂ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਕਿਸਾਨ, ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ ਤੇ ਕਾਰਪੋਰੇਟ ਘਰਾਣਿਆਂ ਦੀ ਆਮਦਨ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਕਿਸਾਨਾਂ ਦਾ ਸੰਘਰਸ਼ ਸਰਕਾਰ ਨੂੰ ਕੁਦਰਤ ਤੇ ਕਿਸਾਨ ਪੱਖੀ ਖੇਤੀ ਨੀਤੀ ਲਿਆਉਣ ਲਈ ਮਜਬੂਰ ਕਰ ਸਕਦਾ ਹੈ। ਇਹ ਸੰਘਰਸ਼ ਖੇਤੀ ਤੇ ਖੇਤੀ ਸਹਾਇਕ ਕਿੱਤਿਆਂ ਨੂੰ ਲਾਹੇਬੰਦ ਬਨਾਉਣ ਲਈ ਚਾਨਣ ਮੁਨਾਰਾ ਬਣ ਸਕਦਾ ਹੈ ਤੇ ਪੂਰੀ ਦੁਨੀਆ ਦੇ ਕਿਸਾਨਾਂ ਦੀਆਂ ਨਜ਼ਰਾਂ ਇਸ ਸੰਘਰਸ਼ 'ਤੇ ਲੱਗੀਆਂ ਹੋਈਆਂ ਹਨ। ਸੰਯੁਕਤ ਕਿਸਾਨ ਮੋਰਚਾ ਦੀ ਸਿਖਰਲੀ ਲੀਡਰਸ਼ਿਪ ਨੂੰ ਵੀ ਚਾਹੀਦਾ ਹੈ, ਦਿੱਲੀ ਅੰਦੋਲਨ ਸਮੇਂ ਰਹੀਆਂ ਘਾਟਾ, ਕਮੀਆਂ ਦੀ ਸਹੀ ਢੰਗ ਨਾਲ ਸਵੈ-ਪੜਚੋਲ ਕਰ ਕੇ ਅੱਗੇ ਵਧੇ।

## ਕਤਲੇਆਮ 84 ਅਤੇ ਜਾਂਚ ਕਮਿਸ਼ਨਾਂ ਦੇ ਪਾਪ

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?-4

***ਨਵੰਬਰ ਦਾ ਪਹਿਲਾ ਹਫਤਾ ਸਿੱਖਾਂ ਲਈ ਬਹੁਤ ਭਿਆਨਕ ਸੁਫਨਾ ਹੋ ਨਿੱਬੜਿਆ ਸੀ। 31 ਅਕਤੂਬਰ ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਮੁਲਕ ਦੇ ਕੁਝ ਹੋਰ ਸ਼ਹਿਰਾਂ ਵਿਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਸ ਲੰਮੇ ਲੇਖ ਵਿਚ ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਨੇ ਉਸ ਵੇਲੇ ਦੇ ਹਾਲਾਤ ਕਲਮਬੱਧ ਕੀਤੇ ਹਨ। ਇਹ ਲਿਖਤ ਤਕਰੀਬਨ ਇਕ ਦਹਾਕਾ ਪੁਰਾਣੀ ਹੈ ਪਰ ਇਸ ਵਿਚ ਦਰਜ ਤੱਥ ਦੱਸਦੇ ਹਨ ਕਿ ਕਿਸ ਤਰ੍ਹਾਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਜਾਂਚ ਕਮਿਸ਼ਨਾਂ ਨੇ ਕੀ ਕੁਝ ਕੀਤਾ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਚੌਥੀ ਅਤੇ ਆਖਰੀ ਕਿਸ਼ਤ ਪੇਸ਼ ਹੈ।***

ਦਿੱਲੀ ਦਾ ਸਾਬਕਾ ਮੇਅਰ ਐੱਚ.ਕੇ.ਐੱਲ. ਭਗਤ ਕਾਂਗਰਸ ਦੇ ਆਗੂਆਂ ਵਿਚੋਂ ਸਭ ਤੋਂ ਤਾਕਤਵਰ ਸੀ ਜਿਨ੍ਹਾਂ 'ਤੇ ਕਿਸੇ ਵੀ ਕਮਿਸ਼ਨ ਦੇ ਸਾਹਮਣੇ ਹਿੰਸਾ ਵਿਚ ਭੂਮਿਕਾ ਦਾ ਸਪਸ਼ਟ ਦੋਸ਼ ਲਗਾਇਆ ਗਿਆ ਸੀ। ਕੁਝ ਲੋਕਾਂ, ਜ਼ਿਆਦਾਤਰ ਗ਼ੈਰ-ਸਿੱਖਾਂ ਨੇ, ਉਸ ਦੀ ਹਮਾਇਤ 'ਚ ਹਲਫ਼ੀਆ ਬਿਆਨ ਦਿੱਤੇ ਅਤੇ ਕਮਿਸ਼ਨ ਨੇ ਇਨ੍ਹਾਂ ਦੀ 'ਵਰਤੋਂ ਕੀਤੀ'। ਅਜਿਹਾ ਹਲਫ਼ਨਾਮਾ ਦੇਣ ਵਾਲਿਆਂ ਵਿਚੋਂ ਇਕ ਸੀ ਬਲਵਿੰਦਰ ਸਿੰਘ।



1989 ਵਿਚ ਬਲਵਿੰਦਰ ਸਿੰਘ ਨੇ ਸਮਾਗਮ ਕੀਤਾ ਜਿਸ ਵਿਚ ਭਗਤ ਨੂੰ ਸਿਰੋਪਾਓ ਦਿੱਤਾ ਗਿਆ। ਬਲਵਿੰਦਰ ਸਿੰਘ ਦਾ ਫਰਜ਼ੰਦ ਅਰਵਿੰਦਰ ਸਿੰਘ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਲਵਲੀ ਮਗਰੋਂ ਦਿੱਲੀ ਕਾਂਗਰਸ ਦਾ ਮੁਖੀ ਬਣਿਆ।

ਕਮਿਸ਼ਨ ਨੇ ਭਗਤ ਵਿਰੁੱਧ ਸਬੂਤ ਰੱਦ ਕਰ ਕੇ ਇਨ੍ਹਾਂ ਨਾਲ ਨਜਿੱਠਿਆ। ਕਮਿਸ਼ਨ ਨੇ ਲਿਖਿਆ, "ਬਹੁਤ ਸਾਰੇ ਹਲਫਨਾਮਿਆਂ ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਐੱਚ.ਕੇ.ਐੱਲ. ਭਗਤ ਜੋ ਇੰਦਰਾ ਗਾਂਧੀ ਦੀ ਵਜ਼ਾਰਤ ਵਿਚ ਮੰਤਰੀ ਸੀ ਅਤੇ ਰਾਜੀਵ ਗਾਂਧੀ ਦੀ ਵਜ਼ਾਰਤ ਵਿਚ ਵੀ ਮੰਤਰੀ ਬਣਿਆ ਰਿਹਾ, ਨੇ ਗ਼ੈਰ-ਸਿੱਖਾਂ ਨੂੰ ਸਿੱਖਾਂ ਤੋਂ ਬਦਲਾ ਲੈਣ ਲਈ ਉਕਸਾਇਆ ਕਿਉਂਕਿ ਉਨ੍ਹਾਂ (ਸਿੱਖਾਂ) ਦੇ ਦੋ ਵਿਅਕਤੀਆਂ ਨੇ ਇੰਦਰਾ ਗਾਂਧੀ ਨੂੰ ਕਤਲ ਕਰ ਦਿੱਤਾ ਸੀ।" ਖ਼ਾਸ ਦੋਸ਼ਾਂ ਦੀਆਂ 16 ਮਿਸਾਲਾਂ ਦਿੰਦਿਆਂ ਕਮਿਸ਼ਨ ਨੇ ਦਲੀਲ ਦਿੱਤੀ: ਉਨ੍ਹਾਂ ਮੁੱਠੀ ਭਰ ਹਲਫ਼ਨਾਮਿਆਂ ਜਿਨ੍ਹਾਂ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਭਗਤ 31 ਅਕਤੂਬਰ ਦੀ ਰਾਤ ਨੂੰ ਜਾਂ ਪਹਿਲੀ ਨਵੰਬਰ ਦੀ ਸਵੇਰ ਨੂੰ ਕੁਝ ਹੋਰ ਸਥਾਨਕ ਕਾਂਗਰਸ (ਆਈ) ਆਗੂਆਂ ਨਾਲ ਮੀਟਿੰਗਾਂ ਵਿਚ ਆਇਆ ਸੀ, ਤੇ ਕੁਝ ਉਨ੍ਹਾਂ ਹਲਫ਼ਨਾਮਿਆਂ ਜਿਨ੍ਹਾਂ ਵਿਚ ਦੰਗਿਆਂ ਨੂੰ ਉਤਸ਼ਾਹਿਤ ਕਰਨ ਲਈ ਉਸ ਵੱਲੋਂ ਪੈਸੇ ਵੰਡਣ ਦੇ ਦੋਸ਼ ਲਗਾਏ ਗਏ, ਨੂੰ ਛੱਡ ਕੇ ਦੋਸ਼ ਬਹੁਤੇ ਪੱਕੇ ਜਾਂ ਖ਼ਾਸ ਨਹੀਂ ਹਨ...। ਮੀਟਿੰਗ ਵਿਚ ਕੀ ਕੁਝ ਹੋਇਆ, ਉਸ ਬਾਰੇ ਸਬੂਤ ਥੋੜ੍ਹੇ ਹਨ।"

ਜੇ ਜ਼ਬਰਦਸਤ ਸਬੂਤਾਂ ਦੇ ਬਾਵਜੂਦ ਐੱਚ.ਕੇ.ਐੱਲ. ਭਗਤ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਤਾਂ ਇਹ ਸੰਭਾਵਨਾ ਬਹੁਤ ਘੱਟ ਸੀ ਕਿ ਕਾਂਗਰਸ ਦੀ ਕਿਸੇ ਹੋਰ ਸੀਨੀਅਰ ਹਸਤੀ ਨੂੰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਕਤਲ ਤੋਂ ਬਾਅਦ ਸ਼ੁਰੂਆਤੀ ਹਿੰਸਾ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ 'ਚ ਮਿਸ਼ਰਾ ਕਮਿਸ਼ਨ ਨੇ ਇਸ ਨੂੰ 'ਸੁਭਾਵਿਕ' ਕਰਾਰ ਦਿੱਤਾ। ਮਿਸ਼ਰਾ ਨੇ ਲਿਖਿਆ: ਭਾਰਤੀ ਪਰੰਪਰਾ ਅਨੁਸਾਰ, ਔਰਤ ਨੂੰ ਮਾਰਿਆ ਨਹੀਂ ਜਾ ਸਕਦਾ ਅਤੇ ਉਸ ਨੂੰ ਅਵਧਿਆ (ਜਿਸ ਦੀ ਹੱਤਿਆ ਨਹੀਂ ਕੀਤੀ ਜਾ ਸਕਦੀ) ਕਿਹਾ ਜਾਂਦਾ ਹੈ।"

ਸਿੱਖ ਆਪਣੀ ਬਹਾਦਰੀ ਅਤੇ ਸੂਰਮਗਤੀ ਲਈ ਮਸ਼ਹੂਰ ਹਨ। ਜਦੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੁਰੱਖਿਆ ਦੇਣ ਲਈ ਪੁਲਿਸ 'ਚੋਂ ਲਏ ਗਏ ਦੋ ਸਿੱਖ ਗਾਰਡਾਂ ਨੇ ਉਸ ਉੱਪਰ ਗੋਲੀਆਂ ਚਲਾਈਆਂ ਅਤੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦੀ ਦਮ ਤੋੜ ਗਈ ਤਾਂ ਸਰਵਵਿਆਪਕ ਦੁੱਖ ਦੀ ਭਾਵਨਾ ਸੁਭਾਵਿਕ ਪ੍ਰਤੀਕਰਮ ਸੀ। ਇਸ ਲਈ ਕਮਿਸ਼ਨ ਆਪਣੇ ਅੱਗੇ ਕੀਤੀ ਗਈ ਇਸ ਬੇਨਤੀ ਨੂੰ ਸਵੀਕਾਰ ਕਰਦਾ ਹੈ ਕਿ 31 ਅਕਤੂਬਰ 1984 ਨੂੰ ਸਿੱਖਾਂ ਵਿਰੁੱਧ ਵਾਪਰੀਆਂ ਘਟਨਾਵਾਂ ਸਥਿਤੀ ਦੇ ਸੁਭਾਵਿਕ ਪ੍ਰਤੀਕਰਮ ਵਜੋਂ ਸ਼ੁਰੂ ਹੋਈਆਂ ਸਨ ਅਤੇ ਉਸ ਪੜਾਅ 'ਤੇ ਸਿੱਖਾਂ ਵਿਰੁੱਧ ਦੰਗੇ ਕਰ ਕੇ ਹਿੰਸਾ ਕਰਨ ਜਾਂ ਫੈਲਾਉਣ ਦੀ ਕੋਈ ਯੋਜਨਾਬੱਧ ਕੋਸ਼ਿਸ਼ ਨਹੀਂ ਕੀਤੀ ਗਈ ਸੀ।

ਫਿਰ ਮਿਸ਼ਰਾ ਨੇ ਅਗਲੇ ਕਤਲੇਆਮ ਬਾਰੇ ਵਿਚਾਰ ਕੀਤਾ: "01/11/1984 ਤੋਂ ਲੈ ਕੇ ਸਿੱਖਾਂ 'ਤੇ ਹਮਲਿਆਂ ਦਾ ਕਾਰਨ ਇੱਕ ਤਰ੍ਹਾਂ ਦਾ ਨਹੀਂ ਰਿਹਾ ਸੀ। ਲੋਕਾਂ ਦੇ ਗੁੱਸੇ ਦਾ ਫ਼ਾਇਦਾ ਉਠਾਉਂਦੇ ਹੋਏ ਹੋਰ ਤਾਕਤਾਂ ਸਥਿਤੀ ਦਾ ਲਾਹਾ ਲੈਣ ਲਈ ਆ ਪਹੁੰਚੀਆਂ ਸਨ। ਵੱਡੀ ਗਿਣਤੀ ਹਲਫ਼ਨਾਮੇ ਦੱਸਦੇ ਹਨ ਕਿ ਸਥਾਨਕ ਕਾਂਗਰਸ (ਆਈ) ਦੇ ਆਗੂਆਂ ਅਤੇ ਵਰਕਰਾਂ ਨੇ ਸਿੱਖਾਂ 'ਤੇ ਹਮਲਾ ਕਰਨ ਲਈ ਭੀੜ ਨੂੰ ਭੜਕਾਇਆ ਜਾਂ ਮਦਦ ਕੀਤੀ ਸੀ ਪਰ ਰਸੂਖ਼ਵਾਨ ਅਤੇ ਸਾਧਨਾਂ ਵਾਲੇ ਵਿਅਕਤੀਆਂ ਦੀ ਹਮਾਇਤ ਅਤੇ ਮਦਦ ਦੇ ਕਾਰਨ ਸਿੱਖਾਂ ਦੇ ਏਨੀ ਤੇਜ਼ੀ ਨਾਲ ਅਤੇ ਵੱਡੀ ਗਿਣਤੀ ਵਿਚ ਕਤਲ ਨਹੀਂ ਸੀ ਹੋ ਸਕਦੇ।"



ਇਹ ਨਿਰਖ ਕਰਨ, ਅਤੇ ਇਸ ਦੇ ਜ਼ਬਰਦਸਤ ਸਬੂਤ ਪੇਸ਼ ਕੀਤੇ ਜਾਣ ਕਿ ਹਿੰਸਾ ਬਹੁਤ ਜ਼ਿਆਦਾ ਜਥੇਬੰਦ ਤੇ ਯੋਜਨਾਬੱਧ ਸੀ, ਤੋਂ ਬਾਦ ਵੀ ਕਮਿਸ਼ਨ ਨੇ ਸੀਨੀਅਰ ਕਾਂਗਰਸੀਆਂ ਨੂੰ ਬਰੀ ਕਰਨ ਅਤੇ ਸਥਾਨਕ ਨੇਤਾਵਾਂ 'ਤੇ ਦੋਸ਼ ਮੜ੍ਹਨ ਦੀ ਚੋਣ ਕੀਤੀ।

ਇਹ ਸਿੱਟਾ ਛਾਣਬੀਣ 'ਤੇ ਪੂਰਾ ਨਹੀਂ ਉੱਤਰਦਾ। ਇਹ ਅਸੰਭਵ ਹੈ ਕਿ ਸੁਤੰਤਰ ਤੌਰ 'ਤੇ ਕੰਮ ਕਰਨ ਵਾਲੇ ਸਾਰੇ ਸਥਾਨਕ ਆਗੂ ਹਿੰਸਾ ਦਾ ਇਕੋ ਤਰੀਕਾ ਈਜ਼ਾਦ ਕਰਨਗੇ। ਕਮਿਸ਼ਨ ਨੇ ਇਸ ਬਾਰੇ ਕੋਈ ਠੋਸ ਸਪੱਸ਼ਟੀਕਰਨ ਨਹੀਂ ਦਿੱਤਾ ਕਿ ਟਾਇਰਾਂ ਅਤੇ ਕਾਫ਼ੀ ਮਾਤਰਾ 'ਚ ਮਿੱਟੀ ਦੇ ਤੇਲ ਨਾਲ ਲੈਸ ਹੋ ਕੇ ਭੀੜਾਂ ਪੂਰੇ ਸ਼ਹਿਰ ਵਿਚ ਸਿੱਖਾਂ ਦੇ ਘਰਾਂ 'ਚ ਕਿਵੇਂ ਪਹੁੰਚ ਗਈਆਂ, ਅਤੇ ਸਿੱਖਾਂ ਨੂੰ ਮਾਰਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਸਾੜਨ ਦੇ ਐਨ ਉਹੀ ਤਰੀਕੇ ਕਿਵੇਂ ਚੁਣੇ। ਇਸ ਗੱਲ ਦੀ ਵੀ ਕੋਈ ਵਿਆਖਿਆ ਨਹੀਂ ਹੈ ਕਿ ਬੋਕਾਰੋ ਅਤੇ ਕਾਨਪੁਰ ਵਰਗੇ ਸ਼ਹਿਰਾਂ 'ਚ, ਜਿੱਥੇ ਹਿੰਸਾ ਹੋਈ, ਇਹ ਇਕਸਾਰਤਾ ਕਿਉਂ ਨਹੀਂ ਸੀ।

ਕਮਿਸ਼ਨ ਨੇ ਤਾਂ ਇੱਥੋਂ ਤੱਕ ਦਲੀਲ ਦਿੱਤੀ ਕਿ ਇਹ ਕਤਲੇਆਮ ਸੀਨੀਅਰ ਕਾਂਗਰਸੀ ਆਗੂਆਂ ਦਾ ਜਥੇਬੰਦ ਕੀਤਾ ਨਹੀਂ ਹੋ ਸਕਦਾ ਕਿਉਂਕਿ, ਜੇ ਉਨ੍ਹਾਂ ਨੇ ਕੀਤਾ ਹੁੰਦਾ ਤਾਂ ਹਿੰਸਾ ਵਧੇਰੇ ਘੋਰ ਹੋਣੀ ਸੀ:

"ਜੇ ਇਸ ਦੰਗੇ ਦੀ ਮਨਸੂਬਾਬੰਦੀ ਜਾਂ ਵਿਉਂਤਬੰਦੀ ਸੱਤਾਧਾਰੀ ਪਾਰਟੀ ਜਾਂ ਮੰਤਰੀ ਜਾਂ ਉੱਚ ਅਹੁਦੇ ਵਾਲੇ ਵਿਅਕਤੀ ਨੇ ਕੀਤਾ ਹੁੰਦੀ ਤਾਂ ਇਸ ਨੇ ਹੋਰ ਵੀ ਗੰਭੀਰ ਰੂਪ ਲੈ ਲੈਣਾ ਸੀ। ਕਮਿਸ਼ਨ ਦੇ ਸਾਹਮਣੇ ਸਾਰੀਆਂ ਧਿਰਾਂ ਦਾ ਪੇਸ਼ ਕੀਤਾ ਪੱਖ ਹੈ ਕਿ ਖ਼ਾਸ ਇਲਾਕੇ ਵਿਚ ਗ਼ੌਰਤਲਬ ਮਾਤਰਾ 'ਚ ਕੋਈ ਸਮੱਸਿਆ ਨਹੀਂ ਸੀ ਅਤੇ ਅਜਿਹੀ ਸਥਿਤੀ ਦੇ ਦੋ ਕਾਰਨ ਦੱਸੇ ਗਏ ਹਨ - (1) ਸਥਾਨਕ ਪੁਲਿਸ ਦਾ ਅਸਰਦਾਰ ਹੋਣਾ; ਅਤੇ (2) ਸਥਾਨਕ ਨਿਵਾਸੀਆਂ ਵੱਲੋਂ ਇਕੱਠੇ ਹੋ ਕੇ ਰੱਖਿਆ ਕਰਨਾ। ਜੇਕਰ ਕਾਂਗਰਸ (ਆਈ) ਪਾਰਟੀ ਜਾਂ ਪਾਰਟੀ ਦੀ ਕਿਸੇ ਤਾਕਤਵਰ ਸ਼ਕਤੀ ਨੇ ਕੋਈ ਭੂਮਿਕਾ ਨਿਭਾਈ ਹੁੰਦੀ ਤਾਂ ਇਨ੍ਹਾਂ ਦੋਹਾਂ ਤੱਤਾਂ ਵਿਚੋਂ ਕੋਈ ਵੀ ਉਸ ਤਰੀਕੇ ਨਾਲ ਕੰਮ ਨਹੀਂ ਕਰ ਸਕਦਾ ਸੀ ਜਿਸ ਤਰ੍ਹਾਂ ਦਾ ਦੋਸ਼ ਉਨ੍ਹਾਂ ਉੱਪਰ ਮੜ੍ਹਿਆ ਗਿਆ ਹੈ।

ਕਮਿਸ਼ਨ ਵੱਲੋਂ ਕੱਢਿਆ ਅੰਤਿਮ ਸਿੱਟਾ ਇਹ ਸੀ ਕਿ "ਆਪਮੁਹਾਰੇ ਪ੍ਰਤੀਕਰਮ ਤੋਂ ਬਦਲ ਕੇ ਜਥੇਬੰਦ ਦੰਗਿਆਂ ਦਾ ਪੈਟਰਨ ਬਣ ਜਾਣਾ ਸਮਾਜ ਵਿਰੋਧੀ ਅਨਸਰਾਂ ਵੱਲੋਂ ਸਥਿਤੀ ਦੀ ਕਮਾਨ ਸਾਂਭ ਲੈਣ ਦਾ ਨਤੀਜਾ ਸੀ।"

ਕਿਹਾ ਜਾਂਦਾ ਹੈ ਕਿ ਸ਼ੈਤਾਨ ਦੀ ਵੀ ਕੋਈ ਪ੍ਰਕਿਰਿਆ ਹੁੰਦੀ ਹੈ ਅਤੇ ਸਮਾਜ ਵਿਰੋਧੀ ਅਨਸਰ ਵੀ ਸ਼ੈਤਾਨੀ ਕਾਰਵਾਈਆਂ ਨੂੰ ਹੱਥ ਲੈਣ ਸਮੇਂ ਸੰਗਠਿਤ ਤਰੀਕਾ ਵਰਤਦੇ ਹਨ। ਇਸ ਤਰ੍ਹਾਂ - ਅਤੇ ਇਨ੍ਹਾਂ ਮਾਇਨਿਆਂ 'ਚ - ਦਿੱਲੀ 'ਚ ਕੀਤੀ ਹਿੰਸਾ ਵੀ ਅਸਲ ਵਿਚ ਯੋਜਨਾਬੱਧ ਸੀ ਪਰ ਅਜਿਹੀ ਸੰਗਠਨ ਕਾਰਵਾਈ ਕਿਸੇ ਰਾਜਨੀਤਕ ਪਾਰਟੀ ਜਾਂ ਵਿਅਕਤੀਆਂ ਦੇ ਨਿਸ਼ਚਿਤ ਸਮੂਹ ਦੁਆਰਾ ਨਹੀਂ ਬਲਕਿ ਸਮਾਜ ਵਿਰੋਧੀ ਅਨਸਰਾਂ ਦੁਆਰਾ ਕੀਤੀ ਗਈ ਸੀ ਜੋ ਜਿਵੇਂ ਇਸ ਰਿਪੋਰਟ ਦੇ ਇਕ ਹੋਰ ਹਿੱਸੇ ਵਿਚ ਦਿਖਾਇਆ ਜਾਵੇਗਾ, ਭਾਰਤ ਦੀ ਰਾਜਧਾਨੀ ਵਿਚ ਇਕ ਭਿਆਨਕ ਅਤੇ ਤਾਕਤਵਰ ਅਨਸਰ ਹੈ।

ਪਰ ਇਹ ਸਮਾਜ ਵਿਰੋਧੀ ਤੱਤ ਕੌਣ ਅਤੇ ਕੀ ਸਨ, ਇਸ ਦਾ ਕੋਈ ਸਪਸ਼ਟੀਕਰਨ ਸਾਹਮਣੇ ਨਹੀਂ ਆ ਰਿਹਾ ਸੀ।

ਕਮਿਸ਼ਨ ਦੀ ਅਗਵਾਈ ਕਰਨ ਤੋਂ ਬਾਅਦ ਰੰਗਨਾਥ ਮਿਸ਼ਰਾ ਨੂੰ ਸੁਪਰੀਮ ਕੋਰਟ ਦਾ ਚੀਫ ਜਸਟਿਸ ਬਣਾ ਦਿੱਤਾ ਗਿਆ। ਆਪਣੀ ਸੇਵਾ ਮੁਕਤੀ ਤੋਂ ਬਾਅਦ 1993 'ਚ ਉਸ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਪਹਿਲਾ ਮੁਖੀ ਨਿਯੁਕਤ ਕੀਤਾ ਗਿਆ। ਪੰਜ ਸਾਲ ਬਾਅਦ ਕਾਂਗਰਸ ਜੋ ਉਦੋਂ ਵਿਰੋਧੀ ਧਿਰ ਵਿਚ ਸੀ, ਨੇ ਉਸ ਨੂੰ ਰਾਜ ਸਭਾ ਲਈ ਮੈਂਬਰ ਨਾਮਜ਼ਦ ਕੀਤਾ।

1986 ਵਿਚ ਜਦੋਂ ਮਿਸ਼ਰਾ ਕਮਿਸ਼ਨ ਖ਼ਤਮ ਹੋ ਗਿਆ, ਇਸ ਨੇ ਤਿੰਨ ਹੋਰ ਕਮਿਸ਼ਨ ਬਣਾਏ ਜਾਣ ਦੀ ਸਿਫ਼ਾਰਸ਼ ਕੀਤੀ - ਮੌਤਾਂ ਦੀ ਅੰਤਿਮ ਗਿਣਤੀ ਦਾ ਪਤਾ ਲਾਉਣ ਲਈ, ਪੁਲਿਸ ਉੱਪਰ ਲੱਗੇ ਅਣਗਹਿਲੀ ਦੇ ਦੋਸ਼ਾਂ ਦੀ ਜਾਂਚ ਅਤੇ ਉਨ੍ਹਾਂ ਕੇਸਾਂ ਦੀ ਮੁੜ ਜਾਂਚ ਕਰਨ ਲਈ ਜੋ ਦਰਜ ਨਹੀਂ ਕੀਤੇ ਗਏ ਸਨ ਜਾਂ ਜਿਨ੍ਹਾਂ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਗਈ ਸੀ। ਇਨ੍ਹਾਂ ਵਿਚੋਂ ਸਭ ਤੋਂ ਘੱਟ ਵਿਵਾਦਪੂਰਨ ਕਮਿਸ਼ਨ ਜੋ ਦਿੱਲੀ ਦੇ ਗ੍ਰਹਿ ਸਕੱਤਰ ਆਰ.ਕੇ. ਆਹੂਜਾ ਦੀ ਅਗਵਾਈ 'ਚ ਬਣਾਇਆ ਗਿਆ ਸੀ, ਇਸ ਨਤੀਜੇ 'ਤੇ ਪਹੁੰਚਿਆ ਕਿ 2733 ਲੋਕ ਮਾਰੇ ਗਏ ਸਨ। ਉਸ ਦਾ ਅੰਕੜਾ ਘਟਾ ਕੇ ਲਗਾਇਆ ਅੰਦਾਜ਼ਾ ਸੀ ਪਰ ਨਿਰਵਿਰੋਧ ਸੀ।

ਦੋ ਹੋਰ ਕਮਿਸ਼ਨਾਂ ਵਿਚ ਮਾਮਲੇ ਉਨ੍ਹਾਂ ਦੀ ਸ਼ੁਰੂਆਤ ਦੇ ਸਮੇਂ ਤੋਂ ਹੀ ਵਧੇਰੇ ਪੇਚੀਦਾ ਸਨ। ਵਿਅਕਤੀਗਤ ਪੁਲਿਸ ਅਧਿਕਾਰੀਆਂ ਦੀਆਂ ਭੂਮਿਕਾਵਾਂ ਦੀ ਜਾਂਚ ਕਰਨ ਲਈ ਫਰਵਰੀ 1987 'ਚ ਦਿੱਲੀ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਦਲੀਪ ਕਪੂਰ ਅਤੇ ਕੇਂਦਰ ਸਰਕਾਰ ਦੀ ਸੇਵਾ ਮੁਕਤ ਸਕੱਤਰ ਕੁਸੁਮ ਲਤਾ ਮਿੱਤਲ ਨੂੰ ਲੈ ਕੇ ਦੋ ਮੈਂਬਰੀ ਕਮੇਟੀ ਬਣਾਈ ਗਈ ਸੀ। ਇਸ ਹੁਕਮ ਦੇ ਬਾਵਜੂਦ ਸਰਕਾਰ ਨੇ ਕਮੇਟੀ ਨੂੰ ਅਧਿਕਾਰੀਆਂ ਨੂੰ ਤਲਬ ਕਰਨ ਅਤੇ ਜਾਂਚ ਕਰਨ ਦਾ ਅਧਿਕਾਰ ਨਹੀਂ ਦਿੱਤਾ। ਅਜਿਹੇ ਹਾਲਾਤ ਵਿਚ ਕਪੂਰ ਨੂੰ ਲੱਗਾ ਕਿ ਉਹ ਕਿਸੇ 'ਤੇ ਜੁਰਮ ਦੇ ਦੋਸ਼ ਆਇਦ ਨਹੀਂ ਕਰ ਸਕਦਾ। ਮਿੱਤਲ ਨੇ ਹਾਲਾਂਕਿ 1990 'ਚ ਮਿਸ਼ਰਾ ਕਮਿਸ਼ਨ ਦੁਆਰਾ ਇਕੱਤਰ ਕੀਤੇ ਹਲਫ਼ਨਾਮਿਆਂ ਅਤੇ ਹੋਰ ਸਮੱਗਰੀ ਦੇ ਅਧਾਰ 'ਤੇ ਵੱਖਰੀ ਰਿਪੋਰਟ ਪੇਸ਼ ਕੀਤੀ।

ਮਿੱਤਲ ਰਿਪੋਰਟ ਵਿਚ ਛੇ ਆਈ.ਪੀ.ਐੱਸ. ਅਫਸਰਾਂ ਸਮੇਤ 72 ਪੁਲਿਸ ਅਫਸਰਾਂ ਨੂੰ ਦੋਸ਼ੀ ਠਹਿਰਾਇਆ ਗਿਆ। ਮਿੱਤਲ ਨੇ ਲਿਖਿਆ, "ਜੇਕਰ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ ਤਾਂ ਇਹ ਕਿਸੇ ਬਾਹਰੀ ਏਜੰਸੀ ਦੁਆਰਾ ਹੋਣੀ ਚਾਹੀਦੀ ਹੈ।" "ਦਿੱਲੀ ਪੁਲਿਸ ਦੇ ਅਧਿਕਾਰੀਆਂ ਦੁਆਰਾ ਵਿਭਾਗੀ ਪੁੱਛਗਿੱਛ ਦਾ ਕੋਈ ਨਤੀਜਾ ਨਿਕਲਣ ਦੀ ਸੰਭਾਵਨਾ ਨਹੀਂ ਹੈ।" ਇਸ ਸਪਸ਼ਟ ਸਿਫ਼ਾਰਸ਼ ਦੇ ਬਾਵਜੂਦ ਸਿਰਫ਼ ਅਜਿਹੀਆਂ ਇਨਕੁਆਰੀਆਂ ਹੀ ਸ਼ੁਰੂ ਕੀਤੀਆਂ ਗਈਆਂ।

ਮਿੱਤਲ ਸੂਰਵੀਰ ਸਿੰਘ ਤਿਆਗੀ ਦੇ ਕੇਸ ਨੂੰ ਵੀ ਮੁਖ਼ਾਤਿਬ ਹੋਏ: "ਇਹ ਸਮਝਿਆ ਜਾਂਦਾ ਹੈ ਕਿ ਇੰਸਪੈਕਟਰ ਸੂਰਵੀਰ ਸਿੰਘ ਤਿਆਗੀ ਦੇ ਖ਼ਿਲਾਫ਼ ਕੁਝ ਵਿਭਾਗੀ ਕਾਰਵਾਈਆਂ ਸ਼ੁਰੂ ਕੀਤੀਆਂ ਗਈਆਂ ਹਨ। ਗਵਾਹਾਂ ਉੱਪਰ ਦਬਾਅ ਪਾ ਕੇ ਉਨ੍ਹਾਂ ਤੋਂ ਆਪਣੇ ਹੱਕ 'ਚ ਹਲਫ਼ੀਆ ਬਿਆਨ ਪ੍ਰਾਪਤ ਕਰਨ ਦੀਆਂ ਉਸ ਦੀਆਂ ਕੋਸ਼ਿਸ਼ਾਂ ਦਾ ਕਾਫ਼ੀ ਹੱਦ ਤੱਕ ਸਫ਼ਲ ਰਹਿਣਾ ਇਹ ਦਰਸਾਉਂਦਾ ਹੈ ਕਿ ਇਹ ਬੇਹੱਦ ਅਸੰਭਵ ਹੈ ਕਿ ਕੋਈ ਵੀ ਗਵਾਹ ਉਸ ਵਿਰੁੱਧ ਅੱਗੇ ਆਉਣ ਅਤੇ ਗਵਾਹੀ ਦੇਣ ਦੀ ਹਿੰਮਤ ਕਰੇਗਾ। ਉਸ ਦੀ ਮੁਅੱਤਲੀ ਤੋਂ ਬਾਅਦ ਵੀ ਇਹ ਦੇਖਿਆ ਗਿਆ ਹੈ ਕਿ ਕਲਿਆਣਪੁਰੀ ਦਾ ਪੁਲਿਸ ਸਟਾਫ਼ ਖ਼ਾਸ ਕਰ ਕੇ ਸਬ ਇੰਸਪੈਕਟਰ ਮਨਫੂਲ ਸਿੰਘ ਵਿਅਕਤੀਆਂ ਨੂੰ ਉਸ ਦੇ ਹੱਕ ਵਿਚ ਬਿਆਨ ਦੇਣ ਲਈ ਦਬਾਅ ਪਾ ਕੇ ਸੂਰਵੀਰ ਸਿੰਘ ਤਿਆਗੀ ਦੀ ਮਦਦ ਕਰ ਰਿਹਾ ਹੈ। ਹਾਲਾਂਕਿ ਇਹ ਐੱਸ.ਐੱਚ.ਓ. ਕਿਸੇ ਵੀ ਪੁਲਿਸ ਸੰਸਥਾ ਲਈ ਸ਼ਰਮਨਾਕ ਹੈ ਅਤੇ ਲੋਕ ਹਿੱਤ ਵਿਚ ਉਸ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਵਧੀਆ ਤਰੀਕਾ ਸੰਵਿਧਾਨ ਦੀ ਧਾਰਾ 311 (2) (ਬੀ) ਦੇ ਤਹਿਤ ਕਾਰਵਾਈ ਕਰਨਾ ਹੋਵੇਗਾ। ਇਸ ਨਾਲ ਲੋਕਾਂ ਦੇ ਮਨਾਂ ਵਿਚ ਸ਼ਾਇਦ ਕੁਝ ਭਰੋਸਾ ਬਹਾਲ ਹੋ ਸਕੇਗਾ।

ਜਦੋਂ ਅਜਿਹੀ ਪ੍ਰਕਿਰਿਆ ਵਿਹਾਰਕ ਨਹੀਂ ਹੁੰਦੀ, ਉਦੋਂ ਧਾਰਾ 311(2)(ਬੀ) ਸਰਕਾਰੀ ਮੁਲਾਜ਼ਮਾਂ ਨੂੰ ਬਿਨਾਂ ਜਾਂਚ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਇਜਾਜ਼ਤ ਦਿੰਦੀ ਹੈ। ਤਿਆਗੀ ਵਿਰੁੱਧ ਕਦੇ ਵੀ ਕੋਈ ਹੋਰ ਕਾਰਵਾਈ ਨਹੀਂ ਕੀਤੀ ਗਈ ਅਤੇ ਉਹ ਪੁਲਿਸ ਦੇ ਵਧੀਕ ਕਮਿਸ਼ਨਰ ਵਜੋਂ ਸੇਵਾ ਮੁਕਤ ਹੋਇਆ।

ਫਰਵਰੀ 1987 ਵਿਚ ਸ਼ੁਰੂ ਕੀਤੀ ਗਈ ਤੀਜੀ ਪੈਰਵੀ ਜਾਂਚ ਜੈਨ-ਬੈਨਰਜੀ ਕਮੇਟੀ ਦੀ ਅਗਵਾਈ ਵਿਚ ਕੀਤੀ ਗਈ ਸੀ। ਸੰਸਥਾ ਦਾ ਮਕਸਦ ਸਿਆਸਤਦਾਨਾਂ ਵਿਰੁੱਧ ਕੇਸ ਦਰਜ ਕਰਨ ਬਾਰੇ ਵਿਚਾਰ ਕਰਨਾ ਸੀ। ਉਸ ਸਤੰਬਰ

***ਰੰਗਨਾਥ ਮਿਸ਼ਰਾ ਕਮਿਸ਼ਨ ਨੇ ਤਾਂ ਇੱਥੋਂ ਤੱਕ ਦਲੀਲ ਦਿੱਤੀ ਕਿ ਕਤਲੇਆਮ ਸੀਨੀਅਰ ਕਾਂਗਰਸੀ ਆਗੂਆਂ ਦਾ ਜਥੇਬੰਦ ਕੀਤਾ ਨਹੀਂ ਹੋ ਸਕਦਾ ਕਿਉਂਕਿ ਜੇ ਉਨ੍ਹਾਂ ਨੇ ਕੀਤਾ ਹੁੰਦਾ ਤਾਂ ਹਿੰਸਾ ਵਧੇਰੇ ਘੋਰ ਹੋਣੀ ਸੀ।... ਕਮਿਸ਼ਨ ਦੀ ਅਗਵਾਈ ਕਰਨ ਤੋਂ ਬਾਅਦ ਰੰਗਨਾਥ ਮਿਸ਼ਰਾ ਨੂੰ ਸੁਪਰੀਮ ਕੋਰਟ ਦਾ ਚੀਫ ਜਸਟਿਸ ਬਣਾ ਦਿੱਤਾ ਗਿਆ। ਆਪਣੀ ਸੇਵਾ ਮੁਕਤੀ ਤੋਂ ਬਾਅਦ 1993 'ਚ ਉਸ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਪਹਿਲਾ ਮੁਖੀ ਨਿਯੁਕਤ ਕੀਤਾ ਗਿਆ। ਪੰਜ ਸਾਲ ਬਾਅਦ ਕਾਂਗਰਸ ਜੋ ਉਦੋਂ ਵਿਰੋਧੀ ਧਿਰ ਵਿਚ ਸੀ, ਨੇ ਉਸ ਨੂੰ ਰਾਜ ਸਭਾ ਲਈ ਮੈਂਬਰ ਨਾਮਜ਼ਦ ਕੀਤਾ।***

(ਬਾਕੀ ਅਗਲੇ ਸਫੇ 'ਤੇ)

# ਦੀਵਾਲੀ ਤੋਂ ਅਗਲੀ ਸੁਬ੍ਹਾ: ਕੁਝ ਤੱਥ, ਕੁਝ ਖਿਆਲ

**ਕਰਨੈਲ ਸਿੰਘ ਸੋਮਲ**
ਫੋਨ: +91-98141-57137

ਵਰ੍ਹਿਆਂ ਪੁਰਾਣੀ ਗੱਲ ਹੈ। ਮੈਂ ਸਵੇਰੇ ਸਵਖਤੇ ਸੈਰ ਲਈ ਨਿਕਲ ਜਾਂਦਾ ਸਾਂ। ਇੱਕ ਦਿਨ ਆਪਣੇ ਰਾਹ ਜਾਂਦਿਆਂ ਮੈਨੂੰ ਬੜੀਆਂ ਸੋਹਣੀਆਂ ਲਪਟਾਂ ਆਉਂਦੀਆਂ ਜਾਪੀਆਂ। ਕੋਈ ਘਰ ਜਾਂ ਧਾਰਮਿਕ ਸਥਾਨ ਨੇੜੇ ਨਹੀਂ ਸੀ ਕਿ ਸੋਚ ਸਕਦਾ ਕਿ ਕਿਸੇ ਨੇ ਧੂਫ਼-ਬੱਤੀ ਕੀਤੀ ਹੋਵੇ। ਐਪਰ ਧੂਫ਼ਾਂ ਤੋਂ ਵੀ ਰੂਹ ਨੂੰ ਇੰਨਾ ਖੇੜਾ ਦੇਣ ਵਾਲੀ ਗੰਧ ਤਾਂ ਨਹੀਂ ਆਉਂਦੀ। ਅੱਗੇ ਚੱਲਣ ਦੀ ਥਾਂ ਮੈਂ ਥਾਏਂ ਜਿਵੇਂ ਕੀਲਿਆ ਗਿਆ। ਸੁਗੰਧੀ ਦਾ ਸੋਮਾ ਜਾਣਨ ਦੇ ਯਤਨ ਵਜੋਂ ਮੈਂ ਇਧਰ-ਉਧਰ ਬੜੇ ਗਹੁ ਨਾਲ ਦੇਖਿਆ। ਕੁੱਝ ਕਦਮ ਅੱਗੇ-ਪਿੱਛੇ ਵੀ ਤੁਰਿਆ। ਹਵਾ ਖੜ੍ਹੀ ਨਹੀਂ ਸੀ, ਸਮੀਰ (ਮੰਦ-ਪੌਣ) ਵਗ ਰਹੀ ਸੀ।

... ਲਓ, ਤਦੇ ਉਸ ਅਤਿ ਪਿਆਰੀ ਖ਼ੁਸ਼ਬੋ ਦਾ ਸੋਮਾ ਲੱਭ ਪਿਆ। ਇਹ ਤਾਂ ਵਾੜ ਵਿਚ ਆਪੇ ਉੱਗਿਆ ਜਾਂ ਕਿਸੇ ਦਾ ਲਾਇਆ ਰਾਤ ਦੀ ਰਾਣੀ ਦਾ ਬੂਟਾ ਸੀ। ਇਸ ਦਾ ਨਾਂ ਤਾਂ ਸੁਣਿਆ ਸੀ ਪਰ ਬਹੁਤੀ ਪਛਾਣ ਨਹੀਂ ਸੀ। ਕਿਤੇ ਪੜ੍ਹਿਆ ਚੇਤੇ ਆਇਆ ਕਿ ਰਾਤ ਵੇਲੇ ਇਸ ਬੂਟੇ ਦੇ ਫੁੱਲਾਂ ਵਿਚੋਂ ਅਨੋਖੀ ਤੇ ਪਿਆਰੀ ਗੰਧ ਝਰਦੀ ਰਹਿੰਦੀ ਹੈ। ਧੀਮੀ ਹਵਾ ਦੇ ਕੰਧਾੜੇ ਚੜ੍ਹ ਇਹ ਆਪਣਾ ਢੋਆ ਵੰਡਦੀ ਜਾਂਦੀ ਹੈ। ਭਲਾ, ਖ਼ੁਸ਼ਬੂਆਂ ਦਾ ਕੀ ਭਾਰ ਹੁੰਦਾ ਹੈ? ਨਾਲੇ ਦਾਤੇ ਨੇ ਫੁੱਲਾਂ ਨੂੰ ਜਿਸ ਅਦੁੱਤੀ ਦਾਤ ਨਾਲ ਮਾਲੋ-ਮਾਲ ਕੀਤਾ ਹੈ, ਉਸ ਨੂੰ ਅੱਗੇ ਤੋਂ ਅੱਗੇ ਵੰਡਣ ਵਿਚ ਕਾਹਦੀ ਖੇਚਲ!

ਵੈਸੇ, ਆਮ ਬੰਦਾ ਗੌਲ਼ਦਾ ਹੀ ਨਹੀਂ ਕਿ ਖ਼ੁਸ਼ਬੂ ਵੀ ਕੋਈ ਖ਼ਾਸ ਚੀਜ਼ ਹੁੰਦੀ ਹੈ। ਨਾਲੇ ਜਿਹੜੀ ਵਸਤ ਮੁਫ਼ਤ ਮਿਲਦੀ ਹੈ, ਉਸ ਦਾ ਗੌਲ਼ਣਾ ਸਾਨੂੰ ਸੁੱਝਦਾ ਹੀ ਨਹੀਂ। ਜ਼ਿੰਦਗੀ ਦੀਆਂ ਅਨਮੋਲ ਵੱਥਾਂ ਦੀ ਭਲਾ ਕੋਈ ਕੀਮਤ ਦਿੱਤੀ ਜਾ ਸਕਦੀ ਹੈ। ਮਸਨੂਈ ਗੰਧਾਂ ਬਾਜ਼ਾਰੀਂ ਬਥੇਰੀਆਂ ਵਿਕਦੀਆਂ ਹਨ। ਕੀ ਉਨ੍ਹਾਂ ਦੀ ਤੁਲਨਾ ਰਾਤ ਦੀ ਰਾਣੀ ਦੀ ਮਹਿਕ ਨਾਲ ਕਿਵੇਂ ਵੀ ਕੀਤੀ ਜਾ ਸਕਦੀ ਹੈ? ਆਲਾ-ਦੁਆਲਾ ਹੀ ਜਾਗ ਪੈਂਦਾ ਹੈ ਇਸ ਸੋਹਲ ਸੁਗੰਧੀ ਨਾਲ। ਬੰਦੇ ਦੇ ਭਾਗ ਜਾਗ ਪੈਂਦੇ ਹਨ।



ਫਿਰ ਤੀਬਰ ਇੱਛਾ ਹੋਈ ਕਿ ਰਾਤ ਦੀ ਰਾਣੀ ਦਾ ਬੂਟਾ ਮੇਰੇ ਘਰ ਦੇ ਨੇੜੇ ਵੀ ਹੋਵੇ। ਸਬਬੀਂ, ਮੇਰਾ ਛੋਟਾ ਜਿਹਾ ਘਰ ਵਗਦੀ ਸੜਕ ਦੇ ਨੇੜੇ ਹੈ। ਵਿਚਕਾਰ ਪਈ ਜ਼ਮੀਨ ਦੀ ਛੋਟੀ ਜਿਹੀ ਟਾਕੀ ਉੱਤੇ ਬੂਟਾ ਲਿਆ ਕੇ ਲਾ ਦਿੱਤਾ ਗਿਆ। ਥੋੜ੍ਹੀ ਦੇਖ-ਭਾਲ ਸਦਕਾ ਦਿਨਾਂ ਵਿਚ ਹੀ ਇਸ ਦਾ ਕੱਦ ਤੇ ਫੈਲਾਰਾ ਸੋਹਣਾ ਹੋ ਗਿਆ। ਰੁੱਤ ਆਈ ਤੋਂ ਇਹ ਫੁੱਲਾਂ ਨਾਲ ਭਰ ਗਿਆ। ਸਾਡੇ ਗੁਆਂਢ ਵਿਚ ਰਹਿੰਦੇ ਪਰਿਵਾਰ ਦੀ ਸੁਆਣੀ ਇੱਕ ਦਿਨ ਆਖੇ ਕਿ 'ਅਸੀਂ ਤਾਂ ਸੁਰਗ ਮਾਣਦੇ ਹਾਂ ਇੱਥੇ'। ਸਾਰੀ ਰਾਤ ਛੱਤ ਉੱਤੇ ਪਿਆ ਨੂੰ ਨਸ਼ਿਆਉਂਦੀ ਗੰਧ ਮਾਣਨ ਨੂੰ ਮਿਲੀ ਹੈ, ਉਹ ਵੀ ਮੁਫ਼ਤ ਵਿਚ। ਮੈਂ ਆਪ ਵੀ ਇਸ ਗੰਧ ਬਾਰੇ ਸੁਚੇਤ ਹੋਣ ਲੱਗਿਆ। ਫਿਰ ਜਾਣਿਆ ਕਿ ਸਵੇਰੇ ਸਾਡੀ ਰਸੋਈ ਵੀ ਇਸ ਗੰਧ ਨਾਲ ਭਰੀ ਹੁੰਦੀ ਹੈ। ਫਿਰ ਤਾਂ ਮੈਨੂੰ ਇਸ ਗੰਧ ਦਾ ਅਮਲ ਜਿਹਾ ਹੋ ਗਿਆ। ਧੰਨ ਭਾਗ! ਅਜਿਹਾ ਨਸ਼ਾ ਹਰ ਇੱਕ ਨੂੰ ਕਿਉਂ ਨਾ ਲੱਗੇ।

ਫਿਰ ਦੀਵਾਲੀ ਆ ਪਹੁੰਚੀ। ਪਿੰਡ ਵਿਚ ਰਹਿੰਦਿਆਂ ਸਾਨੂੰ ਦੀਵਾਲੀ ਦੀ ਉਡੀਕ ਮਹੀਨਿਆਂ ਪਹਿਲਾਂ ਹੋਣ ਲਗਦੀ ਸੀ। ਸੱਚੀਂ, ਉਦੋਂ ਮਨਾਈਆਂ ਦੀਵਾਲੀਆਂ ਦਾ ਰੁਮਾਂਸ ਮੁੜ ਕਿਸੇ ਦੀਵਾਲੀ ਦਾ ਨਹੀਂ ਆਇਆ। ਹਾਲਾਂਕਿ ਸ਼ਹਿਰ ਵਿਚ ਰੌਸ਼ਨੀ ਦਾ ਹੜ੍ਹ ਆਇਆ ਹੁੰਦਾ ਹੈ। ਦੀਵਾਲੀ ਨੂੰ ਜਗ-ਬੁਝ, ਜਗ-ਬੁਝ ਕਰਦੀਆਂ ਰੰਗੀਨ ਲਾਈਟਾਂ ਦੀਆਂ ਲੜੀਆਂ ਥਾਂ ਥਾਂ ਲੱਗੀਆਂ ਹੁੰਦੀਆਂ ਹਨ। ਹੁਣ ਤਾਂ ਸਗੋਂ ਇਸ ਤਿਉਹਾਰ ਦੇ ਆਉਣ 'ਤੇ ਸਹਿਮ ਜਿਹਾ ਮਹਿਸੂਸ ਕਰੀਦਾ ਹੈ। ਹੁਣ ਤਾਂ ਜੇ ਥੋੜ੍ਹੀ ਬਹੁਤੀ ਦੀਵਾਲੀ ਮਾਣਦਾ ਹਾਂ ਤਾਂ ਕਲਪਨਾ ਹੀ ਕਲਪਨਾ ਵਿਚ ਮੈਂ ਬਚਪਨ ਵਿਚ ਮਨਾਈਆਂ ਦੀਵਾਲੀਆਂ ਚੇਤੇ ਕਰਦਾ ਹਾਂ। ਇਸ ਤਰ੍ਹਾਂ ਜਾਣੋ ਪਿੰਡ ਦੀਆਂ ਗ਼ਲੀਆਂ ਵਿਚ ਘੁੰਮ ਜਾਂਦਾ ਹਾਂ। ਥਾਲ਼ੀ ਵਿਚ ਦੀਵੇ ਧਰ ਕੇ, ਸਾਡੇ ਜਿਹੜੀਆਂ ਜ਼ਿੰਦਗੀ-ਬਖ਼ਸ਼ ਥਾਵਾਂ ਹੁੰਦੀਆਂ, ਉੱਥੇ ਦਿਨ ਦੇ ਛਿਪਾ ਨਾਲ ਇੱਕ ਇੱਕ ਦੀਵਾ ਧਰਦੇ ਜਾਣਾ। ਗੁਰਦੁਆਰੇ, ਬਾਬਾ ਕੁਰਬਾਨ ਸ਼ਾਹ ਦੇ ਮਜ਼ਾਰ ਉੱਤੇ, ਤਲਾਉ ਵਾਲੇ ਟੋਭੇ ਉੱਤੇ, ਆਪਣੇ ਖੇਤਾਂ ਵਿਚ ਤੇ ਉਨ੍ਹਾਂ ਨੂੰ ਪਾਣੀ ਦਿੰਦੇ ਖ਼ੂਹ ਉੱਤੇ, ਫਿਰ ਪਿੰਡ ਦੇ ਸਾਂਝੇ ਖ਼ੂਹ ਉੱਤੇ, ਪਿੰਡ ਦੇ ਦਰਵਾਜ਼ੇ ਉੱਤੇ, ਪਿੰਡ ਦੀ ਪੁਰਾਣੀ ਧਰਮਸ਼ਾਲਾ ਉੱਤੇ, ਇੱਕ ਦੀਵਾ ਬਜ਼ੁਰਗਾਂ ਦੀਆਂ ਮੜ੍ਹੀਆਂ ਵਿਚ, ਅਨੋਖਾ ਰੱਜ ਆਉਂਦਾ ਅਜਿਹੇ ਦੀਵੇ ਧਰਦਿਆਂ। ਫਿਰ ਘਰ ਬਣਾਈ ਖੀਰ ਅਤੇ ਦੇਸੀ ਘੀ ਦਾ ਕੜਾਹ ਦੇਣ ਜਾਣਾ- ਸਕੂਲ ਮਾਸਟਰ ਜੀ ਦੇ ਘਰ, ਪੋਸਟ ਮਾਸਟਰ ਦੇ ਘਰ ਤੇ ਹੋਰ ਕਈ ਮੁਹੱਬਤੀਆਂ ਦੇ।

ਹੁਣ ਦਹਾਕਿਆਂ ਤੋਂ ਸ਼ਹਿਰ ਵਿਚ ਰਹਿੰਦਾ ਹਾਂ। ਆਦਤ ਵਜੋਂ ਦੀਵਾਲੀ ਵੀ ਮਨਾਉਂਦਾ ਹਾਂ। ਐਪਰ ਹਰ ਵਾਰੀ ਡਰਦਾ ਹਾਂ ਕੰਨ ਪਾੜਵੇਂ ਪਟਾਕਿਆਂ ਤੋਂ, ਵਧਦੇ ਜਾਂਦੇ ਸ਼ੋਰ ਅਤੇ ਧੂੰਏ ਤੋਂ, ਸਵੇਰ ਉੱਠਦਿਆਂ ਮਲੀਨ ਹੋਈ ਹਵਾ ਤੋਂ ਅਤੇ ਚਲਾਏ ਗਏ ਪਟਾਕਿਆਂ ਦੇ ਥਾਂ ਥਾਂ ਪਏ ਢੇਰਾਂ ਤੋਂ। ਰਾਤ ਦੀ ਰਾਣੀ ਨੇ ਦੀਵਾ਼ਲੀ ਦੀ ਰਾਤ ਵੀ ਬਥੇਰੀ ਮਹਿਕ ਲੁਟਾਈ ਹੋਣੀ ਐ ਪਰ ਆਲੇ-ਦੁਆਲੇ ਦੀ ਸਾਹ ਸੂਤਦੀ ਤੇਜ਼ ਬਾਸ ਅੱਗੇ ਇਸ ਦੀ ਵਾਸ਼ਨਾ ਦਾ ਕੀ ਵੁੱਕਤ। ਖ਼ਿਆਲ ਆਇਆ ਕਿ ਦੁਨੀਆ ਵਿਚ ਚੰਗਿਆਈ ਅਜੇ ਕੁੱਝ ਬਚੀ ਹੈ ਪਰ ਬੁਰਿਆਈਆਂ ਦੀ ਹਵਾੜ੍ਹ (ਧੁਆਂਖ) ਅੱਗੇ ਚੰਗਿਆਈਆਂ ਦੱਬੂ ਬਣੀਆਂ ਜਾਪਦੀਆਂ ਹਨ।

ਇਸ ਤਰ੍ਹਾਂ ਦੀਆਂ ਸੋਚਾਂ ਕਾਰਨ ਉਦਾਸ ਹੋਏ ਨੂੰ ਮੈਨੂੰ ਜਾਣੋ ਰਾਤ ਦੀ ਰਾਣੀ ਦਾ ਕੋਈ ਬੂਟਾ ਹੌਲ਼ੀ ਜਿਹੇ ਕੁਝ ਆਖਦਾ ਹੈ, ਜਿਵੇਂ ਕੋਈ ਬੱਚਾ ਕਿਸੇ ਭੇਤ ਦੀ ਗੱਲ ਆਪਣੇ ਦਾਦੇ ਜਾਂ ਨਾਨੇ ਦੇ ਕੰਨ ਵਿਚ ਫੁਸਫੁਸਾਉਂਦਾ ਹੈ। ਕਿਸੇ ਦੇ ਭੇਤ ਦੀ ਗੱਲ ਉਂਝ ਅੱਗੇ ਉਜਾਗਰ ਨਹੀਂ ਕਰਨੀ ਹੁੰਦੀ। ਐਪਰ, ਇਹ ਗੱਲ ਢੋਲ ਵਜਾ ਕੇ ਸਭਨਾਂ ਨੂੰ ਦੱਸਣ ਵਾਲੀ ਸੀ। ਜਿਸ ਬੂਟੇ ਦੇ ਫੁੱਲ ਰਾਤਾਂ ਨੂੰ ਲਪਟਾਂ ਮਾਰਦੇ ਨਹੀਂ ਥੱਕਦੇ, ਉਸ ਨੇ ਕਿਹਾ, ਨਿਰਾਸ਼ ਨਾ ਹੋਵੋ, ਲੱਗੇ ਰਹੋ। ਅਸੀਂ ਤਾਂ ਕੰਡਿਆਲੀਆਂ ਵਾੜਾਂ ਵਿਚ ਉਗਦਿਆਂ ਨੇ ਵੀ ਆਪਣਾ ਸਿਦਕ ਅਜੇ ਕਾਇਮ ਰੱਖਿਆ ਹੈ ਤੇ ਰੱਖਣਾ ਹੈ; ਤੇ ਤੁਸੀਂ ਤਿਉਹਾਰ ਮਨਾ ਕੇ ਵੀ ਮੂੰਹ ਕਿਉਂ ਲਮਕਾਈ ਬੈਠੇ ਹੋਂ।

ਬਾਵਾ ਬਲਵੰਤ ਦੀ ਕਵਿਤਾ 'ਰਾਤ ਰਾਣੀ ਦੀ ਸੁਗੰਧ' ਦੀਆਂ ਆਰੰਭਿਕ ਸਤਰਾਂ ਹਨ:

ਰਾਤ ਰਾਣੀ ਦੀ ਸੁਗੰਧ,
ਆ ਹੀ ਜਾਂਦੀ ਹੈ,
ਚਾਹੇ ਹੁੰਦੇ ਨੇ ਮੇਰੇ ਦਰ ਬੰਦ।

---

# ਸਰਕਾਰੀ ਜਾਂਚਾਂ ਨੇ ਸਚਾਈ ਨੂੰ ਧੁੰਦਲਾ ਕਿਵੇਂ ਕੀਤਾ?-4

*(ਪਿਛਲੇ ਸਫੇ ਦੀ ਬਾਕੀ)*

'ਚ ਇਸ ਨੇ ਪੁਲਿਸ ਨੂੰ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ ਕਤਲ ਦਾ ਕੇਸ ਦਰਜ ਕਰਨ ਦੀ ਹਦਾਇਤ ਕੀਤੀ ਸੀ ਪਰ ਇਸੇ ਮਾਮਲੇ ਦੇ ਇਕ ਹੋਰ ਮੁਲਜ਼ਮ ਬ੍ਰਹਮਾਨੰਦ ਗੁਪਤਾ ਨੇ ਦਿੱਲੀ ਹਾਈ ਕੋਰਟ ਤੋਂ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਸਟੇਅ ਆਰਡਰ ਲੈ ਲਿਆ। ਅਕਤੂਬਰ 1989 'ਚ ਹਾਈ ਕੋਰਟ ਨੇ ਗੁਪਤਾ ਦੀ ਪਟੀਸ਼ਨ ਬਰਕਰਾਰ ਰੱਖੀ ਅਤੇ ਕਮੇਟੀ ਨੂੰ ਕਾਰਗਰ ਢੰਗ ਨਾਲ ਭੰਗ ਕਰ ਦਿੱਤਾ।

ਪੰਜ ਮਹੀਨੇ ਬਾਅਦ ਦਿੱਲੀ ਪ੍ਰਸ਼ਾਸਨ ਨੇ ਜੈਨ-ਬਨਰਜੀ ਕਮੇਟੀ ਦੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਨੋਟੀਫਿਕੇਸ਼ਨ ਦੀਆਂ ਵੱਖ-ਵੱਖ ਸ਼ਰਤਾਂ ਤਹਿਤ ਨਵੀਂ ਕਮੇਟੀ ਨਿਯੁਕਤ ਕੀਤੀ। ਇਸ ਕਮੇਟੀ, ਪੋਟੀ-ਰੋਸਾ ਕਮੇਟੀ ਨੇ ਸੱਜਣ ਕੁਮਾਰ ਦੇ ਖ਼ਿਲਾਫ਼ ਕੇਸ ਦਰਜ ਕਰਨ ਸਮੇਤ ਤੀਹ ਜਾਂ ਇਸ ਤੋਂ ਵੱਧ ਹਲਫ਼ਨਾਮਿਆਂ 'ਤੇ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਕਾਰਨੇਜ 84' ਨਾਂ ਦੀ ਵੈੱਬਸਾਈਟ ਚਲਾਉਂਦੀ ਹੈ ਜਿਸ ਦੀ ਦੇਖ-ਰੇਖ ਐੱਚ.ਐੱਸ. ਫੂਲਕਾ ਕਰਦੇ ਹਨ। ਸਾਈਟ ਅਨੁਸਾਰ, ਜਦੋਂ ਕੇਂਦਰੀ ਜਾਂਚ ਬਿਊਰੋ ਦੀ ਟੀਮ ਨੇ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਹੀ ਉਦੋਂ ਤੱਕ "ਉਸ ਦੇ ਘਰ ਵਿਚ ਬੰਦ ਕਰ ਲਿਆ ਗਿਆ ਜਦੋਂ ਤੱਕ ਉਸ ਦੇ ਵਕੀਲ ਆਰ.ਕੇ. ਆਨੰਦ ਨੇ ਹਾਈ ਕੋਰਟ ਤੋਂ ਉਸ ਦੀ 'ਪੇਸ਼ਗੀ ਜ਼ਮਾਨਤ' ਹਾਸਲ ਨਹੀਂ ਕਰ ਲਈ।" ਕਮੇਟੀ ਦੇ ਅਹੁਦੇਦਾਰਾਂ ਨੇ ਬਾਅਦ ਵਿਚ ਜਾਂਚ ਮੁਅੱਤਲ ਕਰ ਦਿੱਤੀ ਅਤੇ ਅਸਤੀਫ਼ਾ ਦੇ ਦਿੱਤਾ। ਇਸੇ ਉਦੇਸ਼ ਨਾਲ ਤੀਜੀ ਕਮੇਟੀ ਬਣਾਈ ਗਈ ਸੀ ਅਤੇ ਸੱਜਣ ਕੁਮਾਰ ਵਿਰੁੱਧ ਹੋਰ ਕੇਸ ਦਰਜ ਕੀਤੇ ਗਏ ਸਨ। ਆਖ਼ਿਰਕਾਰ ਐੱਚ.ਕੇ.ਐੱਲ. ਭਗਤ ਉੱਪਰ ਵੀ ਦੋਸ਼ ਲਗਾਏ ਗਏ।

ਸੱਜਣ ਕੁਮਾਰ ਅਤੇ ਉਸ ਦੇ ਸਾਥੀ ਕਾਂਗਰਸੀ ਜਗਦੀਸ਼ ਟਾਈਟਲਰ ਉੱਪਰ ਅਜੇ ਵੀ ਮੁਕੱਦਮੇ ਚੱਲ ਰਹੇ ਹਨ। ਉਨ੍ਹਾਂ ਦੇ ਕੇਸ ਹੁਣ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹਨ (ਇਹ 2014 ਦੀ ਗੱਲ ਹੈ। ਪਿੱਛੋਂ ਦਸੰਬਰ 2018 'ਚ ਦਿੱਲੀ ਹਾਈਕੋਰਟ ਵੱਲੋਂ ਸੱਜਣ ਕੁਮਾਰ ਨੂੰ ਇਕ ਕੇਸ ਵਿਚ ਦਿੱਤੀ ਉਮਰ ਕੈਦ ਦੀ ਸਜ਼ਾ ਤਹਿਤ ਉਹ ਜੇਲ੍ਹ ਵਿਚ ਬੰਦ ਹੈ ਪਰ ਪਿੱਛੇ ਜਹੇ ਉਸ ਨੂੰ ਸੁਲਤਾਨਪੁਰੀ ਕਤਲੇਆਮ ਦੇ ਇਕ ਹੋਰ ਕੇਸ ਵਿਚ ਮੁਕਾਮੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਜਗਦੀਸ਼ ਟਾਈਟਲਰ ਵਿਰੁੱਧ ਸੀ.ਬੀ.ਆਈ. ਨੇ ਪਿੱਛੇ ਪੁਲ ਬੰਗੇਸ਼ ਕਤਲੇਆਮ ਸੰਬੰਧੀ ਪੂਰਕ ਚਾਰਜਸ਼ੀਟ ਪੇਸ਼ ਕੀਤੀ ਹੈ ਅਤੇ ਕੇਸ ਅਜੇ ਚੱਲ ਰਿਹਾ ਹੈ- ਅਨੁਵਾਦਕ)। ਐੱਚ.ਕੇ.ਐੱਲ. ਭਗਤ ਨੂੰ ਕਦੇ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ; 2003 'ਚ ਉਸ ਨੂੰ ਅਲਜ਼ਾਈਮਰ ਰੋਗ ਦੇ ਕਾਰਨ ਮੁਕੱਦਮੇ ਦਾ ਸਾਹਮਣਾ ਕਰਨ ਲਈ ਅਯੋਗ ਸਮਝਿਆ ਗਿਆ ਸੀ। 2009 ਵਿਚ ਉਸ ਦੀ ਮੌਤ ਹੋ ਗਈ। ਕਮਲਨਾਥ ਜੋ 2004 ਤੋਂ 2009 ਦਰਮਿਆਨ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ ਸਰਕਾਰ 'ਚ ਵਣਜ ਮੰਤਰੀ ਰਿਹਾ (ਬਾਅਦ 'ਚ ਉਸ ਨੂੰ ਤਿੱਖੇ ਵਿਰੋਧ ਦੇ ਬਾਵਜੂਦ ਕਾਂਗਰਸ ਨੇ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ) ਸਮੇਤ ਹੋਰ ਸੀਨੀਅਰ ਕਾਂਗਰਸੀਆਂ ਨੂੰ ਕਦੇ ਵੀ ਜਾਂਚ ਦਾ ਸਾਹਮਣਾ ਨਹੀਂ ਕਰਨਾ ਪਿਆ। ਮਿਸ਼ਰਾ ਕਮਿਸ਼ਨ ਦੁਆਰਾ ਦਰਜ ਕੀਤੀਆਂ ਗਵਾਹੀਆਂ ਅਨੁਸਾਰ, ਕਮਲ ਨਾਥ ਨੇ ਸੰਸਦ ਭਵਨ ਦੇ ਨੇੜੇ ਗੁਰਦੁਆਰਾ ਰਕਾਬਗੰਜ ਵਿਖੇ ਭੀੜ ਦੀ ਅਗਵਾਈ ਕੀਤੀ ਸੀ ਜਿੱਥੇ ਦੋ ਸਿੱਖਾਂ ਨੂੰ ਸਾੜ ਦਿੱਤਾ ਗਿਆ ਸੀ।

ਮਈ 2000 ਵਿਚ ਨਵੀਂ ਚੁਣੀ ਗਈ ਕੌਮੀ ਜਮਹੂਰੀ ਗੱਠਜੋੜ ਸਰਕਾਰ ਦੁਆਰਾ ਜੀ.ਟੀ. ਨਾਨਾਵਤੀ ਕਮਿਸ਼ਨ ਬਣਾਇਆ ਜਾਣਾ ਸੱਚ 'ਤੇ ਪਹੁੰਚਣ ਦਾ ਅੰਤਿਮ ਮੌਕਾ ਸੀ। ਇਸ ਅਦਾਰੇ ਲਈ ਪਹਿਲੀ ਹਵਾਲਾ ਸ਼ਰਤ ਇਹ ਸੀ ਕਿ ਇਹ "31 ਅਕਤੂਬਰ ਨੂੰ ਅਤੇ ਇਸ ਤੋਂ ਬਾਅਦ ਕੌਮੀ ਰਾਜਧਾਨੀ ਖੇਤਰ ਦਿੱਲੀ ਅਤੇ ਮੁਲਕ ਦੇ ਹੋਰ ਹਿੱਸਿਆਂ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਅਪਰਾਧਿਕ ਹਿੰਸਾ ਅਤੇ ਦੰਗਿਆਂ ਦੇ ਕਾਰਨਾਂ ਅਤੇ ਇਨ੍ਹਾਂ ਵੱਲੋਂ ਅਪਣਾਏ ਤੌਰ-ਤਰੀਕੇ ਦੀ ਜਾਂਚ ਕਰੇਗੀ।"

> ***1984 ਦੇ ਕਤਲੇਆਮ ਇਕ ਸਿਆਸੀ ਪਾਰਟੀ ਵੱਲੋਂ ਚੋਣ ਲਾਭ ਲਈ ਇਕ ਭਾਈਚਾਰੇ ਵਿਰੁੱਧ ਕੀਤੀ ਗਈ ਜਥੇਬੰਦ ਹਿੰਸਾ ਦਾ ਸਪੱਸ਼ਟ ਕੇਸ ਹਨ ਪਰ ਤੱਥਾਂ ਦੀ ਕਦੇ ਵੀ ਇਮਾਨਦਾਰੀ ਨਾਲ ਸੁਤੰਤਰ ਜਾਂਚ ਨਹੀਂ ਕੀਤੀ ਗਈ। ਮਿਸ਼ਰਾ ਅਤੇ ਨਾਨਾਵਤੀ ਦੋਹਾਂ ਕਮਿਸ਼ਨਾਂ ਨੇ ਵੱਡੀ ਸਾਜ਼ਿਸ਼ ਦੇ ਸਵਾਲ ਨੂੰ ਹੀ ਦਰਕਿਨਾਰ ਕਰ ਦਿੱਤਾ। ਜੇਕਰ ਸਾਜ਼ਿਸ਼ ਦੀ ਸਹੀ ਜਾਂਚ ਕੀਤੀ ਗਈ ਹੁੰਦੀ ਤਾਂ ਸੰਭਾਵਨਾ ਇਹ ਹੈ ਕਿ ਅਰੁਣ ਨਹਿਰੂ ਬਾਰੇ ਅਵਤਾਰ ਸਿੰਘ ਗਿੱਲ ਦੇ ਬਿਆਨ ਵਰਗੀਆਂ ਗਵਾਹੀਆਂ ਬਹੁਤ ਪਹਿਲਾਂ ਹੀ ਸਾਹਮਣੇ ਆ ਜਾਣੀਆਂ ਸਨ।***

ਕਮਿਸ਼ਨ ਦੀ ਅਗਵਾਈ ਕਰਨ ਲਈ ਜੀ.ਟੀ. ਨਾਨਾਵਤੀ ਖ਼ੁਦ ਹੀ ਸਮੱਸਿਆ ਵਾਲੀ ਚੋਣ ਸੀ। 1998 'ਚ ਉਹ ਸੁਪਰੀਮ ਕੋਰਟ ਦੇ ਉਸ ਦੋ ਮੈਂਬਰੀ ਬੈਂਚ ਦਾ ਹਿੱਸਾ ਸੀ ਜਿਸ ਨੇ ਦੋਸ਼ੀ ਕਰਾਰ ਦਿੱਤੇ ਕਾਤਲ ਕਿਸ਼ੋਰੀ ਲਾਲ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ। 1984 ਦੇ ਕਤਲੇਆਮ ਵਿਚ ਕਿਸ਼ੋਰੀ ਲਾਲ ਦੀ ਭੂਮਿਕਾ ਲਈ ਉਸ ਨੂੰ ਅਕਸਰ "ਤ੍ਰਿਲੋਕਪੁਰੀ ਦਾ ਕਸਾਈ" ਕਿਹਾ ਜਾਂਦਾ ਹੈ। ਫ਼ੈਸਲੇ ਵਿਚ ਨਾਨਾਵਤੀ ਅਤੇ ਉਸ ਦੇ ਸਾਥੀ ਜੱਜ ਨੇ ਲਿਖਿਆ:

"ਅਸੀਂ ਦੇਖ ਸਕਦੇ ਹਾਂ ਸਬੰਧਿਤ ਮੌਕੇ 'ਤੇ ਅਪੀਲ ਕਰਤਾ ਜਿਸ ਭੀੜ ਵਿਚ ਸ਼ਾਮਿਲ ਸੀ, ਉਸ ਭੀੜ ਨੂੰ ਜਿਨ੍ਹਾਂ ਕਾਰਿਆਂ ਲਈ ਜ਼ਿੰਮੇਵਾਰ ਦੱਸਿਆ ਜਾਂਦਾ ਹੈ, ਉਨ੍ਹਾਂ ਨੂੰ ਨਸਲਕੁਸ਼ੀ ਨੂੰ ਅੰਜਾਮ ਦੇਣ ਵਾਲੀ ਕਿਸੇ ਸੰਗਠਿਤ ਯੋਜਨਾਬੱਧ ਕਾਰਵਾਈ ਦਾ ਨਤੀਜਾ ਨਹੀਂ ਕਿਹਾ ਜਾ ਸਕਦਾ। ਸ਼ਾਇਦ, ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜਿਸ ਹੱਦ ਤੱਕ ਗ਼ੈਰ-ਕਾਨੂੰਨੀ ਇਕੱਠ ਸੀ ਅਤੇ ਜਿਸ ਹੱਦ ਤੱਕ ਭੀੜ ਸਿੱਖਾਂ ਨੂੰ ਸਖ਼ਤ ਸਬਕ ਸਿਖਾਉਣਾ ਚਾਹੁੰਦੀ ਸੀ, ਉੱਥੇ ਕੋਈ ਸੰਗਠਨ ਸੀ; ਪਰ ਉਸ ਮਨਸੂਬੇ ਵਿਚ, ਉਨ੍ਹਾਂ ਨੇ ਇਹ ਗੱਲ ਸੋਚੀ ਕਿ ਔਰਤਾਂ ਅਤੇ ਬੱਚਿਆਂ ਨੂੰ ਖ਼ਤਮ ਕਰ ਦਿੱਤਾ ਜਾਣਾ ਚਾਹੀਦਾ ਹੈ ਜੋ ਚੰਗਾ ਪ੍ਰਭਾਵ ਦੇਣ ਵਾਲੀ ਵਿਸ਼ੇਸ਼ਤਾ ਹੈ।"

ਸੁਪਰੀਮ ਕੋਰਟ ਦੀ ਇਸ ਦਲੀਲ ਨੂੰ ਮੰਨਣਾ ਮੁਸ਼ਕਿਲ ਹੈ ਕਿ ਸਿਰਫ਼ ਪਰਿਵਾਰ ਦੇ ਮਰਦ ਜੀਆਂ ਨੂੰ ਮਾਰਨ ਨਾਲ ਕਤਲ ਦਾ ਜੁਰਮ ਘੱਟ ਹੋ ਜਾਂਦਾ ਹੈ। ਫ਼ੈਸਲਾ ਦੱਸਦਾ ਹੈ ਕਿ ਨਾਨਾਵਤੀ ਨੇ ਕਮਿਸ਼ਨ ਬਣਾਏ ਜਾਣ ਤੋਂ ਪਹਿਲਾਂ ਹੀ 1984 ਦੀਆਂ ਘਟਨਾਵਾਂ ਬਾਰੇ ਆਪਣਾ ਮਨ ਬਣਾ ਲਿਆ ਸੀ। ਜੇ ਉਸ ਨੇ ਪਹਿਲਾਂ ਹੀ ਇਹ ਸਿੱਟਾ ਕੱਢ ਲਿਆ ਸੀ ਕਿ ਤ੍ਰਿਲੋਕਪੁਰੀ ਵਿਚ ਹੋਈ ਹਿੰਸਾ ਜਥੇਬੰਦ ਨਹੀਂ ਸੀ ਤਾਂ ਇਸ ਦੇ ਅਤੇ ਦਿੱਲੀ ਦੀਆਂ ਹੋਰ ਬਸਤੀਆਂ ਤੋਂ ਹੋਰ ਸਬੂਤਾਂ ਨਾਲ ਵੀ ਉਸ ਦਾ ਮਨ ਬਦਲਣ ਦੀ ਸੰਭਾਵਨਾ ਨਹੀਂ ਸੀ।

ਆਪਣੀ 2005 ਦੀ ਰਿਪੋਰਟ ਵਿਚ ਨਾਨਾਵਤੀ ਕਮਿਸ਼ਨ ਨੇ ਵੀਹ ਸਾਲਾਂ 'ਚ ਮਿਸ਼ਰਾ ਕਮਿਸ਼ਨ ਦੁਆਰਾ ਚੁੱਕੇ ਗਏ ਕਦਮਾਂ ਨੂੰ ਕਾਰਗਰ ਰੂਪ 'ਚ ਦੁਹਰਾਇਆ ਅਤੇ ਇਹ ਵੀ ਉਸੇ ਤਰਕ 'ਤੇ ਚੱਲਿਆ। ਉਸ ਪਿਛਲੀ ਸੰਸਥਾ ਦੀ ਤਰ੍ਹਾਂ ਨਾਨਾਵਤੀ ਕਮਿਸ਼ਨ ਨੇ ਆਪਣੇ ਸਿੱਟਿਆਂ 'ਚ ਇਸ ਸਾਹਮਣੇ ਪੇਸ਼ ਕੀਤੇ ਸਬੂਤਾਂ ਦਾ ਖੰਡਨ ਕੀਤਾ ਤੇ ਲਿਖਿਆ:

"ਕਮਿਸ਼ਨ ਅੱਗੇ ਦਾਇਰ ਕੀਤੇ ਗਏ ਕੁਝ ਹਲਫ਼ਨਾਮੇ ਆਮ ਤੌਰ 'ਤੇ ਕਹਿੰਦੇ ਹਨ ਕਿ ਇਨ੍ਹਾਂ ਦੰਗਿਆਂ ਪਿੱਛੇ ਕਾਂਗਰਸੀ ਆਗੂਆਂ/ਵਰਕਰਾਂ ਦਾ ਹੱਥ ਸੀ। ਇਸ ਰਿਪੋਰਟ ਦੇ ਭਾਗ-3 ਵਿਚ ਕਮਿਸ਼ਨ ਨੇ ਕੁਝ ਘਟਨਾਵਾਂ ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਵਿਚ ਕੁਝ ਨਾਮੀ ਕਾਂਗਰਸ (ਆਈ) ਆਗੂਆਂ/ਵਰਕਰਾਂ ਨੇ ਹਿੱਸਾ ਲਿਆ ਸੀ। ਕੁਝ ਹੱਦ ਤੱਕ ਸਮਾਜ ਵਿਰੋਧੀ ਅਨਸਰਾਂ ਦੀ ਸ਼ਮੂਲੀਅਤ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਜਾਂ ਸੰਸਥਾ 'ਤੇ ਇਨ੍ਹਾਂ ਘਟਨਾਵਾਂ 'ਚ ਸ਼ਾਮਲ ਹੋਣ ਦਾ ਦੋਸ਼ ਨਹੀਂ ਹੈ। ਸ੍ਰੀਮਤੀ ਇੰਦਰਾ ਗਾਂਧੀ ਕਾਂਗਰਸ (ਆਈ) ਦੀ ਆਗੂ ਸੀ। ਦੰਗਿਆਂ ਦੌਰਾਨ ਜੋ ਨਾਅਰੇ ਲਾਏ ਗਏ ਸਨ, ਉਹ ਇਹ ਵੀ ਦਰਸਾਉਂਦੇ ਹਨ ਕਿ ਭੀੜ ਦਾ ਹਿੱਸਾ ਕੁਝ ਵਿਅਕਤੀ ਕਾਂਗਰਸ (ਆਈ) ਦੇ ਵਰਕਰ ਜਾਂ ਹਮਦਰਦ ਸਨ।"

ਕਮਿਸ਼ਨ ਅਨੁਸਾਰ, ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ "ਸ੍ਰੀ ਰਾਜੀਵ ਗਾਂਧੀ ਜਾਂ ਕਿਸੇ ਹੋਰ ਉੱਚ ਦਰਜੇ ਦੇ ਕਾਂਗਰਸ (ਆਈ) ਆਗੂ ਨੇ ਸਿੱਖਾਂ 'ਤੇ ਹਮਲੇ ਕਰਨ ਦਾ ਸੁਝਾਅ ਦਿੱਤਾ ਸੀ ਜਾਂ ਹਮਲੇ ਜਥੇਬੰਦ ਕੀਤੇ ਸਨ। ਜੋ ਵੀ ਕਾਰਵਾਈਆਂ ਕੀਤੀਆਂ ਗਈਆਂ, ਉਹ ਸਥਾਨਕ ਕਾਂਗਰਸ (ਆਈ) ਆਗੂਆਂ ਅਤੇ ਵਰਕਰਾਂ ਦੁਆਰਾ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਨੇ ਅਜਿਹਾ ਆਪਣੇ ਨਿੱਜੀ ਸਿਆਸੀ ਕਾਰਨਾਂ ਕਰ ਕੇ ਕੀਤਾ ਜਾਪਦਾ ਹੈ।"

ਕਿਸੇ ਵੀ ਕਮਿਸ਼ਨ ਨੇ ਹਿੰਸਾ ਦੇ ਆਪਣੇ ਵੇਰਵਿਆਂ ਵਿਚਲੀਆਂ ਵਿਰੋਧਤਾਈਆਂ ਨੂੰ ਨਹੀਂ ਸੁਲਝਾਇਆ ਅਤੇ ਨਾ ਹੀ ਉਨ੍ਹਾਂ ਸਬੂਤ ਉੱਪਰ ਬਣਦਾ ਵਿਚਾਰ ਕੀਤਾ ਜੋ ਉਨ੍ਹਾਂ ਦੇ ਸਿੱਟਿਆਂ ਦੇ ਖ਼ਿਲਾਫ਼ ਸਨ। ਦੋਹਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਇਹੀ ਲੱਭਿਆ ਕਿ ਕਤਲੇਆਮ ਸਥਾਨਕ ਕਾਂਗਰਸੀ ਵਰਕਰਾਂ ਦੁਆਰਾ ਗ਼ੈਰ-ਜਥੇਬੰਦ ਕਾਰਵਾਈਆਂ ਦਾ ਨਤੀਜਾ ਸੀ - ਜੋ ਮੀਟਿੰਗਾਂ ਰਾਹੀਂ ਜਥੇਬੰਦ ਕੀਤਾ ਗਿਆ ਸੀ ਜਿਨ੍ਹਾਂ ਨੇ ਪੂਰੀ ਦਿੱਲੀ ਵਿਚ ਪੁਲਿਸ ਦੀ ਮਦਦ ਕਤਲੇਆਮ ਦਾ ਇਕਸਾਰ ਤਰੀਕਾ ਯਕੀਨੀ ਬਣਾਇਆ।

1984 ਦੇ ਕਤਲੇਆਮ ਇਕ ਸਿਆਸੀ ਪਾਰਟੀ ਵੱਲੋਂ ਚੋਣ ਲਾਭ ਲਈ ਇਕ ਭਾਈਚਾਰੇ ਵਿਰੁੱਧ ਕੀਤੀ ਗਈ ਜਥੇਬੰਦ ਹਿੰਸਾ ਦਾ ਸਪੱਸ਼ਟ ਕੇਸ ਹਨ ਪਰ ਤੱਥਾਂ ਦੀ ਕਦੇ ਵੀ ਇਮਾਨਦਾਰੀ ਨਾਲ ਸੁਤੰਤਰ ਜਾਂਚ ਨਹੀਂ ਕੀਤੀ ਗਈ। ਮਿਸ਼ਰਾ ਅਤੇ ਨਾਨਾਵਤੀ ਦੋਹਾਂ ਕਮਿਸ਼ਨਾਂ ਨੇ ਵੱਡੀ ਸਾਜ਼ਿਸ਼ ਦੇ ਸਵਾਲ ਨੂੰ ਹੀ ਦਰਕਿਨਾਰ ਕਰ ਦਿੱਤਾ। ਜੇਕਰ ਸਾਜ਼ਿਸ਼ ਦੀ ਸਹੀ ਜਾਂਚ ਕੀਤੀ ਗਈ ਹੁੰਦੀ ਤਾਂ ਸੰਭਾਵਨਾ ਇਹ ਹੈ ਕਿ ਅਰੁਣ ਨਹਿਰੂ ਬਾਰੇ ਅਵਤਾਰ ਸਿੰਘ ਗਿੱਲ ਦੇ ਬਿਆਨ ਵਰਗੀਆਂ ਗਵਾਹੀਆਂ ਬਹੁਤ ਪਹਿਲਾਂ ਹੀ ਸਾਹਮਣੇ ਆ ਜਾਣੀਆਂ ਸਨ।

ਤੀਹ ਸਾਲ ਅਤੇ ਨੌਂ ਕਮਿਸ਼ਨਾਂ ਤੋਂ ਬਾਅਦ ਇਨ੍ਹਾਂ ਜਾਂਚਾਂ ਦੀ ਅਸਫਲਤਾ ਇਹ ਦਰਸਾਉਂਦੀ ਹੈ ਕਿ ਭਾਰਤੀ ਰਾਜ ਫਿਰਕੂ ਹਿੰਸਾ ਦੇ ਪੀੜਤਾਂ ਲਈ ਨਿਆਂ ਯਕੀਨੀ ਬਣਾਉਣ ਲਈ ਸੰਸਥਾਈ ਤੌਰ 'ਤੇ ਲੈਸ ਨਹੀਂ ਹੈ। ਜੇਕਰ 1984 ਦੇ ਪੀੜਤਾਂ ਲਈ ਨਿਆਂ ਅਸੰਭਵ ਬਣਿਆ ਰਹਿੰਦਾ ਹੈ, ਜਦੋਂ ਹਿੰਸਾ ਕੌਮੀ ਰਾਜਧਾਨੀ ਵਿਚ ਹੋਈ ਅਤੇ ਜਿੱਥੇ ਇਸ ਦੇ ਸਬੂਤ ਬਹੁਤ ਜ਼ਿਆਦਾ ਹਨ ਤਾਂ ਇੰਂਞ ਜਾਪਦਾ ਹੈ ਕਿ ਮੁਲਕ ਵਿਚ ਕਿਤੇ ਵੀ ਅਜਿਹੇ ਬਹੁਤ ਵੱਡੀ ਗਿਣਤੀ 'ਚ ਪੀੜਤਾਂ ਨੂੰ ਨਿਆਂ ਨਹੀਂ ਮਿਲ ਸਕੇਗਾ। ***(ਸਮਾਪਤ)***

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ ਹੋਵੇ



ਮਿਸਟਰ ਅਤੇ ਮਿਸਿਜ਼ ਧਾਲੀਵਾਲ।

ੴ ੴ

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।


## 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜ਼ਾਲਮਾਂ ਦੇ ਜ਼ੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ' ਦਾ ਨਿਹੋਰਾ ਦੇਣ ਵਾਲੇ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਦੀ

## ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਨੂੰ

## ਧਾਲੀਵਾਲ ਪਰਿਵਾਰ ਵਲੋਂ

# ਕੋਟਨਿ ਕੋਟ ਵਧਾਈ




## ਜਸਕਰਨ ਸਿੰਘ ਧਾਲੀਵਾਲ ਫੋਨ: 630-290-7993

**From: Baba Nanak Commercial Properties LLC & Dhaliwal Brothers inc.**


# ਦੁੱਧ ਦੀਆਂ ਲਹਿਰਾਂ-ਬਹਿਰਾਂ ਅਤੇ ਲਾਹੌਰ ਦੀਆਂ ਗੱਲਾਂ



ਲਾਹੌਰ ਵਿਚ ਦੁੱਧ ਦੀ ਇਕ ਦੁਕਾਨ ਦੀ ਝਲਕ।

## ਕਲਾ ਪਰਿਕਰਮਾ

ਸਾਲ 1955 ਵਿਚ ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸਾਂ। ਦਰਿਆਵਾਂ ਬਾਰੇ ਸੁਣਿਆ ਤਾਂ ਕਈ ਵਾਰ ਸੀ, ਦਰਿਆ ਦੇਖਣ ਦਾ ਸ਼ੌਕ ਵੀ ਸੀ ਪਰ ਕਦੇ ਦੇਖਿਆ ਨਹੀਂ ਸੀ। ਹਰੀਕੇ ਤੋਂ ਪਰਲੀ ਤਰਫ਼ ਮਖੂ ਦੇ ਨਜ਼ਦੀਕ ਮੇਰੀ ਮਾਸੀ ਦਾ ਪਿੰਡ ਸੀ ਜਿਹੜੇ ਪਾਕਿਸਤਾਨ ਬਣਨ ਤੋਂ ਬਾਅਦ ਲਾਹੌਰ ਜ਼ਿਲ੍ਹੇ ਤੋਂ ਉੱਥੇ ਆ ਕੇ ਰਹਿ ਰਹੇ ਸਨ। ਮਾਸੀ ਜੀ ਦੇ ਵੱਡੇ ਲੜਕੇ ਦਾ ਵਿਆਹ ਸੀ



**ਡਾ. ਸ.ਸ. ਛੀਨਾ**

ਅਤੇ ਅਸੀਂ ਪਰਿਵਾਰ ਸਮੇਤ ਉੱਥੇ ਗਏ। ਰਸਤੇ ਵਿਚ ਹਰੀਕੇ ਪੱਤਣ 'ਤੇ ਇਕ ਨਹੀਂ ਸਗੋਂ ਦੋ ਦਰਿਆ ਇਕੱਠੇ ਹੁੰਦੇ ਅਤੇ ਉੱਥੋਂ ਉਦੋਂ ਬੇੜੀ 'ਤੇ ਪਾਰ ਜਾਂਦੇ ਸਨ। ਮੇਰੀ ਦਰਿਆ ਦੇਖਣ ਦੀ ਖ਼ੁਆਹਿਸ਼ ਤੋਂ ਵੀ ਉਪਰ ਬੇੜੀ ਦੀ ਸਵਾਰੀ ਦਾ ਵੱਡਾ ਸ਼ੌਕ ਵੀ ਪੂਰਾ ਹੋ ਗਿਆ।

ਵਿਆਹ ਵਾਲੇ ਘਰ ਗਹਿਮਾ-ਗਹਿਮੀ ਸੀ। ਔਰਤਾਂ ਸੁਹਾਗ, ਘੋੜੀਆਂ ਅਤੇ ਵਿਆਹ ਨਾਲ ਸਬੰਧਿਤ ਗੀਤ ਗਾ ਰਹੀਆਂ ਸਨ। ਮਰਦ ਘਰ ਦੀ ਕੱਢੀ ਹੋਈ ਦੇਸੀ ਸ਼ਰਾਬ ਪੀ ਰਹੇ ਸਨ। ਲੜਕੇ, ਲੜਕੀਆਂ ਆਪੋ-ਆਪਣੀਆਂ ਖੇਡਾਂ ਵਿਚ ਮਸਤ ਸਨ। ਸਾਰੇ ਲੜਕੇ ਉਸ ਦਿਨ ਕਾਫ਼ੀ ਥੱਕੇ ਹੋਏ ਸਨ ਅਤੇ ਉਹ ਛੇਤੀ ਸੌਂ ਗਏ। ਕੋਈ ਅੱਧੀ ਰਾਤ ਹੋਵੇਗੀ ਜਦੋਂ ਮੇਰੀ ਮਾਸੀ ਨੇ ਮੈਨੂੰ ਜਗਾਇਆ। ਉਸ ਦੇ ਹੱਥ ਵਿਚ ਦੁੱਧ ਦਾ ਗਲਾਸ ਸੀ। ਉਨ੍ਹਾਂ ਮੈਨੂੰ ਉਠਾ ਕੇ ਬੜੇ ਪਿਆਰ ਨਾਲ ਮੇਰੇ ਸਿਰ 'ਤੇ ਹੱਥ ਫੇਰਿਆ ਤੇ ਕਹਿਣ ਲੱਗੀ, "ਪੁੱਤਰ ਦੁੱਧ ਪੀਣ ਤੋਂ ਬਗੈਰ ਹੀ ਸੌਂ ਚੱਲਿਐ ਸੈਂ। ਲਾਹੌਰੀਏ ਤਾਂ ਦੁੱਧ ਤੋਂ ਬਗੈਰ ਨਹੀਂ ਸੌਂਦੇ।" ਇੰਨੇ ਨੂੰ ਕਿਸੇ ਬਜ਼ੁਰਗ ਨੇ ਉੱਚੀ ਆਵਾਜ਼ ਵਿਚ ਕਿਹਾ, "ਦਲੀਪ ਕੌਰੇ! ਹੁਣ ਤੁਸੀਂ ਲਾਹੌਰੀਏ ਨਹੀਂ, ਫਿਰੋਜ਼ਪੁਰੀਏ ਹੋ। ਆਪਣੀਆਂ ਆਦਤਾਂ ਬਦਲ ਲਉ।"

ਅਗਲੇ ਦਿਨ ਜੰਞ ਫਿਰ ਦਰਿਆ ਲੰਘ ਕੇ ਸ਼ਾਮ ਨੂੰ ਵਲਟੋਹੇ ਪਿੰਡ ਵਿਚ ਗਈ। ਵਿਆਹ ਦੀ ਬੜੀ ਰੌਣਕ ਸੀ। ਰਾਤ ਨੂੰ ਮਰਦ ਫਿਰ ਪੀ ਰਹੇ ਸਨ ਅਤੇ ਇਹ ਪ੍ਰੋਗਰਾਮ ਦੇਰ ਰਾਤ ਤੱਕ ਚੱਲਦਾ ਰਿਹਾ। ਬਾਅਦ ਵਿਚ ਵੱਡੇ ਵਿਹੜੇ ਵਿਚ ਮੰਜੀਆਂ 'ਤੇ ਸੌਂ ਗਏ। ਦਿਨ ਭਾਵੇਂ ਹਾੜ੍ਹ ਦੇ ਸਨ ਪਰ ਰਾਤ ਨੂੰ ਕੋਈ ਗਰਮੀ ਨਹੀਂ ਸੀ। ਫਿਰ ਕੱਲ੍ਹ ਵਾਂਗ ਹੀ ਰਾਤ ਨੂੰ ਇਕ ਆਦਮੀ ਦੇ ਹੱਥ ਵਿਚ ਜੱਗ ਸੀ, ਦੂਸਰੇ ਦੇ ਹੱਥ ਵਿਚ ਗਲਾਸ ਅਤੇ ਉਹ ਜਾਂਞੀਆਂ ਨੂੰ ਉਠਾ ਕੇ ਦੁੱਧ ਪਿਆ ਰਹੇ ਸਨ। ਨਾਲ ਹੀ ਫਿਰ ਉਹੋ ਲਫ਼ਜ਼ ਦੁਹਰਾ ਰਹੇ ਸਨ, "ਲਾਹੌਰੀਏ ਦੁੱਧ ਤੋਂ ਬਗੈਰ ਨਹੀਂ ਸੌਂਦੇ।" ਵਲਟੋਹਾ ਭਾਵੇਂ ਵੰਡ ਤੋਂ ਪਹਿਲਾਂ ਲਾਹੌਰ ਜ਼ਿਲ੍ਹੇ ਦਾ ਹਿੱਸਾ ਸੀ ਪਰ ਹੁਣ ਅੰਮ੍ਰਿਤਸਰ ਦਾ ਬਣ ਗਿਆ ਸੀ।

ਕੁਝ ਸਮੇਂ ਬਾਅਦ ਇਹ ਗੱਲ ਮੈਨੂੰ ਬਿਲਕੁਲ ਭੁੱਲ ਗਈ। ਲਾਹੌਰ ਅਤੇ ਅੰਮ੍ਰਿਤਸਰ ਦੋਵੇਂ ਕੇਂਦਰੀ ਪੰਜਾਬ ਅਤੇ ਮਾਝਾ ਅਖਵਾਉਂਦੇ ਸਨ। 18ਵੀਂ ਸਦੀ ਦੇ ਸ਼ਹੀਦਾਂ ਵਿਚ ਅਤੇ ਦੇਸ਼ ਦੀ ਸੁਤੰਤਰਤਾ ਵਿਚ ਮਾਝੇ ਦੇ ਇਲਾਕੇ ਦਾ ਵੱਡਾ ਯੋਗਦਾਨ ਸੀ ਪਰ ਨਾਲ ਹੀ ਮਾਝਾ ਆਪਣੇ ਅਮੀਰ ਸਭਿਆਚਾਰ ਤੇ ਖੁਸ਼ਹਾਲੀ ਅਤੇ ਵੱਖਰੇ ਸਭਿਆਚਾਰ ਲਈ ਵਿਲੱਖਣ ਜਗ੍ਹਾ ਰੱਖਦਾ ਸੀ।

ਸੁਰਿੰਦਰ ਕੌਰ ਪੰਜਾਬੀ ਦੀ ਉੱਘੀ ਗਾਇਕਾ ਮੇਰੀ ਵਾਕਿਫ਼ ਨਹੀਂ ਸੀ ਪਰ ਸ਼ਾਇਦ 1999 ਵਿਚ ਜਦੋਂ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਕੈਂਪਸ ਵਿਚ ਰਹਿੰਦਾ ਹੁੰਦਾ ਸਾਂ, ਮੇਰੇ ਬਹੁਤ ਨਿੱਘੇ ਮਿੱਤਰ ਬਟਾਲੇ ਵਾਲੇ ਫੋਟੋਗ੍ਰਾਫਰ ਹਰਭਜਨ ਬਾਜਵਾ ਦਾ ਮੈਨੂੰ ਦੁਪਹਿਰ ਨੂੰ ਫੋਨ ਆਇਆ ਕਿ ਮੈਂ ਅਤੇ ਸੁਰਿੰਦਰ ਕੌਰ ਤੁਹਾਡੇ ਘਰ ਦੁਪਹਿਰ ਨੂੰ ਆਵਾਂਗੇ ਅਤੇ ਦੁਪਹਿਰ ਦਾ ਖਾਣਾ ਤੁਹਾਡੇ ਕੋਲ ਹੀ ਖਾਵਾਂਗੇ। ਮੈਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਸੀ ਕਿ ਸੁਰਿੰਦਰ ਕੌਰ ਨੂੰ ਮਿਲਣ ਦਾ ਮੌਕਾ ਮਿਲੇਗਾ ਜਿਸ ਦੇ ਗਾਣੇ ਮੈਂ ਬਚਪਨ ਤੋਂ ਹੀ ਸੁਣਦਾ ਰਿਹਾ ਸਾਂ ਅਤੇ ਦੁਨੀਆ ਭਰ ਦੇ ਪੰਜਾਬੀਆਂ ਵਿਚ ਉਸ ਗਾਇਕਾ ਦਾ ਵੱਡਾ ਸਤਿਕਾਰ ਸੀ। ਉਸ ਦਿਨ ਸ਼ਾਮ ਨੂੰ ਬਟਾਲੇ ਹਰਭਜਨ ਬਾਜਵਾ ਨੇ ਸੁਰਿੰਦਰ ਕੌਰ ਦਾ ਜਨਮ ਦਿਨ ਮਨਾਉਣ ਦਾ ਸਮਾਗਮ ਰੱਖਿਆ ਹੋਇਆ ਸੀ। ਸਾਨੂੰ ਵੀ ਸੱਦਿਆ ਗਿਆ ਸੀ। ਅਸੀਂ ਸ਼ਾਮ ਨੂੰ ਬਟਾਲੇ ਪਹੁੰਚ ਗਏ। ਰਸਮ ਅਨੁਸਾਰ ਸੁਰਿੰਦਰ ਕੌਰ ਲਈ ਕੇਕ ਕੱਟਿਆ ਗਿਆ ਅਤੇ ਕਾਦੀਆਂ ਰੋਡ 'ਤੇ ਸਮਾਗਮ ਵਾਲਾ ਉਹ ਹਾਲ ਖਚਾਖਚ ਭਰਿਆ ਹੋਇਆ ਸੀ। ਉਸ ਦਿਨ ਭਾਵੇਂ ਕਾਫ਼ੀ ਠੰਢ ਸੀ ਪਰ ਜਦੋਂ ਸੁਰਿੰਦਰ ਕੌਰ ਨੇ ਗਾਉਣਾ ਸ਼ੁਰੂ ਕੀਤਾ ਤਾਂ ਲੋਕਾਂ ਦੀ ਭੀੜ ਘਟਣ ਦੀ ਬਜਾਇ ਵਧਦੀ ਗਈ ਅਤੇ ਉਹ ਸਮਾਗਮ ਅੱਧੀ ਰਾਤ ਤੋਂ ਬਾਅਦ ਤੱਕ ਵੀ ਚੱਲਦਾ ਰਿਹਾ। ਉਹ ਜਦੋਂ ਵੀ ਆਖ਼ਰੀ ਗੀਤ ਕਹਿੰਦੀ ਤਾਂ ਲੋਕ ਉਸ ਨੂੰ ਹੋਰ ਗਾਉਣ ਲਈ ਫਰਮਾਇਸ਼ ਕਰ ਦਿੰਦੇ।

ਫਿਰ ਮੇਰੇ ਜ਼ਿੰਮੇ ਇਹ ਲੱਗਾ ਸੀ ਕਿ ਮੈਂ ਸੁਰਿੰਦਰ ਕੌਰ ਨੂੰ ਆਪਣੇ ਨਾਲ ਲਿਜਾ ਕੇ ਸਵੇਰੇ 5 ਵਜੇ ਸ਼ਤਾਬਦੀ ਗੱਡੀ 'ਤੇ ਚੜ੍ਹਾ ਦੇਵਾਂ। ਇਸ ਲਈ ਮੈਨੂੰ ਭਾਵੇਂ ਮਜਬੂਰੀਵੱਸ ਉੱਥੇ ਬੈਠਣਾ ਪਿਆ ਸੀ ਪਰ ਇਹ ਵੀ ਸੱਚਾਈ ਹੈ ਕਿ ਸੰਗੀਤ ਨੇ ਬੰਨ੍ਹ ਕੇ ਰੱਖਿਆ ਹੋਇਆ ਸੀ। ਅਸੀਂ ਕੋਈ ਢਾਈ ਵਜੇ ਵਾਪਸ ਆਏ। ਹੁਣ ਸ਼ਤਾਬਦੀ ਗੱਡੀ ਵਾਲੇ ਸਮੇਂ ਵਿਚ ਥੋੜ੍ਹਾ ਹੀ ਵਕਤ ਰਹਿ ਗਿਆ ਸੀ ਪਰ ਸੁਰਿੰਦਰ ਕੌਰ ਸੌਣਾ ਚਾਹੁੰਦੀ ਸੀ। ਮੈਂ ਉਨ੍ਹਾਂ ਨੂੰ ਉਨ੍ਹਾਂ ਦਾ ਕਮਰਾ ਦੱਸ ਕੇ ਜਦੋਂ ਮੁੜਨ ਲੱਗਾ ਤਾਂ ਉਨ੍ਹਾਂ ਆਵਾਜ਼ ਮਾਰੀ, "ਛੀਨਾ ਮੇਰਾ ਦੁੱਧ ਦਾ ਗਲਾਸ ਕਿੱਥੇ ਹੈ?"

"ਤੁਸੀਂ ਦੁੱਧ ਪੀਣਾ ਹੈ?" ਮੈਂ ਪੁੱਛਿਆ ਤਾਂ ਉਸ ਦਾ ਜਵਾਬ ਸੀ, "ਮੈਂ ਲਾਹੌਰਨ ਹਾਂ, ਲਾਹੌਰ ਦੇ ਲੋਕ ਦੁੱਧ ਤੋਂ ਬਗੈਰ ਨਹੀਂ ਸੌਂਦੇ।" ਉਸ ਵਕਤ ਕੋਈ 50 ਸਾਲ ਬਾਅਦ ਮੇਰੀ ਮਾਸੀ ਦਾ ਪਿੰਡ ਅਤੇ ਮਾਸੀ ਦੇ ਮੁੰਡੇ ਦੀ ਜੰਞ ਵਾਲਾ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆ ਗਿਆ।







ਮਸ਼ਹੂਰ ਗਾਇਕਾ ਸੁਰਿੰਦਰ ਕੌਰ ਦੀਆਂ ਤਿੰਨ ਵੱਖ-ਵੱਖ ਤਸਵੀਰਾਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਦਸੰਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-615



*ਵਿਚ ਬਣਾਂ ਦੇ ਜ਼ਿੰਦਗੀ ਔਖੀ, ਮੁਸ਼ੱਕਤ ਕਰੇ ਨਿਢਾਲ,*
*ਜਾਨ ਹੂਲ ਕੇ ਦੋ ਜੂਨ ਲੰਘਾਵੇ, ਕੁੱਛੜ ਚੁੱਕਿਆ ਲਾਲ।*
*'ਕੱਲੀ ਜਿੰਦ ਗ਼ਲ ਸੌ ਸਿਆਪੇ, ਹੈ ਫੋਟੋ ਰਹੀ ਵਿਖਾ.ਲ,*
*ਆਖਰ ਨੂੰ ਮਾਂ ਤਾਂ ਮਾਂ ਹੁੰਦੀ ਹੈ, ਬੱਚੇ ਦੀ ਕਰੂ ਸੰਭਾਲ।*

## ਕੈਪਸ਼ਨ ਮੁਕਾਬਲਾ-613



ਬੱਗੇ-ਨਾਰੇ ਦੀ ਜੋੜੀ ਯਾਰੋ,
ਬੜੇ ਚਾਵਾਂ ਨਾ.ਲ ਸੀ ਰੱਖੀ,
ਤਤਾ ਤਤਾ ਤੇ ਸ਼ਾਬਾ ਸ਼ਾਬਾ,
ਨਾ ਬਹਿਣ ਦਿੰਦਾ ਸੀ ਮੱਖੀ।
ਕਰ ਕਮਾਈ ਬੁੱਢਾ ਹੋਇਆ,
ਹੁਣ ਸਾਰ ਨਾ ਲੈਂਦਾ ਕੋਈ,
ਬੇਕਦਰਾਂ ਨੇ ਘਰੋਂ ਕੱਢਿਆ,
ਫਿਰੇ ਝਿੜਕਾਂ ਖਾਂਦਾ ਸੋਈ।
***-ਸੇਵਾ ਸਿੰਘ ਨੂਰਪੁਰੀ***

---

ਨਾ ਬਲਦ, ਨਾ ਹਲ ਪੰਜਾਲੀ
ਨਾ ਬਲਦਾਂ ਦੀਆਂ ਦੌੜਾਂ
ਮਸ਼ੀਨੀ ਯੁੱਗ ਨੇ ਡੋਰ ਸੰਭਾਲੀ
ਬਦਲ ਗਈਆਂ ਨੇ ਲੋੜਾਂ।
ਨਾ ਨੱਕ ਨੱਥ ਨਾ ਗਲ ਵਿਚ ਟੱਲੀ
ਅਵਾਰਾ ਪਸ਼ੂ ਬਣਾਇਆ
ਤਰਸਯੋਗ ਅੱਜ ਹਾਲਤ ਇਸਦੀ
ਭਾਵੇਂ ਗਊ ਮਾਂ ਦਾ ਜਾਇਆ।
***-ਹਰਜੋਤ ਕੌਰ ਮਹੇਸ਼ਪੁਰਾ***

***ਫੋਨ: 734-883-6704***

---

ਸਾਰੀ ਉਮਰ ਖੇਤਾਂ ਚ ਕੰਮ ਲੈ ਕੇ,
ਬੁਢਾਪੇ 'ਚ ਛੱਡਿਆ ਖੱਜਲ ਖ਼ੁਆਰੀ ਲਈ।
ਪਰਮਾਤਮਾ ਕੁੰਢੀਆਂ ਮੁੱਛਾਂ
ਵਰਗੇ ਸਿੰਗਾਂ ਦੀ,
ਲਾਜ ਰੱਖ ਕੇ ਬਚਾਇਆ
ਆਰਾਮ ਦੀ ਤਿਆਰੀ ਲਈ।
ਸ਼ੁਕਰਗੁਜ਼ਾਰ ਹੋ ਕੇ ਰਹਿਣਾ ਪ੍ਰਭੂ ਦਾ,
ਜਿਉਣ ਲਈ ਜਿੰਨੀ ਦਿੱਤੀ
ਜ਼ਿੰਦਗੀ ਨਿਆਰੀ ਬਈ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਰੋਜ਼ ਸਵੇਰੇ ਤੜਕੇ ਉਠ ਕੇ,
ਖੇਤਾਂ ਵਿੱਚ ਹਲ ਵਾਹਿਆ।
ਘਰ ਦੀ ਕੀਤੀ ਦੂਰ ਗਰੀਬੀ,
ਮਣਾ-ਮੂਹੀਂ ਅੰਨ ਉਗਾਇਆ।
ਸਮੇਂ ਨੇ ਐਸੀ ਕਰਵਟ ਖਾਧੀ,
ਉਲਟਾ ਜ਼ਮਾਨਾ ਆਇਆ।
ਬਾਪੂ ਛੱਡਿਆ ਵਿੱਚ ਆਸ਼ਰਮ ਦੇ,
ਬੋਝ ਸਮਝ, ਮੇਰਾ ਰਸਾ ਲਾਹਿਆ।
***-ਗੁਰਦੇਵ ਸਿੰਘ ਭੁੱਲਰ***
***ਫੋਨ: 94176-49275***

---

ਉਹ ਵੀ ਵੇਲਾ ਸੀ
ਬਲਦਾਂ ਨੂੰ ਪੁੱਤਾਂ ਸਮਾਨ ਸੀ ਪਾਲਿਆ ਜਾਂਦਾ
ਬਲਦ ਦਾ ਸਿੰਗਾਂ ਨਾਲ ਸੀ ਰੋਅਬ ਪੂਰਾ
ਦੇ ਦਿੰਦਾ ਸੀ ਗੇੜਾ ਕੰਮ ਦਾ ਪੂਰਾ
ਆਇਆ ਬੁਢਾਪਾ ਖੋਲ੍ਹ ਦਿੱਤਾ ਰੱਸਾ
ਰਹਿ ਗਿਆ ਹੁਣ ਲੋਕਾਂ ਦੇ ਡੰਡੇ ਖਾਣ ਜੋਗਾ।
***-ਦਰਸ਼ਨ ਪਾਲ ਦੋਸਾਂਝ***

# ਓਰਿਆਨਾ ਫਲਾਚੀ ਦੀ ਪੱਤਰਕਾਰੀ

**ਓਰਿਆਨਾ ਫਲਾਚੀ (29 ਜੂਨ 1929-15 ਸਤੰਬਰ 2006) ਇਟਲੀ ਦੀ ਪੱਤਰਕਾਰ ਅਤੇ ਲਿਖਾਰੀ ਸੀ। 'ਇੰਟਰਵਿਊ ਵਿਦ ਹਿਸਟਰੀ' ਉਸ ਦੀ ਚਰਚਿਤ ਕਿਤਾਬ ਹੈ। ਉਸ ਨੇ ਲੰਮਾ ਸਮਾਂ ਪੱਤਰਕਾਰੀ ਦਾ ਪਿੜ ਮੱਲੀ ਰੱਖਿਆ ਅਤੇ ਦਲਾਈ ਲਾਮਾ, ਹੈਨਰੀ ਕਸਿੰਜਰ, ਇਰਾਨ ਦੇ ਸ਼ਾਹ ਆਇਤੁਲਾ ਖੋਮੈਨੀ, ਵਿੱਲੀ ਬ੍ਰੈਂਟ, ਜ਼ੁਲਫਿਕਾਰ ਅਲੀ ਭੁੱਟੋ, ਕਰਨਲ ਗਦਾਫ਼ੀ, ਫੇਦੇਰਿਕੋ ਫੇਲਿਨੀ, ਯਾਸਰ ਅਰਾਫਾਤ, ਆਰਚ ਬਿਸ਼ਪ ਮਕਾਰੀਓਸ, ਗੋਲਡਾ ਮੇਅਰ ਤੇ ਇੰਦਰਾ ਗਾਂਧੀ ਵਰਗੀਆਂ ਸ਼ਖ਼ਸੀਅਤਾਂ ਨਾਲ ਇੰਟਰਵਿਊ ਕੀਤੀਆਂ। ਉਹ ਆਪਣੀ ਬੇਬਾਕੀ ਅਤੇ ਨਿਡਰਤਾ ਕਰ ਕੇ ਜਾਣੀ ਜਾਂਦੀ ਸੀ।**

ਅੱਜ ਦਾ ਯੁੱਗ ਮੀਡੀਏ ਦਾ ਯੁੱਗ ਹੈ। ਮੀਡੀਏ ਦਾ ਸਭ ਤੋਂ ਵੱਡਾ ਕੰਮ ਖੋਜੀ ਵਾਲਾ ਹੁੰਦਾ ਹੈ ਤਾਂ ਕਿ ਉਹ ਖ਼ਬਰ ਦੀ ਤਹਿ ਤੱਕ ਜਾ ਕੇ ਸਚਾਈ ਲੱਭ ਲਿਆਵੇ ਪਰ ਸੱਤਾ ਨੇ ਉਹਨੂੰ ਲਾਲਚ ਦੇ ਟੁਕੜੇ ਪਾ ਕੇ ਅੱਖਾਂ ਮੀਟਣ ਲਈ ਕਹਿ ਦਿੱਤਾ ਹੈ। ਇਸ ਨਾਲ ਮੀਡੀਏ ਦੀ ਬੇਦਾਗ ਪੱਗ ਦਾਗਦਾਰ ਹੋਈ ਹੈ। ਲੋਕਾਂ ਦਾ ਵਿਸ਼ਵਾਸ ਮੀਡੀਏ 'ਤੇ ਨਹੀਂ ਰਿਹਾ। ਕਦੇ ਮੀਡੀਏ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਸੀ ਪਰ ਹੁਣ ਇਹਦਾ ਇਹ ਰੁਤਬਾ ਖ਼ਤਮ ਹੋ ਗਿਆ ਹੈ। ਫਿਰ ਵੀ ਜਿਨ੍ਹਾਂ ਨੇ ਮੀਡੀਏ ਨੂੰ ਸਿਖਰ 'ਤੇ ਪਹੁੰਚਾਇਆ ਤੇ ਇਹਦੇ ਲੱਜਪਾਲ ਬਣੇ, ਉਨ੍ਹਾਂ ਵਿਚ ਓਰਿਆਨਾ ਫਲਾਚੀ ਦਾ ਨਾਂ ਬੜੇ ਅਦਬ ਨਾਲ



**ਪਰਮਜੀਤ ਢੀਂਗਰਾ**
ਫੋਨ: +91-94173-58120

ਲਿਆ ਜਾਂਦਾ ਹਾਂ। ਉਹ ਜਾਂਬਾਜ਼ ਪੱਤਰਕਾਰ ਸੀ ਜਿਸ ਕੋਲੋਂ ਸੱਤਾ 'ਤੇ ਬੈਠੇ ਨੇਤਾ ਕੰਬਦੇ ਸਨ। ਉਹਦਾ ਹਮੇਸ਼ਾ ਇਹ ਕਹਿਣਾ ਸੀ ਕਿ ਪੱਤਰਕਾਰ ਦਾ ਧਰਮ ਹੈ ਕਿ ਆਪਣਾ ਸ਼ਿਲਪ ਤਰਾਸ਼ਣ ਲਈ ਹਰ ਸਮੇਂ ਜ਼ਿੱਦ 'ਤੇ ਅੜਿਆ ਰਹੇ। ਮੇਰੇ ਲਈ ਪੱਤਰਕਾਰ ਹੋਣ ਦਾ ਮਤਲਬ ਹੈ, ਕਿਸੇ ਦਾ ਵੀ ਹੁਕਮ ਨਾ ਮੰਨਣਾ। ਹੁਕਮ ਨਾ ਮੰਨਣ ਦਾ ਅਰਥ ਹੈ ਵਿਰੋਧੀ ਧਿਰ ਵਿਚ ਹੋਣਾ। ਵਿਰੋਧੀ ਧਿਰ ਵਿਚ ਹੋਣ ਦਾ ਮਤਲਬ ਹੈ ਤੁਹਾਨੂੰ ਸੱਚ ਬੋਲਣ ਅਤੇ ਉਹਦੇ 'ਤੇ ਪਹਿਰਾ ਦੇਣ ਲਈ ਤਿਆਰ ਰਹਿਣ ਦਾ ਸੱਦਾ ਤੇ ਸੱਚ ਹਮੇਸ਼ਾ ਉਸ ਗੱਲ ਤੋਂ ਉਲਟਾ ਹੁੰਦਾ ਹੈ ਜੋ ਸੱਤਾ 'ਤੇ ਬੈਠੇ ਲੋਕ ਕਰਦੇ ਨੇ।

ਓਰਿਆਨਾ ਫਲਾਚੀ ਦਾ ਜਨਮ 29 ਜੂਨ 1929 ਨੂੰ ਹੋਇਆ ਤੇ 15 ਸਤੰਬਰ 2006 ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ। ਇਟਲੀ ਦੀ ਜੰਮਪਲ ਓਰਿਆਨਾ ਦਾ ਪੱਤਰਕਾਰੀ ਵਿਚ ਨਾਂ ਵਿਸ਼ਵ ਪ੍ਰਸਿੱਧ ਹੈ। ਬੇਬਾਕੀ ਤੇ ਨਿਡਰਤਾ ਨਾਲ ਕੀਤੀਆਂ ਉਹਦੀਆਂ ਇੰਟਰਵਿਊਜ਼ ਲਈ ਲੋਕ ਅੱਜ ਤੱਕ ਉਹਨੂੰ ਯਾਦ ਕਰਦੇ ਹਨ। ਦੁਨੀਆ ਦੀਆਂ ਜਿਨ੍ਹਾਂ ਮਸ਼ਹੂਰ ਹਸਤੀਆਂ ਦੀਆਂ ਉਹਨੇ ਇੰਟਰਵਿਊ ਕੀਤੀਆਂ, ਉਨ੍ਹਾਂ ਵਿਚ ਦਲਾਈ ਲਾਮਾ, ਹੈਨਰੀ ਕਸਿੰਜਰ, ਇਰਾਨ ਦੇ ਸ਼ਾਹ ਆਇਤੁਲਾ ਖੋਮੈਨੀ, ਵਿੱਲੀ ਬ੍ਰੈਂਟ, ਜ਼ੁਲਫਿਕਾਰ ਅਲੀ ਭੁੱਟੋ, ਕਰਨਲ ਗਦਾਫ਼ੀ, ਫੇਦੇਰਿਕੋ ਫੇਲਿਨੀ, ਯਾਸਰ ਅਰਾਫਾਤ, ਆਰਚ ਬਿਸ਼ਪ ਮਕਾਰੀਓਸ, ਗੋਲਡਾ ਮੇਅਰ, ਇੰਦਰਾ ਗਾਂਧੀ, ਸਿਓਨ ਕੋਨਰੀ ਤੇ ਲੇਖ ਵਾਲੇਸਾ ਮੁੱਖ ਹਨ। ਉਹਨੇ ਨਾਵਲ ਵੀ ਲਿਖੇ ਪਰ ਉਹਨੂੰ ਵਧੇਰੇ ਪ੍ਰਸਿੱਧੀ ਇਸਲਾਮੀ ਰਾਜਨੀਤੀ ਦੀ ਮਾਹਿਰ ਹੋਣ ਵਜੋਂ ਮਿਲੀ। ਵੀਹਵੀਂ ਸਦੀ ਵਿਚ ਓਰਿਆਨਾ ਵਰਗੀਆਂ ਇੰਟਰਵਿਊ ਹੋਰ ਕੋਈ ਨਹੀਂ ਕਰ ਸਕਿਆ। ਦੁਨੀਆ ਦੇ ਸਭ ਤੋਂ ਤਾਕਤਵਰ ਲੋਕ ਵੀ ਉਸ ਤੋਂ ਡਰਦੇ ਸਨ ਪਰ ਮਨੋਂ ਚਾਹੁੰਦੇ ਵੀ ਸਨ ਕਿ ਉਹ ਉਨ੍ਹਾਂ ਦੀ ਇੰਟਰਵਿਊ ਲਵੇ।

1972 ਵਿਚ ਉਹਨੇ ਹੈਨਰੀ ਕਸਿੰਜਰ ਦੀ ਇੰਟਰਵਿਊ ਲਈ ਸੀ। ਇਸ ਇੰਟਰਵਿਊ ਵਿਚ ਕਸਿੰਜਰ ਨੂੰ ਅਖੀਰ ਮੰਨਣਾ ਪਿਆ ਸੀ ਕਿ ਵੀਅਤਨਾਮ ਦਾ ਯੁੱਧ ਗਲਤ ਸੀ, ਇਹ ਨਹੀਂ ਸੀ ਹੋਣਾ ਚਾਹੀਦਾ। ਕਸਿੰਜਰ ਨੇ ਆਪਣੀ ਤੁਲਨਾ ਅਜਿਹੇ 'ਕਾਊ ਬੁਆਇ' ਨਾਲ ਕੀਤੀ ਸੀ ਜੋ ਆਪਣੇ ਘੋੜੇ 'ਤੇ ਸਵਾਰ ਹੋ ਕੇ ਇਕੱਲਾ ਵੈਗਨ ਟ੍ਰੇਨ ਦੀ ਅਗਵਾਈ ਕਰ ਰਿਹਾ ਸੀ। ਇਸ ਇੰਟਰਵਿਊ ਨੂੰ ਯਾਦ ਕਰਦਿਆਂ ਕਸਿੰਜਰ ਨੇ ਲਿਖਿਆ ਸੀ- "ਪ੍ਰੈਸ ਦੇ ਕਿਸੇ ਪੱਤਰਕਾਰ ਨਾਲ ਹੋਈ ਮੇਰੀ ਜ਼ਿੰਦਗੀ ਦੀ ਇਹ ਸਭ ਤੋਂ ਭੈੜੀ ਤੇ ਵਿਨਾਸ਼ਕਾਰੀ ਇੰਟਰਵਿਊ ਸੀ।"

ਆਇਤੁਲਾ ਖੋਮੈਨੀ ਨੂੰ ਉਹਨੇ ਖੁੱਲ੍ਹੇਆਮ ਤਾਨਾਸ਼ਾਹ ਕਿਹਾ ਸੀ। 1979 ਵਿਚ ਤਹਿਰਾਨ ਵਿਚ ਇੰਟਰਵਿਊ ਤੋਂ ਪਹਿਲਾਂ ਖੋਮੈਨੀ ਦੇ ਸਿਪਾਹਸਲਾਰਾਂ ਨੇ ਉਹਨੂੰ ਚਾਦਰ ਨਾਲ ਸਿਰ ਢਕਣ ਦਾ ਹੁਕਮ ਦਿੱਤਾ ਸੀ। ਉਦੋਂ ਇੰਟਰਵਿਊ ਦੌਰਾਨ ਹੋਈ ਗੱਲਬਾਤ ਦਾ ਇਹ ਹਿੱਸਾ ਬੜਾ ਮਕਬੂਲ ਹੋਇਆ ਸੀ:

ਓਰਿਆਨਾ ਫਲਾਚੀ: ਮੈਂ ਤੁਹਾਡੇ ਕੋਲੋਂ ਕਈ ਕੁਝ ਪੁੱਛਣਾ ਚਾਹੁੰਦੀ ਹਾਂ। ਮਿਸਾਲ ਦੇ ਤੌਰ 'ਤੇ ਇਸ ਚਾਦਰ ਬਾਰੇ ਜਿਸ ਨੂੰ ਇੰਟਰਵਿਊ ਤੋਂ ਪਹਿਲਾਂ ਮੈਨੂੰ ਸਿਰ 'ਤੇ ਲੈਣ ਲਈ ਕਿਹਾ ਗਿਆ ਹੈ। ਕੀ ਇਰਾਨੀ ਔਰਤਾਂ ਨੂੰ ਇਸ ਨੂੰ ਸਿਰ 'ਤੇ ਲੈਣਾ ਜ਼ਰੂਰੀ ਹੈ? ਮੈਂ ਸਿਰਫ਼ ਇਸ ਪੁਸ਼ਾਕ ਦੀ ਗੱਲ ਨਹੀਂ ਕਰ ਰਹੀ, ਮੈਂ ਤਾਂ ਉਨ੍ਹਾਂ ਚੀਜ਼ਾਂ ਬਾਰੇ ਪੁੱਛਣਾ ਚਾਹੁੰਦੀ ਹਾਂ ਜਿਨ੍ਹਾਂ ਵੱਲ ਇਹ ਇਸ਼ਾਰਾ ਕਰ ਰਹੀ ਹੈ; ਭਾਵ ਉਸ ਭੇਦਭਾਵ ਵੱਲ ਜਿਸ ਨੂੰ ਇਰਾਨ ਦੀਆਂ ਔਰਤਾਂ ਕ੍ਰਾਂਤੀ ਤੋਂ ਬਾਅਦ ਝੱਲ ਰਹੀਆਂ ਨੇ। ਉਹ ਯੂਨੀਵਰਸਿਟੀਆਂ ਵਿਚ ਪੁਰਸ਼ਾਂ ਨਾਲ ਪੜ੍ਹ ਨਹੀਂ ਸਕਦੀਆਂ, ਨਾ ਉਨ੍ਹਾਂ ਨਾਲ ਕੰਮ ਕਰ ਸਕਦੀਆਂ ਨੇ। ਉਨ੍ਹਾਂ ਨੂੰ ਚਾਦਰ ਪਾ ਕੇ ਇਹ ਸਾਰਾ ਕੁਝ ਵੱਖਰੇ ਤੌਰ 'ਤੇ ਕਰਨਾ ਪੈਂਦਾ ਹੈ। ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਚਾਦਰ ਲੈ ਕੇ ਸਵਿਮਿੰਗ ਪੂਲ ਵਿਚ ਕਿਵੇਂ ਤਰਿਆ ਜਾ ਸਕਦਾ ਹੈ?

ਆਇਤੁਲਾ ਖੋਮੈਨੀ: ਇਹਦਾ ਤੁਹਾਡੇ ਨਾਲ ਕੋਈ ਸਬੰਧ ਨਹੀਂ। ਸਾਡੀਆਂ ਪਰੰਪਰਾਵਾਂ ਦਾ ਇਹਦੇ ਨਾਲ ਕੋਈ ਸਰੋਕਾਰ ਨਹੀਂ। ਜੇ ਤੈਨੂੰ ਇਹ ਇਸਲਾਮੀ ਪੁਸ਼ਾਕ ਪਸੰਦ ਨਹੀਂ ਤਾਂ ਤੈਨੂੰ ਇਹ ਪਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਉਨ੍ਹਾਂ ਨੌਜਵਾਨ ਕੁੜੀਆਂ ਅਤੇ ਸਨਮਾਨ ਯੋਗ ਔਰਤਾਂ ਲਈ ਹੈ।

ਓਰਿਆਨਾ ਫਲਾਚੀ: ਤੁਹਾਡੀ ਬੜੀ ਮਿਹਰਬਾਨੀ ਇਮਾਮ ਸਾਹਿਬ। ਮੈਂ ਇਸ ਬੇਵਕੂਫ਼ੀ ਭਰੇ ਮੱਧਕਾਲੀ ਚੀਥੜੇ ਨੂੰ ਹੁਣੇ ਲਾਹ ਰਹੀ ਹਾਂ।

ਇਸ ਤੋਂ ਬਾਅਦ ਓਰਿਆਨਾ ਨੇ ਉਹ ਚਾਦਰ ਲਾਹ ਕੇ ਇਕ ਪਾਸੇ ਪਈ ਕੁਰਸੀ 'ਤੇ ਰੱਖ ਦਿੱਤੀ।

1991 ਵਿਚ ਜੈਕ ਹਿਊਬਰ ਤੇ ਡੀਨ ਡਿਗਿਨਸ ਨੇ ਓਰਿਆਨਾ ਫਲਾਚੀ ਦੀ ਲੰਮੀ ਇੰਟਰਵਿਊ ਕੀਤੀ ਜਿਸ ਨੂੰ ਉਨ੍ਹਾਂ ਨੇ ਆਪਣੀ ਕਿਤਾਬ 'ਇੰਟਰਵਿਊਇੰਗ ਅਮੇਰੀਕਾ'ਜ਼ ਟਾਪ ਇੰਟਰਵਿਊਅਰਜ਼' ਵਿਚ ਸ਼ਾਮਲ ਕੀਤਾ। ਉਸ ਵਿਚ ਉਹ ਦੱਸਦੀ ਹੈ: ਮੈਂ ਸਿਰਫ਼ ਚੀਨ ਦੇ ਡੇਂਗ ਜਿਆਓ ਪਿੰਗ ਤੋਂ ਪ੍ਰਭਾਵਿਤ ਹੋਈ ਸਾਂ। ਉਹਦੀ ਸਿਰਫ਼ ਇਕ ਅੱਖ ਸੀ- ਸਭਿਆਚਾਰਕ ਇਨਕਲਾਬ ਦੌਰਾਨ ਹੋਏ ਸਰੀਰਕ ਤਸ਼ੱਦਦ ਕਰ ਕੇ ਉਹਦੀ ਇਕ ਅੱਖ ਜਾਂਦੀ ਰਹੀ ਸੀ। ਉਹ ਆਪਣੀ ਕੁਰਸੀ 'ਤੇ ਬੈਠਾ ਸੀ। ਉਹਨੇ ਬੋਲਣਾ ਸ਼ੁਰੂ ਕੀਤਾ- "ਚੋਂਗ ਚੋਂਗ ਚੋਂਗ ਚੋਂਗ ਚੋਂਗ।" ਦੋ-ਭਾਸ਼ੀ ਕੁੜੀ ਜੋ ਬੜੀ ਸ਼ਾਨਦਾਰ ਸੀ, ਕਹਿਣ ਲੱਗੀ, "ਰਾਸ਼ਟਰਪਤੀ ਕਹਿ ਰਹੇ ਨੇ, ਜਿਸ ਕੁਰਸੀ 'ਤੇ ਉਹ ਬੈਠੇ ਹੋਏ ਨੇ, ਉਹਦੇ 'ਤੇ ਕਦੇ ਮਾਓ ਜ਼ੇ-ਤੁੰਗ ਬੈਠੇ ਸਨ ਤੇ ਜਿਸ 'ਤੇ ਤੂੰ ਬੈਠੀ ਹੋਈ ਏਂ, ਉਹਦੇ 'ਤੇ ਨਿਕਸਨ।" ਮੈਂ ਜੁਆਬ ਦਿੱਤਾ, "ਇਨ੍ਹਾਂ ਖ਼ੂਨੀ ਕੁਰਸੀਆਂ ਦਾ ਸ਼ੁਧੀਕਰਨ ਕੀਤਾ ਜਾਣਾ ਚਾਹੀਦਾ।" ਤੇ ਡੇਂਗ ਜਿਆਓ ਪਿੰਗ ਨੇ ਹੱਸਣਾ ਸ਼ੁਰੂ ਕਰ ਦਿੱਤਾ। ਮੈਨੂੰ ਉਹਦੇ ਨਾਲ ਮੁਹੱਬਤ ਹੋ ਗਈ। ਇਹ ਕਿਸੇ ਥੀਏਟਰ ਵਿਚ ਹੋਣ ਵਾਲੇ ਸੀਨ ਵਰਗਾ ਸੀ। ਉੱਥੇ ਸੱਠ ਸੱਤਰ ਲੋਕ ਬੈਠੇ ਸਨ, ਤੇ ਮੈਂ ਚਾਹੁੰਦੀ ਸਾਂ ਕਿ ਉਹ ਉੱਥੋਂ ਚਲੇ ਜਾਣ। ਮੈਂ ਕਿਹਾ, "ਇਹ ਕੌਣ ਲੋਕ ਹਨ ਮਿਸਟਰ ਡੇਂਗ? ਇਹ ਇੱਥੇ ਬੈਠੇ ਮੈਨੂੰ ਚੰਗੇ ਨਹੀਂ ਲੱਗ ਰਹੇ।"

"ਇਹ ਮੇਰੀ ਸਾਰੀ ਸਰਕਾਰ ਹੈ।" ਡੇਂਗ ਜਿਆਓ ਪਿੰਗ ਨੇ ਕਿਹਾ।

"ਪਰ ਮੈਨੂੰ ਇਹ ਇੱਥੇ ਬੈਠੇ ਨਹੀਂ ਸੁਖਾ ਰਹੇ, ਇਨ੍ਹਾਂ ਨੂੰ ਕਹੋ ਇੱਥੋਂ ਚਲੇ ਜਾਣ।"

ਤਦ ਮੈਂ ਉੱਥੇ ਦੋ ਪੱਤਰਕਾਰ ਦੇਖੇ। "ਇਹ ਕੌਣ ਨੇ? ਨਹੀਂ, ਨਹੀਂ, ਨਹੀਂ। ਮੈਂ ਨਿਊ ਯਾਰਕ ਤੋਂ ਇੱਥੇ ਉਨ੍ਹਾਂ ਨੂੰ ਇੰਟਰਵਿਊ ਦੇਣ ਨਹੀਂ ਆਈ। ਜਿੰਨੀ ਦੇਰ ਤੱਕ ਇਹ ਬਾਹਰ ਨਹੀਂ ਜਾਂਦੇ, ਮੈਂ ਗੱਲਬਾਤ ਨਹੀਂ ਕਰਾਂਗੀ। ਆਇ ਐਮ ਸੌਰੀ ਡੇਂਗ।"

ਉਹਨੇ ਕਿਹਾ, "ਆਊਟ", ਤੇ ਸਾਰੇ ਬਾਹਰ ਚਲੇ ਗਏ।





ਇਟਲੀ ਦੀ ਮਸ਼ਹੂਰ ਪੱਤਰਕਾਰ ਓਰਿਆਨਾ ਫਲਾਚੀ ਦੀਆਂ ਦੋ ਤਸਵੀਰਾਂ।

ਉਹਦੀ ਇਸੇ ਅਦਾ ਨੇ ਮੇਰਾ ਮਨ ਮੋਹ ਲਿਆ।

ਮੈਂ ਬਹੁਤੇ ਸਵਾਲ ਨਹੀਂ ਪੁੱਛੇ ਕਿਉਂਕਿ ਉਹ ਬੋਲਣ ਵਿਚ ਮੇਰੇ ਨਾਲੋਂ ਵੀ ਮਾਹਿਰ ਸੀ। ਇਕ ਵਾਰ ਉਹਦਾ ਮੂੰਹ ਖੁੱਲ੍ਹ ਜਾਂਦਾ ਤਾਂ ਕੋਈ ਮਾਈ ਦਾ ਲਾਲ ਉਹਨੂੰ ਚੁੱਪ ਨਹੀਂ ਸੀ ਕਰਵਾ ਸਕਦਾ। ਉਹਨੂੰ ਰੋਕਣ ਲਈ ਐਟਮ ਬੰਬ ਦੀ ਲੋੜ ਪੈਂਦੀ। ਮੈਂ ਉਸ ਬੰਦੇ ਦੀ ਨਿਮਰਤਾ, ਲਿਆਕਤ, ਸਾਦਗੀ ਅਤੇ ਮਨੁੱਖੀ ਗੁਣਾਂ ਦੀ ਕਾਇਲ ਹੋ ਕੇ ਰਹਿ ਗਈ ਸਾਂ। ਮੇਰੀ ਜ਼ਿੰਦਗੀ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਮੈਂ ਸੱਤਾ ਦੀ ਟੀਸੀ 'ਤੇ ਬੈਠੇ ਅਜਿਹੇ ਆਦਮੀ ਨਾਲ ਗੱਲਬਾਤ ਕਰ ਰਹੀ ਸਾਂ ਜਿਸ ਦਾ ਸਲੂਕ ਸਬ-ਵੇਅ ਵਿਚ ਮਿਲਣ ਵਾਲੇ ਬੰਦੇ ਵਰਗਾ ਸੀ। ਅਕਸਰ ਅਜਿਹੇ ਸ਼ਖ਼ਸ ਬੜੇ ਦਿਖਾਵਟੀ ਕਿਸਮ ਦੇ ਹੁੰਦੇ ਨੇ।

ਇਕ ਮੌਕਾ ਅਜਿਹਾ ਵੀ ਆਇਆ ਜਦੋਂ ਉਹਨੇ ਚੀਕਣਾ ਸ਼ੁਰੂ ਕਰ ਦਿੱਤਾ ਕਿਉਂਕਿ ਮੈਂ ਅਜਿਹਾ ਸਵਾਲ ਪੁੱਛ ਬੈਠੀ ਸਾਂ ਜੋ ਉਹਨੂੰ ਚੰਗਾ ਨਹੀਂ ਸੀ ਲੱਗਿਆ। ਉਹ ਕਹਿਣ ਲੱਗਾ ਕਿ "ਤੂੰ ਆਪਣੇ ਪਿਤਾ ਨਾਲ ਵੀ ਅਜਿਹਾ ਕਰੇਂਗੀ?"

**ਓਰਿਆਨਾ ਫਲਾਚੀ ਆਪਣੀ ਪ੍ਰਸਿੱਧ ਕਿਤਾਬ 'ਇੰਟਰਵਿਊ ਵਿਦ ਹਿਸਟਰੀ' ਵਿਚ ਸਾਡੇ ਲਈ ਕਈ ਕੰਮ ਦੀਆਂ ਗੱਲਾਂ ਲਿਖ ਗਈ ਹੈ: ਉਹ ਭਾਵੇਂ ਕਿਸੇ ਤਾਨਾਸ਼ਾਹ ਕੋਲ ਹੋਵੇ ਜਾਂ ਕਿਸੇ ਚੁਣੇ ਗਏ ਰਾਸ਼ਟਰਪਤੀ ਕੋਲ, ਭਾਵੇਂ ਕਿਸੇ ਹਥਿਆਰੇ ਜਨਰੈਲ ਕੋਲ ਹੋਵੇ ਜਾਂ ਕਿਸੇ ਹਰਮਨ ਪਿਆਰੇ ਨੇਤਾ ਕੋਲ, ਸੱਤਾ ਨੂੰ ਮੈਂ ਹਮੇਸ਼ਾ ਅਮਾਨਵੀ ਅਤੇ ਘ੍ਰਿਣਾਭਰੀ ਪ੍ਰਕਿਰਿਆ ਦੇ ਰੂਪ ਵਿਚ ਹੀ ਦੇਖਿਆ ਹੈ।**

ਮੈਂ ਕਿਹਾ- "ਬਿਲਕੁਲ।"

"ਕੀ ਤੂੰ ਕਦੇ ਆਪਣੇ ਪਿਤਾ ਨਾਲ ਇੰਝ ਪੇਸ਼ ਆਈ ਏਂ?"

"ਹਾਂ।"

"ਉਨ੍ਹਾਂ ਤੈਨੂੰ ਥੱਪੜ ਨਹੀਂ ਮਾਰਿਆ? ਤੇਰੇ ਪਿਤਾ ਨੂੰ ਤੈਨੂੰ ਥੱਪੜ ਮਾਰਨਾ ਚਾਹੀਦਾ ਸੀ...!"

"ਤੁਸੀਂ ਮੈਨੂੰ ਥੱਪੜ ਮਾਰਨਾ ਚਾਹੁੰਦੇ ਹੋ? ਮੈਂ ਇਹ ਗੱਲ ਇੱਥੇ ਲਿਖ ਦਿਆਂਗੀ।"

ਤੇ ਉਹ ਉਚੀ ਉਚੀ "ਹਾਹਾਅ" ਕਰਨ ਲੱਗਾ।

ਡੇਂਗ ਨੇ ਕਿਹਾ ਸੀ, ਉਹ ਮੈਨੂੰ ਦੋ ਘੰਟੇ ਦਾ ਸਮਾਂ ਦੇਵੇਗਾ। ਢਾਈ ਘੰਟੇ ਬੀਤਣ ਬਾਅਦ ਮੈਨੂੰ ਲੱਗਿਆ ਕਿ ਮੈਨੂੰ ਹੋਰ ਸਮਾਂ ਚਾਹੀਦਾ। ਇੰਟਰਵਿਊ ਅਜੇ ਪੂਰੀ ਨਹੀਂ ਸੀ ਹੋਈ। ਮੈਂ ਸੋਚ ਰਹੀ ਸਾਂ ਕਿ ਇਹ ਗੱਲ ਉਹਨੂੰ ਕਿਵੇਂ ਕਹਾਂ। ਮੈਂ ਝਕਦੇ-ਸਰਦੇ ਸ਼ਬਦ ਤਲਾਸ਼ ਰਹੀ ਸਾਂ ਜਦੋਂ ਉਹ ਬੋਲਿਆ- "ਚੋਂਗ ਚੋਂਗ ਚੋਂਗ ਚੋਂਗ ਚੋਂਗ।" ਦੋ-ਭਾਸ਼ੀ ਕੁੜੀ ਨੇ ਦੱਸਿਆ ਕਿ "ਡੇਂਗ ਪੁੱਛ ਰਿਹਾ, ਕੀ ਤੂੰ ਉਹਦੀ ਇਕ ਹੋਰ ਇੰਟਰਵਿਊ ਲੈਣੀ ਚਾਹੁੰਨੀ ਏਂ? ਕਿਰਪਾ ਕਰ ਕੇ ਮਨ੍ਹਾ ਨਾ ਕਰੀਂ।"

ਮੇਰਾ ਸਿਰ ਚਕਰਾ ਗਿਆ। ਮੈਂ ਉੱਛਲ ਕੇ ਖੜ੍ਹੀ ਹੋ ਗਈ ਤੇ ਕੋਲ ਜਾ ਕੇ ਉਹਦਾ ਮੂੰਹ ਚੁੰਮ ਲਿਆ। ਸਿਕਿਓਰਟੀ ਵਾਲੇ ਮੇਰੇ ਉਪਰ ਕੁੱਦ ਪਏ ਕਿਉਂਕਿ ਉਨ੍ਹਾਂ ਨੂੰ ਲੱਗਿਆ, ਸ਼ਾਇਦ ਮੈਂ ਡੇਂਗ ਨੂੰ ਮਾਰਨ ਲਈ ਗਈ ਹਾਂ।

ਇਕ ਵਾਰ ਮੈਂ ਛੇ ਘੰਟਿਆਂ ਤੱਕ ਇੰਦਰਾ ਗਾਂਧੀ ਨਾਲ ਰਹੀ। ਅਖੀਰ ਵਿਚ ਉਹ ਕਹਿਣ ਲੱਗੀ- "ਇੱਧਰ ਦੇਖ, ਉਹ ਮੇਰੀ ਸਰਕਾਰ ਬੈਠੀ ਏ। ਮੇਰੇ ਮੰਤਰੀ ਦੋ ਘੰਟਿਆਂ ਤੋਂ ਮੇਰਾ ਇੰਤਜ਼ਾਰ ਕਰ ਰਹੇ ਨੇ। ਮੈਨੂੰ ਅਫ਼ਸੋਸ ਹੈ, ਹੁਣ ਤੇਰੇ ਕੋਲੋਂ ਵਿਦਾਇਗੀ ਲੈਣੀ ਪੈਣੀ ਏ। ਮੈਂ ਤੇਰੇ ਲਈ ਟੈਕਸੀ ਦਾ ਪ੍ਰਬੰਧ ਕਰਵਾ ਦਿੰਦੀ ਆਂ।"

ਕਲਪਨਾ ਤੋਂ ਪਰੇ ਦੀ ਉਸ ਬਿਲਡਿੰਗ ਵਿਚ ਅਗਲੇ ਦਸ ਪੰਦਰਾਂ ਮਿੰਟ ਅਸੀਂ ਇਕੱਠੀਆਂ ਘੁੰਮਦੀਆਂ ਰਹੀਆਂ। ਉਹਨੇ ਦੋਸਤਾਨਾ ਅੰਦਾਜ਼ ਵਿਚ ਮੇਰੀ ਬਾਂਹ ਫੜੀ ਹੋਈ ਸੀ ਤੇ ਮੈਨੂੰ ਹੌਲੀ ਜਿਹੀ ਕਹਿਣ ਲੱਗੀ- "ਮੇਰੇ ਆਲੇ ਦੁਆਲੇ ਇਕ ਤੋਂ ਵੱਧ ਕੇ ਇਕ ਮੂਰਖ ਲੋਕ ਹਨ। ਮੈਂ ਸਰਕਾਰ ਚਲਾਵਾਂ ਤਾਂ ਕਿਵੇਂ?" ਇਹ ਗੱਲ ਮੈਂ ਕਦੇ ਨਹੀਂ ਲਿਖੀ। ਹਾਂ, ਤੁਸੀਂ ਚਾਹੋ ਤਾਂ ਲਿਖ ਸਕਦੇ ਹੋ। ਇਹ ਦੇਖਣਾ ਵੀ ਦਿਲਚਸਪ ਸੀ ਕਿ ਕਿਵੇਂ ਉਹਨੇ ਆਪਣੇ ਸਿਕਿਓਰਟੀ ਵਾਲਿਆਂ ਨੂੰ ਟੈਕਸੀ ਮੰਗਵਾਉਣ ਲਈ ਕਿਹਾ। ਅਸੀਂ ਖੜ੍ਹੇ ਸਾਂ ਜਦੋਂ ਉਹਨੇ ਮੇਰੇ ਕੰਨ ਵਿਚ ਕਿਹਾ- "ਦੇਖਿਆ ਸਾਰੇ ਕਿੰਨੇ ਮੂਰਖਾਂ ਦੇ ਮੂਰਖ ਨੇ।" ਸਾਡੇ ਦੋਹਾਂ ਵਿਚਕਾਰ ਚੰਗੀ ਸਮਝ ਤੇ ਸਾਥ ਬਣਿਆ ਰਿਹਾ।

ਇੰਦਰਾ ਗਾਂਧੀ ਤੋਂ ਲੈ ਕੇ ਡੇਂਗ ਜਿਆਓ ਪਿੰਗ, ਆਰਚ ਬਿਸ਼ਪ ਮਕਾਰੀਓਸ ਨਾਲ ਮੇਰੀ ਚੰਗੀ ਦੋਸਤੀ ਰਹੀ। ਜਦੋਂ ਮਕਾਰੀਓਸ ਨਿਊ ਯਾਰਕ ਦੇ ਪਲਾਜ਼ਾ ਹੋਟਲ ਦੇ ਗੇਟ ਤੱਕ ਮੈਨੂੰ ਛੱਡਣ ਆਇਆ ਤਾਂ ਉਹਨੇ ਹੌਲੀ ਜਿਹੀ ਕਿਹਾ- "ਕਿੰਨੇ ਅਫਸੋਸ ਦੀ ਗੱਲ ਐ ਕਿ ਤੂੰ ਔਰਤ ਏਂ।"

ਮੈਂ ਕਿਹਾ- "ਕਿੰਨੇ ਅਫ਼ਸੋਸ ਦੀ ਗੱਲ ਏ ਕਿ ਤੁਸੀਂ ਪਾਦਰੀ ਓ।"

ਮੈਂ ਜਦੋਂ ਵੀ ਕਿਸੇ ਦੀ ਇੰਟਰਵਿਊ ਲੈਂਦੀ ਹਾਂ, ਉਹਦੇ ਕੋਲੋਂ ਦੋ ਗੱਲਾਂ ਦੀ ਤਵੱਕੋ ਕਰਦੀ ਹਾਂ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਵਿਚੋਂ ਕਿਹੜੀ ਜ਼ਿਆਦਾ ਜ਼ਰੂਰੀ ਹੈ। ਮੈਂ ਇਤਿਹਾਸ ਦਾ ਕੋਈ ਸੱਚ ਛੱਡ ਕੇ ਜਾਣਾ ਚਾਹੁੰਦੀ ਹਾਂ, ਇਸ ਲਈ ਚਾਹੁੰਦੀ ਹਾਂ ਕਿ ਚੰਗਾ ਤੇ ਪਾਰਦਰਸ਼ੀ ਲਿਖਾਂ। ਆਪਣੀ ਲਿਖਤ ਬਾਰੇ ਮੈਂ ਬਹੁਤ ਫ਼ਿਕਰਮੰਦ ਰਹਿੰਦੀ ਹਾਂ। ਇਹਦੇ ਲਈ ਮੈਂ ਡਾਕਟਰ ਫਾਸਟਸ ਵਾਂਗ ਆਪਣੀ ਆਤਮਾ ਤੱਕ ਵੇਚ ਸਕਦੀ ਹਾਂ ਪਰ ਮੈਂ ਕੋਈ ਸੱਚ ਜ਼ਰੂਰ ਛੱਡ ਕੇ ਜਾਣਾ ਚਾਹੁੰਦੀ ਹਾਂ।

ਇਤਿਹਾਸ ਸਿਰਫ਼ ਜੇਤੂਆਂ ਦਾ ਹੀ ਲਿਖਿਆ ਜਾਂਦਾ ਹੈ। ਦੂਸਰਿਆਂ ਨੂੰ ਉਹ ਕਿਹੋ ਜਿਹਾ ਲੱਗਿਆ, ਇਹਦੇ ਬਾਰੇ ਕੋਈ ਨਹੀਂ ਲਿਖਦਾ; ਮਸਲਨ, ਨੀਰੋ ਬਾਦਸ਼ਾਹ ਮਹਾਨ ਸ਼ਖ਼ਸ ਸੀ, ਬੜਾ ਹੁਸ਼ਿਆਰ ਤੇ ਅਕਲਮੰਦ। ਇਤਿਹਾਸ ਹਮੇਸ਼ਾ ਜੇਤੂਆਂ ਨੇ ਲਿਖਿਆ ਹੈ। ਉਨ੍ਹਾਂ ਖ਼ੌਫ਼ਨਾਕ ਈਸਾਈਆਂ ਤੇ ਉਨ੍ਹਾਂ ਨੇ ਨੀਰੋ ਨੂੰ ਭੰਡਿਆ ਹੈ। ਮੈਂ ਨੀਰੋ ਤੋਂ ਆਬਸੈਸਡ ਹਾਂ ਤੇ ਇਹ ਗੱਲ ਮੇਰੀ ਬਰਦਾਸ਼ਤ ਤੋਂ ਬਾਹਰ ਹੈ ਕਿ ਉਹ ਮੂਰਖ ਤੇ ਪਾਗਲ ਸੀ। ਜੇ ਮੈਂ ਨੀਰੋ ਦੀ ਇੰਟਰਵਿਊ ਕੀਤੀ ਹੁੰਦੀ ਤਾਂ ਮੇਰਾ ਤੁਹਾਡੇ ਨਾਲ ਵਾਅਦਾ ਕਿ ਤੁਸੀਂ ਜਾਣ ਸਕਦੇ ਕਿ ਨੀਰੋ ਕੌਣ ਸੀ, ਕਿਹੋ ਜਿਹਾ ਸੀ, ਦਾਨਿਸ਼ਮੰਦ, ਸੱਚਾ ਤੇ ਸੁੱਚਾ।"

ਆਪਣੀ ਲਿਖਣ ਸ਼ੈਲੀ ਬਾਰੇ ਉਹ ਅਕਸਰ ਕਹਿੰਦੀ ਹੁੰਦੀ ਸੀ- "ਮੇਰੀ ਮਾਂ ਮੈਨੂੰ ਕਹਿੰਦੀ ਹੁੰਦੀ ਸੀ- ਓਰਿਆਨਾ, ਜੋ ਵੀ ਲਿਖੇਂ, ਉਹ ਸਭ ਦੀ ਸਮਝ ਵਿਚ ਆਉਣਾ ਚਾਹੀਦਾ। ਚੀਜ਼ਾਂ ਨੂੰ ਗੁੰਝਲਦਾਰ ਬਣਾਉਣ ਦੀ ਕਦੇ ਕੋਸ਼ਿਸ਼ ਨਾ ਕਰੀਂ; ਤੇ ਮੈਂ ਹਮੇਸ਼ਾ ਆਪਣੀ ਮਾਂ ਦੀ ਸਿੱਖਿਆ 'ਤੇ ਅਮਲ ਕਰਦੀ ਰਹੀ ਹਾਂ। ਮੈਂ ਭਾਵੇਂ ਕਿਸੇ ਦੇਸ਼ ਦੇ ਰਾਸ਼ਟਰਪਤੀ ਨਾਲ ਗੱਲਬਾਤ ਕਰ ਰਹੀ ਹੋਵਾਂ ਜਾਂ ਕਿਸੇ ਪ੍ਰਧਾਨ ਮੰਤਰੀ ਨਾਲ, ਮੈਂ ਕਿਸੇ ਨੂੰ ਵੀ ਆਪਣੇ ਨਾਲ ਰਾਜਨੀਤੀ ਜਾਂ ਸਮਾਜ ਸ਼ਾਸਤਰ ਦੀ ਕੋਈ ਖੇਡ ਨਹੀਂ ਖੇਡਣ ਦਿੰਦੀ।"

ਓਰਿਆਨਾ ਫਲਾਚੀ ਨੇ ਇਕ ਥਾਂ ਲਿਖਿਆ ਹੈ- "ਬਸ਼ਰਤੇ ਪ੍ਰਭੂ ਹੁੰਦਾ ਤੇ ਜੇ ਮੈਂ ਉਹਦੀ ਇੰਟਰਵਿਊ ਕਰ ਸਕਦੀ ਤਾਂ ਮੈਂ ਉਹਦੇ ਕੋਲੋਂ ਜ਼ਰਾ ਵੀ ਨਾ ਡਰਦੀ, ਨਾ ਘਬਰਾਉਂਦੀ। ਮੇਰੇ ਕੋਲ ਉਹਨੂੰ ਪੁੱਛਣ ਲਈ ਬਹੁਤ ਸਾਰੇ ਸਵਾਲ ਨੇ- ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਉਹ ਆਪ ਨਾਜਾਇਜ਼ ਔਲਾਦ ਹੈ, ਤੇ ਕਿਉਂਕਿ ਉਹਨੇ ਅਜਿਹੀ ਜ਼ਿੰਦਗੀ ਦੀ ਕਾਢ ਕੱਢੀ ਜੋ ਮਰ ਜਾਂਦੀ ਹੈ, ਤੁਸੀਂ ਸਾਨੂੰ ਮੌਤ ਕਿਉਂ ਦਿੱਤੀ? ਕਿਉਂਕਿ ਅਸੀਂ ਜਨਮ ਲੈ ਚੁੱਕੇ ਹਾਂ, ਤੇ ਫਿਰ ਮਰੀਏ ਕਿਉਂ? ਤੇ ਇੱਥੋਂ ਹੀ ਸ਼ੁਰੂ ਕਰਦੀ ਕਿ ਤੁਸਾਂ ਅਜਿਹਾ ਕਿਉਂ ਕੀਤਾ? ਇਹ ਪੁੱਛਣ ਲਈ ਮੈਂ ਪ੍ਰਭੂ ਕੋਲੋਂ ਜ਼ਰਾ ਵੀ ਖ਼ੌਫ਼ ਨਾ ਖਾਂਦੀ।"

ਓਰਿਆਨਾ ਫਲਾਚੀ ਆਪਣੀ ਪ੍ਰਸਿੱਧ ਕਿਤਾਬ 'ਇੰਟਰਵਿਊ ਵਿਦ ਹਿਸਟਰੀ' ਵਿਚ ਸਾਡੇ ਲਈ ਕਈ ਕੰਮ ਦੀਆਂ ਗੱਲਾਂ ਲਿਖ ਗਈ ਹੈ: ਉਹ ਭਾਵੇਂ ਕਿਸੇ ਤਾਨਾਸ਼ਾਹ ਕੋਲ ਹੋਵੇ ਜਾਂ ਕਿਸੇ ਚੁਣੇ ਗਏ ਰਾਸ਼ਟਰਪਤੀ ਕੋਲ, ਭਾਵੇਂ ਕਿਸੇ ਹਤਿਆਰੇ ਜਨਰੈਲ ਕੋਲ ਹੋਵੇ ਜਾਂ ਕਿਸੇ ਹਰਮਨ ਪਿਆਰੇ ਨੇਤਾ ਕੋਲ, ਸੱਤਾ ਨੂੰ ਮੈਂ ਹਮੇਸ਼ਾ ਅਮਾਨਵੀ ਅਤੇ ਘ੍ਰਿਣਾਭਰੀ ਪ੍ਰਕਿਰਿਆ ਦੇ ਰੂਪ ਵਿਚ ਹੀ ਦੇਖਿਆ ਹੈ। ਦਮਨ ਦਾ ਵਿਰੋਧ ਕਰਨ ਨੂੰ ਮੈਂ ਹਮੇਸ਼ਾ ਜਾਦੂ ਦਾ ਇਸਤੇਮਾਲ ਕਰਨ ਵਾਲੇ ਸਭ ਤੋਂ ਚੰਗੇ ਤਰੀਕੇ ਦੇ ਤੌਰ 'ਤੇ ਦੇਖਿਆ ਹੈ ਜਿਸ ਨੂੰ ਜਨਮ ਲੈਣਾ ਕਿਹਾ ਜਾਂਦਾ ਹੈ।

ਅੱਗੇ ਜਾ ਕੇ ਉਹ ਲਿਖਦੀ ਹੈ: "ਮੇਰੇ ਸਵਾਲ ਬੜੀ ਕਰੂਰ ਕਿਸਮ ਦੇ ਹੁੰਦੇ ਨੇ ਕਿਉਂਕਿ ਸੱਚ ਦੀ ਖੋਜ ਕਰਨੀ ਸਰਜਰੀ ਕਰਨ ਵਰਗਾ ਕੰਮ ਹੁੰਦਾ ਹੈ ਤੇ ਇਹਦੇ ਨਾਲ ਪੀੜ ਵੀ ਹੁੰਦੀ ਏ। ਉਹਦੇ ਲਈ ਵੱਡੇ ਹੌਸਲੇ ਦੀ ਲੋੜ ਵੀ ਹੁੰਦੀ ਏ।"

ਓਰਿਆਨਾ ਦੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ ਜਦੋਂ ਉਹਨੇ ਵੀਅਤਨਾਮ ਦੇ ਸਭ ਤੋਂ ਵੱਡੇ ਭ੍ਰਿਸ਼ਟ ਤਾਨਾਸ਼ਾਹ ਨਿਗੁਐਨ ਵਾਨ ਥਿਊ ਦੀ ਇੰਟਰਵਿਊ ਲੈਣ ਵੇਲੇ ਪਹਿਲਾ ਸਵਾਲ ਇਹ ਪੁੱਛਿਆ ਸੀ- "ਇਹ ਦੱਸੋ, ਤੁਸੀਂ ਕਿੰਨੇ ਕੁ ਭ੍ਰਿਸ਼ਟ ਹੋ?"

# 'ਸੁੱਚਾ ਗੁਲਾਬ' ਇੱਕ ਸੁੱਚੀ ਲਿਖਤ

ਅਮਰੀਕਾ ਵੱਸਦੀ ਗਲਪਕਾਰ ਅਮਰਜੀਤ ਪੰਨੂੰ ਪਰਵਾਸੀ ਪੰਜਾਬੀ ਕਹਾਣੀ ਵਿੱਚ ਜਾਣਿਆ-ਪਛਾਣਿਆ ਨਾਂ ਹੈ। ਹੁਣੇ ਜਿਹੇ ਉਸਦਾ ਨਵਾਂ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' ਪ੍ਰਕਾਸ਼ਿਤ ਹੋਇਆ ਹੈ। ਇਸਤੋਂ ਪਹਿਲਾਂ ਵੀ ਉਸਦੇ ਦੋ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇੱਕ ਨਾਵਲ ਅੰਗਰੇਜ਼ੀ ਵਿਚ ਵੀ ਛਪਿਆ ਹੈ। ਅੱਜ ਅਸੀਂ 'ਸੁੱਚਾ ਗੁਲਾਬ' ਬਾਰੇ ਗੱਲ ਕਰਨੀ ਹੈ। ਇਸ ਵਿਚ ਉਹਦੀਆਂ ਗਿਆਰਾਂ ਕਹਾਣੀਆਂ ਸ਼ਾਮਲ ਹਨ।



ਇਨ੍ਹਾਂ ਕਹਾਣੀਆਂ ਵਿਚ ਪਰਵਾਸ ਭੋਗਦੇ ਪੰਜਾਬੀਆਂ ਦੇ ਜੀਵਨ

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਦੀਆਂ ਵਿਭਿੰਨ ਝਾਕੀਆਂ ਪ੍ਰਸਤੁੱਤ ਹੋਈਆਂ ਹਨ। ਪਰਵਾਸ ਧਾਰਨ ਕਰਨ ਵਾਲੇ ਲੋਕ ਆਪਣੇ ਮੂਲ ਸਭਿਆਚਾਰ ਨਾਲ ਜੁੜੇ ਜੜ੍ਹ-ਸੰਸਕਾਰ ਵੀ ਲੈ ਕੇ ਆਉਂਦੇ ਹਨ। ਇਨ੍ਹਾਂ ਸੰਸਕਾਰਾਂ ਦਾ ਮੂਲ ਅਮਰੀਕੀ ਸਭਿਆਚਾਰ ਨਾਲ ਇਕ ਤਨਾਓਸ਼ੀਲ ਤੇ ਟਕਰਾਵਾਂ ਰਿਸ਼ਤਾ ਬਣਦਾ ਹੈ। ਪਰਵਾਸ ਵਿਚ ਰਹਿੰਦਿਆਂ ਪੁਰਾਣੇ ਸਭਿਆਚਾਰ ਦੀਆਂ ਵਧੀਆਂ ਹੋਈਆਂ ਨੁੱਕਰਾਂ ਜਦੋਂ ਮੂਲ ਸਭਿਆਚਾਰ ਨਾਲ ਟਕਰਾਉਂਦੀਆਂ ਹਨ ਤਾਂ ਇਸ ਵਿਚੋਂ ਚੰਗਿਆੜੇ ਵੀ ਨਿਕਲਦੇ ਹਨ, ਤਿੱਖੀਆਂ ਨੁਕਰਾਂ ਭੁਰ ਕੇ ਗੋਲ ਵੀ ਹੁੰਦੀਆਂ ਹਨ ਤੇ ਨਵੇਂ ਸਭਿਆਚਾਰਕ ਵਹਾਉ ਮੁਤਾਬਕ ਰਵਾਂ ਚਾਲ ਵਿਚ ਢਲਣਾ ਵੀ ਸਿੱਖ ਜਾਂਦੀਆਂ ਹਨ। ਚੰਗੇ ਸਾਹਿਤਕਾਰ ਕੋਲ ਸਮੁੱਚੇ ਵਰਤਾਰੇ ਨੂੰ ਸਮਝਣ ਵਾਲੀ ਨਜ਼ਰ ਚਾਹੀਦੀ ਹੈ। ਲੇਖਕ ਜੀਵਨ ਦੇ ਖਿਲਾਰੇ ਵਿਚੋਂ ਜਦੋਂ ਲਿਖਣ ਲਈ ਵਸਤੂ ਦੀ ਚੋਣ ਕਰਦਾ ਹੈ ਤਾਂ ਇਸ ਪਿੱਛੇ ਉਹਦਾ ਵਿਸ਼ੇਸ਼ ਨਜ਼ਰੀਆ ਹੀ ਕੰਮ ਕਰਦਾ ਹੈ। ਉਹ ਹਿਮਾਲਾ ਪਹਾੜ ਨਹੀਂ ਚੁੱਕਦਾ। ਉਹ ਸੰਜੀਵਨੀ ਬੂਟੀ ਚੁੱਕਦਾ ਹੈ, ਜਾਂ ਚੁੱਕਣੀ ਹੈ। ਪਰ ਲੇਖਕ ਕੋਲ ਸੰਜੀਵਨੀ ਬੂਟੀ ਲੱਭਣ ਦੀ ਨਜ਼ਰ ਚਾਹੀਦੀ ਹੈ। ਨਹੀਂ ਤਾਂ ਫਾਲਤੂ ਦਾ ਝਾੜ-ਬੂਟ ਪੁੱਟ ਲਿਆਵੇਗਾ। ਅਮਰਜੀਤ ਪੰਨੂ ਕੋਲ ਇਹ ਨਜ਼ਰੀਆ ਹੈ। ਉਹ ਜਾਣਦੀ ਹੈ ਕਿ ਵਸਤੂ-ਚੋਣ ਕਰਨ ਲੱਗਿਆਂ ਉਸਨੇ ਕੀ ਰੱਖਣਾ ਤੇ ਕੀ ਛੱਡਣਾ ਹੈ।

ਅਸੀਂ ਇਨ੍ਹਾਂ ਕਹਾਣੀਆਂ ਦੀ ਗੱਲ ਕਰਨ ਲੱਗਿਆਂ ਇਸ ਨਜ਼ਰੀਏ ਦੇ ਹਵਾਲੇ ਨਾਲ ਬਹੁਤੀ ਗੱਲ ਕਰਨੀ ਹੈ। ਭਾਵੇਂ ਕਿ ਅਸੀਂ ਇਹ ਵੀ ਵੇਖਾਂਗੇ ਕਿ ਵਿਸ਼ੇਸ਼ ਨਜ਼ਰੀਏ ਤੋਂ ਚੁਣੀ ਵਸਤੂ ਨੂੰ ਕਹਾਣੀ ਵਿਚ ਢਾਲਦਿਆਂ ਉਹ ਕਹਾਣੀ 'ਬਣਾ' ਵੀ ਸਕੀ ਹੈ ਜਾਂ ਨਹੀਂ? ਇੰਝ ਸਹਿਵਨ ਹੀ ਅਸੀਂ ਉਹਦੀ ਕਹਾਣੀ ਕਹਿਣ ਦੀ ਜੁਗਤ ਨੂੰ ਵੀ ਵੇਖਣ ਪੜਤਾਲਣ ਦੀ ਕੋਸ਼ਿਸ਼ ਕਰਾਂਗੇ।

ਪਹਿਲਾਂ ਅਸੀਂ 'ਸੁੱਚਾ ਗੁਲਾਬ' ਕਹਾਣੀ ਬਾਰੇ ਗੱਲ ਕਰਦੇ ਹਾਂ। ਇਹ ਸੁੱਚੀ ਮੁਹੱਬਤ ਦੀ, ਸੁੱਚੇ ਅੰਦਾਜ਼ ਵਿਚ ਲਿਖੀ ਕਹਾਣੀ ਹੈ। ਇਹ ਮੁਹੱਬਤ ਵਿਚ ਸਮਰਪਣ ਦੀ ਕਹਾਣੀ ਹੈ। 'ਸੁੱਚਾ ਗੁਲਾਬ' ਸੂਖ਼ਮ ਅਹਿਸਾਸ ਦੀ ਕਹਾਣੀ ਹੈ। ਜਸਟਿਨ ਮਰ ਕੇ ਵੀ ਸੁਖਬੀਰ ਦੇ ਚੇਤਿਆਂ ਵਿਚ ਜਿਊਂਦਾ ਰਹਿੰਦਾ ਹੈ। ਉਮਰ ਭਰ ਉਹ ਉਹਦੀ ਯਾਦ ਵਿਚ ਕਦੀ ਦੁੱਖ ਵਿਚ ਤਪਦੀ ਹੈ, ਕਦੀ ਸਹਿਜ ਮੁਹੱਬਤ ਦੀ ਬਰਸਾਤ ਵਿਚ ਭਿੱਜਦੀ ਰਹੀ ਹੈ। ਜਸਟਿਨ ਉਹਦੀ ਜ਼ਿੰਦਗੀ ਵਿਚ ਅਚਨਚੇਤ ਪ੍ਰਵੇਸ਼ ਕਰਦਾ ਹੈ ਤੇ ਅਚਨਚੇਤ ਹੀ ਕੈਂਸਰ ਦੀ ਬੀਮਾਰੀ ਨਾਲ ਉਹਦੇ ਜੀਵਨ ਵਿਚੋਂ ਗ਼ੈਰ-ਹਾਜ਼ਰ ਹੋ ਜਾਂਦਾ ਹੈ। ਆਪਣੇ ਮਿਲਾਪ ਦੇ ਨਿੱਕੇ ਜਿਹੇ ਕਾਲ-ਖੰਡ ਵਿਚ ਉਹ ਇੱਕ ਦੂਜੇ ਨਾਲ ਮੁਹੱਬਤ ਦੇ ਸੂਖ਼ਮ ਰਿਸ਼ਤੇ ਵਿਚ ਬੱਝ ਜਾਂਦੇ ਹਨ। ਦੋਵੇਂ ਇੱਕ ਦੂਜੇ ਨੂੰ ਸਮਰਪਿਤ ਹੋ ਜਾਂਦੇ ਹਨ। ਪਰ ਹੋਣੀ ਵਾਪਰਦੀ ਹੈ ਤੇ ਜਸਟਿਨ ਲੁਕੀਮੀਆ ਦਾ ਸ਼ਿਕਾਰ ਹੋ ਕੇ ਸਦੀਵੀ ਦਰਦ ਦੇ ਕੇ ਸੁਖਬੀਰ ਦੇ ਜੀਵਨ ਵਿਚੋਂ ਅਲੋਪ ਹੋ ਜਾਂਦਾ ਹੈ। ਪਰ ਕੀ ਉਹ ਚਲਾ ਗਿਆ ਹੈ? ਮੈਨੂੰ ਪ੍ਰਵੀਨ ਸ਼ਾਕਿਰ ਦਾ ਇੱਕ ਸ਼ਿਅਰ ਯਾਦ ਆ ਰਿਹਾ ਹੈ:

ਵੋਹ ਤੋ ਖ਼ੁਸ਼ਬੂ ਹੈ, ਹਵਾਉਂ ਮੇਂ ਬਿਖ਼ਰ ਜਾਏਗਾ।
ਮਸਲਾ ਫੂਲ ਕਾ ਹੈ, ਫੂਲ ਕਿਧਰ ਜਾਏਗਾ?

ਜਸਟਿਨ ਤਾਂ ਖ਼ੁਸ਼ਬੂ ਬਣ ਕੇ ਹਵਾਵਾਂ ਵਿੱਚ ਬਿਖ਼ਰ ਗਿਆ ਹੈ, ਪਰ ਪਿੱਛੇ ਖ਼ੁਸ਼ਬੂ-ਰਹਿਤ ਫੁੱਲ ਬਣੀ ਸੁਖਬੀਰ ਉਮਰ ਭਰ ਦਾ ਵੈਰਾਗ਼ ਕਲੇਜੇ ਨਾਲ ਲਾ ਕੇ ਬਹਿ ਜਾਂਦੀ ਹੈ। ਵੇਖਣ ਨੂੰ ਪਹਿਲੀ ਸਤਹ ਤੇ 'ਸੁੱਚਾ ਗੁਲਾਬ' ਨਾਂ ਜਸਟਿਨ ਨੂੰ ਸਮਰਪਿਤ ਹੈ। ਸੁੱਚਾ ਉਹ ਇਸ ਕਰ ਕੇ ਹੈ ਕਿ ਉਹਦੇ ਰਿਸ਼ਤੇ ਵਿਚ ਕੋਈ ਮੈਲ ਨਹੀਂ। ਪ੍ਰੇਮਿਕਾ ਦਾ ਸਰੀਰ ਭੋਗਣ ਦੀ ਲਾਲਸਾ ਨਾਲੋਂ ਵਧੇਰੇ ਉਹਦੀ ਪ੍ਰੀਤ ਸਹਿਜ ਪ੍ਰੀਤ ਹੈ। ਇਹ ਰਿਸ਼ਤਾ ਸਰੀਰਕ ਨਾਲੋਂ ਆਤਮਿਕ ਵਧੇਰੇ ਸੀ। ਤੇ ਇਹ ਪ੍ਰਸਪਰ ਰਿਸ਼ਤਾ ਦੋਵਾਂ ਪਾਤਰਾਂ ਵੱਲੋਂ ਸੀ। ਸੁੱਚਾ ਗੁਲਾਬ ਜਸਟਿਨ ਹੀ ਨਹੀਂ ਸਗੋਂ ਸੁਖਬੀਰ ਵੀ ਸੁੱਚਾ ਗੁਲਾਬ ਹੀ ਹੈ। ਕਹਾਣੀ ਦਾ ਨਾਂ ਇੱਕੋ ਵੇਲੇ ਕਈ ਅਰਥਾਂ ਵਿਚ ਰੌਸ਼ਨ ਹੁੰਦਾ ਹੈ। ਸੁੱਚਾ ਗੁਲਾਬ ਦੋਵੇਂ ਪ੍ਰੇਮੀ ਵੀ ਹਨ ਤੇ ਸੁੱਚੇ ਗੁਲਾਬ ਵਰਗੀ ਹੀ ਉਨ੍ਹਾਂ ਦੀ ਮੁਹੱਬਤ ਹੈ।

ਸੁੱਚਾ ਗੁਲਾਬ ਨਾਂ ਵੀ ਕਾਵਿਕ ਹੈ ਤੇ ਪ੍ਰਤੀਕਾਤਮਕ। ਮੁਹੱਬਤ ਦਾ ਪ੍ਰਤੀਕ। ਰਿਸ਼ਤੇ ਦੀ ਖ਼ੁਸ਼ਬੂ ਹੈ ਇਸ ਵਿਚ। ਇਸ ਰਿਸ਼ਤੇ ਵਿਚ ਭਿੱਜੀਆਂ ਹੋਈਆਂ ਅੱਖਾਂ ਦੀ ਤੱਕਣੀ ਹੈ। ਮਾਸੂਮ ਹੱਥ-ਛੋਹਾਂ ਨੇ। ਧੀਮੇ, ਮਿੱਠੇ ਤੇ ਪਿਆਰੇ ਬੋਲ ਹਨ। ਵਿਸ਼ੇ ਮੁਤਾਬਕ ਕਹਾਣੀ ਦੀ ਭਾਸ਼ਾ ਵੀ ਸੁਹਜਾਤਮਕ ਹੈ। ਕਿਸੇ ਵੀ ਰਚਨਾ ਵਿਚ ਭਾਸ਼ਾ ਦਾ ਬਹੁਤ ਮਹੱਤਵ ਹੁੰਦਾ ਹੈ। ਭਾਸ਼ਾ ਭਾਵੇਂ ਬਿਰਤਾਂਤ ਦੀ ਹੋਵੇ, ਭਾਵੇਂ ਪਾਤਰਾਂ ਦੀ ਉਚਾਰਣੀ ਭਾਸ਼ਾ ਹੋਵੇ। ਅਮਰਜੀਤ ਦੀ ਖ਼ੂਬੀ ਹੈ ਕਿ ਉਹਨੇ ਇਸ ਰਿਸ਼ਤੇ ਦੇ ਹਾਣ ਦੀ ਭਾਸ਼ਾ ਸਿਰਜੀ ਹੈ। ਕਹਾਣੀ ਦੀ ਭਾਸ਼ਾ ਸੂਖ਼ਮ ਤੇ ਕਾਵਿਕ ਹੈ ਕਿਉਂਕਿ ਇਹ ਰਿਸ਼ਤਾ ਹੀ ਸੂਖ਼ਮ ਤੇ ਰੋਮਾਂਟਿਕ ਹੈ। ਜਸਟਿਨ ਦਾ ਅਚਨਚੇਤ ਪਿਆਰ ਹੋ ਜਾਣਾ। ਸੁਭਾਵਕ ਹੈ। ਉਹਨੂੰ ਕੈਂਸਰ ਹੋਣਾ ਵੀ ਸੁਭਾਵਕ ਹੈ। ਭਾਵੇਂ ਇਹ ਸੁਖਬੀਰ ਦੀ ਜ਼ਿੰਦਗੀ ਦਾ ਪ੍ਰਤੀਨਿਧ ਯਥਾਰਥ ਨਾ ਵੀ ਹੋਵੇ ਤੇ ਕਿਸੇ ਦੀ ਮੁਹੱਬਤ ਨੂੰ ਯਾਦ ਬਣਾ ਕੇ ਦਿਲ ਨਾਲ ਲਾ ਕੇ ਜੀਵਨ ਬਿਤਾ ਦੇਣਾ ਵਿਕੋਲੋਤਰੀ ਹਕੀਕਤ ਹੀ ਲੱਗਦੀ ਹੋਵੇ ਪਰ ਵਿਕਲੋਤਰੀ ਹਕੀਕਤ ਵੀ ਤਾਂ ਹਕੀਕਤ ਹੁੰਦੀ ਹੈ। ਕਿਸੇ ਕਰੜੇ ਯਥਾਰਥਕ ਆਲੋਚਕ ਨੂੰ ਇਸ ਰਿਸ਼ਤੇ ਨੂੰ ਉਮਰ ਭਰ ਖਿੱਚੀ ਰੱਖਣਾ, ਹਕੀਕੀ ਨਾਲੋਂ ਵੱਧ ਰੋਮਾਂਟਿਕ ਹੀ ਕਿਉਂ ਨਾ ਲੱਗਦਾ ਹੋਵੇ ਤਾਂ ਵੀ ਕਥਾਕਾਰ ਦੀ ਵਿਸ਼ੇਸ਼ਤਾ ਹੈ ਕਿ ਉਸ ਨੇ ਇਸ ਵਿਕੋਲੋਤਰੇ ਰਿਸ਼ਤੇ ਦੇ ਯਥਾਰਥ ਨੂੰ ਬੜੇ ਮੰਨਣਯੋਗ ਢੰਗ ਨਾਲ ਬੁਣਿਆ ਹੈ। ਕਹਾਣੀ ਵਿਚ ਦਰਦ ਦਾ ਅਹਿਸਾਸ ਨਾਲ ਨਾਲ ਤੁਰਦਾ ਹੈ। ਇਹ ਸਾਰੀ ਉਮਰ ਦੀ ਖ਼ੁਸ਼ਬੂਦਾਰ ਮੁਹੱਬਤ ਦੀ ਕਹਾਣੀ ਹੈ। ਇਸ ਮੁਹੱਬਤ ਵਿਚ ਕਿਧਰੇ ਵੀ ਸ਼ੋਰ ਨਹੀਂ। ਤਾਰਿਆਂ ਭਰੀ ਰਾਤ ਦੀ ਡੂੰਘੀ ਖ਼ਾਮੋਸ਼ੀ ਹੈ। ਸੁਖਬੀਰ ਨੇ ਇਸ ਖ਼ਾਮੋਸ਼ ਮੁਹੱਬਤ ਦੇ ਬੂਟੇ ਨੂੰ ਗੁਲਾਬ ਦੇ ਬੂਟੇ ਵਾਂਙ ਵਿਹੜੇ ਵਿਚ ਹੀ ਨਹੀਂ ਲਾਇਆ, ਸਗੋਂ ਇਹ ਬੂਟਾ ਸਾਰੀ ਉਮਰ ਉਹਦੇ ਦਿਲ ਵਿਚ ਖ਼ਿੜਦਾ ਰਿਹਾ ਹੈ। ਸੁਖਬੀਰ ਇਸ ਬੂਟੇ ਨੂੰ ਸੁੱਕਣ ਨਹੀਂ ਦੇਣਾ ਚਾਹੁੰਦੀ। ਚਿੰਨ੍ਹਾਤਮਕ ਰੂਪ ਵਿਚ ਲੰਮੀ ਪਾਈਪ ਲਿਆ ਕੇ ਸੁੱਕੇ ਬੂਟਿਆਂ ਨੂੰ ਪਾਣੀ ਦੇਣ ਦੇ ਖ਼ਿਆਲ ਨਾਲ ਕਹਾਣੀ ਦਾ ਅੰਤ ਕਰਨਾ ਆਸ਼ਾਵਾਦੀ ਨਜ਼ਰੀਏ ਦਾ ਪ੍ਰਤੀਕ ਹੈ। ਦੁੱਖ 'ਚੋਂ ਉੱਭਰਨ ਦਾ ਸੁਨੇਹਾ ਹੈ।

ਅਮਰਜੀਤ ਨੂੰ ਪਾਤਰਾਂ ਦੀ ਭਾਸ਼ਾ ਨੂੰ ਯਥਾਰਥਕ ਰੂਪ ਵਿਚ ਵਰਤਣ ਦਾ ਹੁਨਰ ਆਉਂਦਾ ਹੈ। ਉਚਾਰਣੀ ਭਾਸ਼ਾ ਦਾ ਕਮਾਲ ਹੈ ਕਿ ਪਾਤਰ ਗੱਲਾਂ ਕਰਦੇ ਸਜਿੰਦ ਰੂਪ ਵਿਚ ਦਿਸਣ ਲੱਗ ਜਾਂਦੇ ਹਨ। ਪਰਵਾਸੀ ਕਹਾਣੀ ਵਿਚ ਅਜਿਹੀ ਯਥਾਰਥਕ ਉਚਾਰਣੀ ਭਾਸ਼ਾ ਸਿਰਜਣਾ ਅਮਰਜੀਤ ਦਾ ਭਾਸ਼ਾਈ ਕਮਾਲ ਹੈ। ਜਸਟਿਨ ਦਾ ਪੰਜਾਬੀ ਦੇ ਸ਼ਬਦ ਸਿੱਖਣ ਦੀ ਚਾਹਤ ਇੱਕ ਤਰ੍ਹਾਂ ਦੂਜੇ ਸਭਿਆਚਾਰ ਨਾਲ ਜੁੜਨ ਅਤੇ ਇਕ ਦੂਜੇ ਨੂੰ ਸਪੇਸ ਦੇਣ ਦਾ ਸਭਿਆਚਾਰਕ ਯਤਨ ਤਾਂ ਹੈ ਹੀ ਪਰ ਸੁਖਬੀਰ ਵੱਲੋਂ ਉਸਨੂੰ ਪੰਜਾਬੀ ਦਾ ਉਚਾਰਣ ਸਿਖਾਉਣ ਲਈ ਕੀਤੇ ਯਤਨਾਂ ਦੇ ਪ੍ਰਸੰਗ ਵਿਚ ਜਿਹੜੀ ਭਾਸ਼ਾ ਸਿਰਜਿਤ ਹੁੰਦੀ ਹੈ, ਉਹ ਪਰਵਾਸੀ ਅਮਰੀਕੀ ਕਹਾਣੀ ਵਿਚ ਇਕ ਨਵੇਂ ਰੰਗ ਦਾ ਪ੍ਰਵੇਸ਼ ਹੈ।

ਇੱਕ ਹੋਰ ਪੱਖੋਂ ਅਮਰੀਕੀ ਪੰਜਾਬੀ ਕਹਾਣੀ ਵਿਚ ਇਹ ਕਹਾਣੀ ਨਵਾਂ ਵਿਸਥਾਰ ਹੈ। ਉਹ ਹੈ ਕਹਾਣੀ ਵਿਚ ਪੰਜਾਬਣ ਅਮਰੀਕੀ ਕੁੜੀ ਦਾ ਗੋਰੇ ਜਸਟਿਨ ਨਾਲ ਮੁਹੱਬਤ ਦੇ ਬਿਰਤਾਂਤ ਰਾਹੀਂ ਅੰਤਰ-ਸਭਿਆਚਾਰੀਕਰਨ ਜਾਂ ਸਭਿਆਚਾਰਕ ਅਨੁਕੂਲਣ ਦੀ ਪ੍ਰਕਿਰਿਆ ਦਾ ਸਹਿਜ ਪ੍ਰਵੇਸ਼ ਹੋ ਜਾਣਾ। ਇੰਝ ਕਹਾਣੀ ਦੋ ਸਭਿਆਚਾਰਾਂ ਦੇ ਇਕ ਦੂਜੇ ਪ੍ਰਤੀ ਟਕਰਾਉ/ਤਣਾਉ ਦੀ ਥਾਂ ਆਪਸੀ ਸਵੀਕ੍ਰਿਤੀ ਦੇ ਪ੍ਰਤੀਮਾਨ ਨੂੰ ਸਿਰਜਦੀ ਸਾਰਥਿਕ ਸੁਨੇਹਾ ਦਿੰਦੀ ਹੈ।

'ਵੰਡਰ ਵੁਮੈਨ' ਕਹਾਣੀ ਅਸਲ ਵਿਚ ਔਰਤ ਦੀ ਹੋਂਦ ਤੇ ਹਸਤੀ ਮੁਖ਼ਾਤਬ ਹੈ। ਆਸ਼ੀ ਦੇ ਆਨੰਦ ਕਾਰਜ ਦੇ ਵਰਤਮਾਨ ਬਿਰਤਾਂਤ ਤੋਂ ਕਹਾਣੀ ਪਿਛਲਝਾਤ ਰਾਹੀਂ ਉਸ ਪੰਜਾਬੀ ਮਾਨਸਿਕਤਾ ਦੀ ਨਿਸ਼ਾਨਦੇਹੀ ਕਰਦੀ ਹੈ ਜਿਸ ਮੁਤਾਬਕ ਧੀਆਂ ਦਾ ਜਨਮ ਲੈਣਾ 'ਭਾਰ' ਸਮਝਿਆ ਜਾਂਦਾ ਸੀ/ਹੈ। ਪਰਿਵਾਰ ਵਿਚ ਧੀਆਂ ਦਾ ਜਨਮ ਹਨੇਰੀ ਆਉਣ, ਹਨੇਰ ਪੈਣ ਦੇ ਚਿਨ੍ਹਾਂ ਰਾਹੀਂ ਪ੍ਰਗਟ ਹੋਇਆ ਹੈ ਜਦ ਕਿ ਪੁੱਤ ਦੇ ਜਨਮ ਦੀ ਇੱਛਾ ਮੀਂਹ ਪੈਣ ਵਾਂਗ ਬਿਆਨੀ ਗਈ ਹੈ। ਦਿਲਚਸਪ ਗੱਲ ਹੈ ਕਿ ਚੌਥੀ ਧੀ ਦਾ ਜਨਮ ਪਿਉ ਲਈ ਪ੍ਰਿੰਸੈਸ ਜਾਂ ਪਰੀ ਦੇ ਆ ਜਾਣ ਨਾਲ ਸਵੀਕਾਰਿਆ ਗਿਆ ਹੈ, ਪਰ ਘਰ ਦੀਆਂ ਔਰਤਾਂ (ਭਾਵੇਂ ਭੂਆ ਹੋਵੇ ਜਾਂ ਦਾਦੀ) ਲਈ ਧੀਆਂ ਦਾ ਜਨਮ ਸਮਾਜ ਵਿਚ ਨਮੋਸ਼ੀ ਹੈ। ਪਿਤਰ-ਸੱਤਾ ਇਕ ਵਿਚਾਰਧਾਰਾ ਹੈ ਤੇ ਇਹ ਵਿਚਾਰਧਾਰਾ ਮਰਦ-ਮਾਨਸਿਕਤਾ ਦਾ ਹੀ ਹਿੱਸਾ ਨਹੀਂ, ਔਰਤ ਵੀ ਏਸੇ ਮਰਦ-ਮਾਨਸਿਕਤਾ ਦਾ ਸ਼ਿਕਾਰ ਹੈ ਤੇ ਪਿੱਤਰ-ਸੱਤਾ ਔਰਤ ਦੀ ਵੀ ਵਿਚਾਰਧਾਰਕ ਕੀਮਤ ਬਣ ਚੁੱਕੀ ਹੈ। ਅਮਰਜੀਤ ਦੀ ਦੀਰਘ ਦ੍ਰਿਸ਼ਟੀ ਇਸ ਸੱਚ ਨੂੰ ਪਛਾਣਦੀ ਹੈ। ਤੀਜੀ ਕੁੜੀ ਦੇ ਜਨਮ ਵੇਲੇ ਭੂਆ ਧਾਹ ਮਾਰਦੀ ਘਰ ਵੜੀ। ਝੋਟੀ ਤੇ ਹੋਰ ਸਮਾਨ ਲੈ ਗਈ, ਪਰ ਲੱਡੂ ਨਹੀਂ ਲੈ ਕੇ ਗਈ ਕਿਉਂਕਿ ਕੁੜੀ ਦੇ ਜਨਮ ਲੈਣ 'ਤੇ ਲੱਡੂ ਸ਼ਰੀਕੇ ਵਿਚ ਨਹੀਂ ਵੰਡੇ ਜਾਂਦੇ। ਚੌਥੀ ਧੀ ਦੇ ਜੰਮਣ 'ਤੇ ਤਾਂ 'ਕੋਈ ਵੀ' ਨਹੀਂ ਆਇਆ। ਆਸ਼ੀ ਦੇ ਜਨਮ 'ਤੇ ਵੀ ਦਾਦੀ ਨੇ ਲਿਖਿਆ ਸੀ, 'ਜੇ ਰੱਬ ਪੁੱਤ ਦੇ ਦਿੰਦਾ ਤਾਂ ਮੇਰੇ ਪੁੱਤ ਦੀਆਂ ਬਾਹਵਾਂ ਬਣਦਾ।' ਪਰ ਆਸ਼ੀ ਬਾਰੇ ਇਕ ਸ਼ਬਦ ਨਹੀਂ ਲਿਖਿਆ।

ਕਿਹਾ ਜਾ ਸਕਦਾ ਹੈ ਧੀਆਂ ਦੀ ਬੇਕਦਰੀ ਲਈ ਮਰਦ ਹੀ ਨਹੀਂ, ਔਰਤ ਵੀ ਬਰਾਬਰ ਦੀ ਸ਼ਰੀਕ ਹੈ। ਆਸ਼ੀ ਦੇ ਜਨਮ, ਉਹਦੇ ਪਾਲਣ-ਪੋਸਣ ਰਾਹੀਂ ਮੁੱਖ ਪਾਤਰ ਪਿੱਤਰ-ਸੱਤਾ ਦੀ ਵਿਚਾਰਧਾਰਕ ਗੁਲਾਮੀ ਤੋਂ ਮੁਕਤ ਹੋ ਕੇ ਧੀ ਨੂੰ ਮਾਨਵ ਵਾਂਙ ਪਿਆਰਦੀ ਤੇ ਪਾਲਦੀ ਹੈ। ਇਹ ਕਹਾਣੀ ਧੀਆਂ ਨਾਲ ਮੁਹੱਬਤ ਦੇ ਜਜ਼ਬੇ ਨੂੰ ਮਜ਼ਬੂਤ ਕਰਨ ਵਾਲੀ ਕਹਾਣੀ ਹੈ। ਇਹ ਕਹਾਣੀ ਸਥਾਪਤ ਕਰਦੀ ਹੈ ਕਿ ਧੀਆਂ ਹਨੇਰੀ ਜਾਂ ਹਨੇਰ ਨਹੀਂ ਹੁੰਦੀਆਂ ਸਗੋਂ ਸਤਰੰਗੀ ਪੀਂਘ ਵਾਂਙ ਮਾਂਵਾਂ ਦੇ ਜੀਵਨ ਵਿਚ ਸੱਤ ਰੰਗ ਬਿਖ਼ੇਰਨ ਵਾਲੀਆਂ ਹੁੰਦੀਆਂ ਨੇ। ਧੀਆਂ ਮਾਂਵਾਂ ਦੀ ਧਿਰ ਹੁੰਦੀਆਂ। ਧੀਆਂ ਵੰਡਰ ਵੁਮੈਨ ਹੁੰਦੀਆਂ। ਦਿਲਾਂ ਦੀਆਂ ਬੁੱਝਣ ਵਾਲੀਆਂ, ਮਾਵਾਂ ਦੇ ਦਿਲਾਂ ਦਾ ਦਰਦ ਪੀ ਜਾਣ ਵਾਲੀਆਂ। ਧੀਆਂ ਨਾਲ ਮੁਹੱਬਤ ਗੂੜ੍ਹੀ ਕਰਦੀ ਹੈ ਕਹਾਣੀ।

ਬਹੁਤ ਹੀ ਸੂਖ਼ਮ ਕਹਾਣੀ ਹੈ। ਕਹਾਣੀ ਪੜ੍ਹਦਿਆਂ ਖ਼ੁਸ਼ੀ, ਦੁੱਖ, ਮੁਸਕਾਣ, ਖੇੜਾ, ਖ਼ੁਸ਼ਬੂ ਕਿੰਨਾ ਕੁਝ ਇਕੋ ਵਾਰ ਮਨ ਵਿਚ ਜਗ ਪੈਂਦਾ ਹੈ।

ਕਹਾਣੀ ਖ਼ੁਸ਼ੀ ਦੇ ਪਲਾਂ ਤੋਂ ਸ਼ੁਰੂ ਹੋ ਕੇ ਯਾਦਾਂ ਦੇ ਪ੍ਰਛਾਵਿਆਂ ਵਿਚੋਂ ਲੰਘਦੀ ਹੈ, ਜੋ ਪ੍ਰਛਾਵੇਂ ਆਸ਼ੀ ਦੇ ਸਿਰ 'ਤੇ ਚੌਰ ਵਾਂਗ ਝੂਲਦੇ ਹਨ, ਖ਼ੁਸ਼ੀ ਦਾ ਪ੍ਰਤੀਕ ਬਣ ਕੇ। ਪਰ ਉਦਾਸੀ ਵੀ ਹੈ। ਪ੍ਰਛਾਵਾਂ ਹੁੰਦਾ ਹੀ ਉਥੇ ਹੈ ਜਿੱਥੇ ਬੰਦਾ ਚਾਨਣ ਵੱਲ ਪਿੱਠ ਕਰਦਾ ਹੈ।

ਕਹਾਣੀ ਦੇ ਹੋਰ ਪਸਾਰ ਵੀ ਹਨ। ਮਸਲਨ; ਆਸ਼ੀ ਦਾ ਬਾਪ ਗੋਰੀ 'ਤੇ ਮੋਹਿਤ ਹੋ ਕੇ ਉਹਦੀ ਮਾਂ ਨੂੰ ਛੱਡ ਗਿਆ ਪਰ ਉਹਦੇ ਨਾਲ ਵੀ ਵਫ਼ਾਦਾਰ ਨਾ ਰਿਹਾ। ਪਰ ਇਹ ਵੀ ਹਕੀਕਤ ਹੈ ਕਿ ਜ਼ਿੰਦਗੀ ਦੀ ਰਵਾਂ, ਸੰਤੁਲਤ, ਸੰਤੁਸ਼ਟ ਤੇ ਸਹਿਜ ਤੋਰ ਵਾਸਤੇ ਮਰਦ-ਔਰਤ ਦਾ ਸੁੰਦਰ ਸੰਜੋਗ ਲੋੜੀਂਦਾ ਹੈ। ਦੋਵਾਂ ਵਿਚੋਂ ਇਕ ਨਾ ਹੋਵੇ ਤਾਂ ਉਹਦੇ ਹਿੱਸੇ ਦਾ ਖੱਪਾ ਰਹਿ ਹੀ ਜਾਂਦਾ ਹੈ।




**ਲੇਖਿਕਾ ਅਮਰਜੀਤ ਪੰਨੂੰ ਨਾਲ ਵਰਿਆਮ ਸਿੰਘ ਸੰਧੂ ਅਤੇ (ਸੱਜੇ) ਪੁਸਤਕ 'ਸੁੱਚਾ ਗੁਲਾਬ' ਦਾ ਸਰਵਰਕ।**

ਅੱਜ ਰੁਖ਼ਸਤੀ ਵੇਲੇ ਧੀ ਦੇ ਸਿਰ 'ਤੇ ਬਾਪ ਦਾ ਹੱਥ ਰੱਖਣ ਦੀ ਘਾਟ ਰੜਕਦੀ ਹੈ।

ਲੋਕ-ਗੀਤਾਂ ਵਿਚ ਐਵੇਂ ਤਾਂ ਨਹੀਂ ਇਹ ਹਉਕਾ ਨਿਕਲਦਾ, "ਐਸ ਵੇਲੇ ਤੈਨੂੰ ਕੌਣ ਜੋ ਲੋੜੀਏ ਭਲੀ", ਐਸੀ ਵੇਲੇ ਤੈਨੂੰ ਬਾਬਲ ਲੋੜੀਦਾ!"

'ਸੁੱਚਾ ਗੁਲਾਬ' ਵਾਂਙ ਉਚਾਰਣੀ ਭਾਸ਼ਾ ਦਾ ਕਮਾਲ ਅਮਰਜੀਤ ਨੇ 'ਵੰਡਰ-ਵੁਮੈਨ' ਕਹਾਣੀ ਵਿਚ ਕੀਤਾ ਹੈ।

ਕਹਾਣੀ ਮੁੱਖ ਪਾਤਰ ਦੀ ਧੀ ਆਸ਼ੀ ਦੇ ਅਜਿਹੇ ਤੋਤਲੇ ਬੋਲਾਂ ਤੋਂ ਸ਼ੁਰੂ ਹੁੰਦੀ ਹੈ। ਪਹਿਲੇ ਦੋ ਤਿੰਨ ਵਾਕ ਪੜ੍ਹ ਕੇ ਹੀ ਆਸ਼ੀ ਨਾਲ ਪਾਠਕ ਮੁਸਕਰਾਉਂਦਾ ਹੋਇਆ ਜੁੜ ਜਾਂਦਾ ਹੈ।

ਮਮੀ ਅੱਦ ਮੈਂ ਤਾਅ ਬਾਵਾਂ ਤਾਡੇ ਲਈ...ਪਹਿਲਾਂ ਪਾਣੀ...ਫੇਰ...ਫੇਰ...ਜੌਂ ਗਲਾਫ਼ੀਆਂ...ਨਾਲੇ ਸ਼ੂਗਰ...ਫੇਰ ਤਾਹ ਬਾਂਗੀ...

...ਭਿੰਡੀਆਂ... ਪਿੰਡੀਆਂ ਤੇ ਹੋਰ ਅਨੇਕਾਂ ਵਾਰਤਾਲਾਪਾਂ ਵਿਚ ਆਸ਼ੀ ਦੇ ਉਚਾਰਣ ਦਾ ਕਹਾਣੀ ਦੀ ਬੁਣਤੀ ਵਿਚ ਨੁਮਾਇਆ ਹਿੱਸਾ ਹੈ। ਅਮਰੀਕੀ ਬੱਚੀ ਦੀ ਪੰਜਾਬੀ ਵਿਚ ਅੰਗਰੇਜ਼ੀ-ਪੰਜਾਬੀ ਦੇ ਉਚਾਰਣ ਦਾ ਮਿਸ਼ਰਣ ਹੈ, ਜੋ ਪਾਤਰ ਨੂੰ ਸੁਭਾਵਕ ਤੇ ਯਥਾਰਥਕ ਬਣਾਉਂਦਾ ਹੈ।

ਕਹਾਣੀ ਦਾ ਮੁੱਢ ਦਿਲਚਸਪ ਹੋਣਾ ਬਹੁਤ ਜ਼ਰੂਰੀ ਕਲਾਤਮਕ ਸ਼ਰਤ ਹੈ। ਇਸਨੇ ਹੀ ਪਾਠਕ ਨੂੰ ਕਹਾਣੀ ਨਾਲ ਜੋੜਨਾ ਹੁੰਦਾ ਹੈ। ਕਹਾਣੀ ਨਾਲ ਜੋੜਨ ਤੋਂ ਬਾਅਦ ਨਿਰੰਤਰ ਜਗਿਆਸਾ ਜਗਾ ਕੇ ਪਾਠਕ ਨੂੰ ਬਿਰਤਾਂਤ ਨਾਲ ਬੰਨ੍ਹੀ ਰੱਖਣਾ ਚੰਗੇ ਕਥਾਕਾਰ ਦੀ ਪਛਾਣ ਹੈ। ਅਮਰਜੀਤ ਇਸ ਹੁਨਰ ਦੀ ਜਾਣਕਾਰ ਹੀ ਨਹੀਂ, ਇਸ ਹੁਨਰ ਨੂੰ ਨਿਭਾਉਣਾ ਵੀ ਜਾਣਦੀ ਹੈ।

ਅਮਰਜੀਤ ਆਪਣੀ ਕਹਾਣੀ ਵਿਚ ਅਕਸਰ ਪਿਛਲਝਾਤ ਦੀ ਵਰਤੋਂ ਕਰ ਕੇ ਹੌਲੀ ਹੌਲੀ ਹਕੀਕਤ ਤੋਂ ਪਰਦਾ ਚੁੱਕਦੀ ਹੈ। ਉਹ ਭੂਤ-ਕਾਲ ਵਿਚ ਹੋਏ ਬੀਤੇ ਨੂੰ ਬੜੀ ਕਲਾਤਮਕਤਾ ਨਾਲ ਵਰਤਮਾਨ ਨਾਲ ਜੋੜਦੀ ਹੋਈ ਮੁੱਖ ਪਾਤਰ ਦੇ ਜੀਵਨ ਬਿਰਤਾਂਤ ਨੂੰ ਹੀ ਸਾਡੇ ਸਾਹਮਣੇ ਦਿਸਣ ਨਹੀਂ ਲਾਉਂਦੀ, ਸਗੋਂ ਆਪਣੀ ਧੀ ਰਾਹੀਂ ਭਵਿੱਖ ਉੱਤੇ ਵੀ ਸਹਿਜ ਝਾਤ ਪੁਆ ਦਿੰਦੀ ਹੈ।

ਕਹਾਣੀ ਦੇ ਵਿਸ਼ੇ ਮੁਤਾਬਕ ਅਮਰਜੀਤ ਦੀ ਭਾਸ਼ਾ ਸਿਰਜਣਾ ਉਹਦੀ ਵੱਡੀ ਪ੍ਰਾਪਤੀ ਹੈ। ਇਸ ਭਾਸ਼ਾ ਵਿਚੋਂ ਕਵਿਤਾ ਵੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਖ਼ੂਬੀ ਇਹ ਹੈ ਕਿ ਇਹ ਕਵਿਤਾ ਗਲਪ ਦੀ ਭਾਸ਼ਾ ਦਾ ਹਿੱਸਾ ਬਣ ਕੇ ਆਉਂਦੀ ਹੈ। ਅਨੇਕਾਂ ਖ਼ੂਬਸੂਰਤ ਵਾਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਪਰ ਇੱਕ ਮਿਸਾਲ ਹੀ ਕਾਫ਼ੀ ਹੈ। ਆਸ਼ੀ ਨੂੰ ਸਕੂਲ ਛੱਡਣ ਜਾਣ ਵੇਲੇ ਮਾਂ ਦੇ ਸ਼ਬਦਾਂ ਵਿਚ:

'ਦਿਲ ਤਾਂ ਛਾਤੀ ਵਿਚ ਪਿਆ ਸਾਂਭਣਾ ਵੀ ਔਖਾ ਹੁੰਦਾ ਹੈ ਪਰ ਜਦ ਤੁਹਾਡਾ ਦਿਲ ਛਾਤੀ ਵਿਚੋਂ ਨਿਕਲ ਕੇ ਗਲੀ ਵਿਚ ਦੌੜਨ ਲੱਗਦਾ ਹੈ ਜਾਂ ਦੂਰ ਚਲਿਆ ਜਾਂਦਾ ਹੈ ਤਾਂ ਇਕ ਮਾਂ ਹੀ ਇਸ ਅਹਿਸਾਸ ਨੂੰ ਸਮਝ ਸਕਦੀ ਹੈ।'

ਕਹਾਣੀ ਨਜ਼ਰਿਆਤੀ ਪੱਖ ਤੋਂ ਸਾਡੀਆਂ ਵਰਤਮਾਨ ਨਾਰੀ ਚੇਤਨਾ ਦੀ ਵਕਾਲਤ ਕਰਨ ਵਾਲੀਆਂ ਲੇਖਿਕਾਵਾਂ ਨਾਲੋਂ ਮੂਲੋਂ ਵੱਖਰੀ ਹੈ ਜਿਸ ਵਿਚ ਔਰਤ ਨੂੰ ਮਰਦ-ਵਿਰੋਧ ਵਿਚ ਖੜਾ ਕੀਤਾ ਜਾਂਦਾ ਹੈ। ਇਹ ਕਹਾਣੀ ਵੀ ਨਾਰੀ ਚੇਤਨਾ ਦੀ ਵਕਾਲਤ ਕਰਦੀ ਹੈ। ਪਰ ਬਿਲਕੁਲ ਵੱਖਰੇ ਤੇ ਸਿਹਤਮੰਦ ਨਜ਼ਰੀਏ ਤੋਂ। ਇਸ ਵਿਚਲੀ ਨਾਰੀ ਚੇਤਨਾ ਮਰਦ ਦੇ ਨਹੀਂ, ਪਿੱਤਰ-ਸੱਤਾ ਦੇ ਖ਼ਿਲਾਫ਼ ਹੈ। ਇਹ ਚੇਤਨਾ ਮਰਦ-ਵਿਰੋਧੀ ਨਹੀਂ। ਇਹ ਚੇਤਨਾ ਮਰਦ-ਔਰਤ ਦੇ ਸਹਿਜ ਤੇ ਸੁਖਾਵੇਂ ਸੰਬੰਧਾਂ ਦੀ ਤਲਬਗਾਰ ਹੈ। ਇਹ ਚੇਤਨਾ ਯਥਾਰਥਕ ਤੇ ਮੰਨਣਯੋਗ ਹੈ। ਲੇਖਿਕਾ ਕੋਲ ਇਸ ਚੇਤਨਾ ਦੀ ਯਥਾਰਥਕ ਸੂਝ ਹੈ ਤੇ ਇਹ ਸੂਝ ਉਸਨੂੰ ਦੂਜੀਆਂ ਲੇਖਿਕਾਵਾਂ ਨਾਲੋਂ ਅਲੱਗ ਤੇ ਉੱਚਾ ਕਰਦੀ ਹੈ।

'ਮੜ੍ਹੀਆਂ' ਕਹਾਣੀ ਪੰਜਾਬ ਸੰਕਟ ਦੇ ਕਾਲੇ ਦੌਰ ਦੀ ਤਸਵੀਰਕਸ਼ੀ ਕਰਨ ਵਾਲੀ ਕਹਾਣੀ ਹੈ। 1984 ਤੋਂ ਬਾਅਦ ਪੰਜਾਬ ਤੇ ਪੰਜਾਬੀ ਬੰਦਾ ਭਾਵੇਂ ਦੇਸ਼ ਵਿਚ ਰਹਿੰਦਾ ਹੈ ਜਾਂ ਵਿਦੇਸ਼ ਵਿਚ, ਉਹ ਪਹਿਲਾਂ ਵਰਗਾ ਨਹੀਂ ਰਹਿ ਗਿਆ। ਉਸਦੀ ਮਾਨਸਿਕਤਾ ਵਿਚ ਬਹੁਤ ਕੁਝ ਖ਼ਲਤ-ਮਲਤ ਹੋ ਗਿਆ ਹੈ। ਉਸ ਦੌਰ ਦਾ ਕਾਲਾ ਪ੍ਰਛਾਵਾਂ ਪੰਜਾਬੀ ਬੰਦੇ ਦੇ ਨਾਲ ਨਾਲ ਤੁਰਦਾ ਆ ਰਿਹਾ ਹੈ। ਪੰਜਾਬੀ ਬੰਦਾ ਉਸ ਦੌਰ ਵਿਚ ਚੱਕੀ ਦੇ ਪੁੜਾਂ ਵਿਚ ਪਿਸਦਾ ਰਿਹਾ। ਸਰਕਾਰੀ ਆਤੰਕ ਤੇ ਖਾੜਕੂ ਆਤੰਕ ਦੀ ਦੋ-ਧਿਰੀ ਦਹਿਸ਼ਤ ਦਾ ਸ਼ਿਕਾਰ ਹੋਇਆ। ਇਹ ਕਹਾਣੀ ਕਾਲੇ ਦੌਰ ਦੇ ਦੁਖਾਂਤ ਨੂੰ ਵਿਸਥਾਰਦੀ ਹੈ। ਪੁਲਸ ਦਾ ਧੱਕਾ ਤੇ ਆਤੰਕ ਕਹਾਣੀ ਦੇ ਆਰ-ਪਾਰ ਫ਼ੈਲਿਆ ਹੋਇਆ। ਕਹਾਣੀ ਉਸ ਪ੍ਰਵਚਨ ਨੂੰ ਸਥਾਪਤ ਕਰਦੀ ਹੈ ਕਿ ਸਟੇਟ ਨੇ ਨੌਜਵਾਨ ਮਾਰ ਮੁਕਾਏ ਸਨ।

ਕਿਹਾ ਜਾ ਸਕਦਾ ਹੈ ਕਿ ਇਹ ਸੱਚ ਤਾਂ ਹੈ,ਪਰ ਅੰਸ਼ਿਕ ਸੱਚ ਹੈ। ਆਲੋਚਕ ਕਹਿ ਸਕਦਾ ਹੈ ਕਿ ਇਸ ਕਹਾਣੀ ਵਿਚ ਜੋ ਮੁੰਡਿਆਂ ਦਾ ਧੱਕਾ ਸੀ, ਉਹ ਗ਼ੈਰਹਾਜ਼ਰ ਹੈ। ਸਾਡਾ ਕਹਿਣਾ ਹੈ ਕਿ ਇਹ ਕਥਾਕਾਰ ਦੀ ਵਸਤੂ ਚੋਣ 'ਤੇ ਨਿਰਭਰ ਕਰਦਾ ਹੈ। ਉਹ ਕਿਸ ਪੱਖ 'ਤੇ ਫੋਕਸ ਕਰਨਾ ਚਾਹੁੰਦਾ ਹੈ, ਇਹ ਉਸਦੀ ਮਰਜ਼ੀ ਹੈ। ਇੱਕ ਕਹਾਣੀ ਵਿਚ ਕਿਸੇ ਦੌਰ ਨੂੰ ਸਮੁੱਚਤਾ ਨਾਲ ਪੇਸ਼ ਕਰਨਾ ਸੰਭਵ ਨਹੀਂ। ਨਾਵਲ ਰਾਤ ਨੂੰ ਕਮਰੇ ਵਿਚ ਜਗਦੇ ਹਜ਼ਾਰ ਵਾਟ ਦੇ ਬਲਬ ਵਾਂਙ ਹੈ ਜੋ ਸਾਰੇ ਕਮਰੇ ਨੂੰ ਰੌਸ਼ਨ ਕਰਦਾ ਹੈ, ਪਰ ਕਹਾਣੀ ਬੈਟਰੀ ਵਾਂਙ ਹੈ; ਜਿਸ ਨੁੱਕਰ ਵਿਚ ਚਾਨਣ ਸੁੱਟੋਗੇ, ਉਹੋ ਨੁੱਕਰ ਦਿਸੇਗੀ, ਬਾਕੀ ਕਮਰਾ ਹਨੇਰਾ ਰਹੇਗਾ। ਇਸ ਕਹਾਣੀ ਨੇ ਜ਼ਿੰਦਗੀ ਦੀ ਇਕ ਨੁੱਕਰ ਹੀ ਵਿਖਾ ਸਕਣੀ ਸੀ। ਇਹੋ ਇਸਦੀ ਸੀਮਾ ਹੈ ਤੇ ਪ੍ਰਾਪਤੀ ਵੀ। ਪ੍ਰਾਪਤੀ ਇਸ ਕਰ ਕੇ ਕਿ ਇਹ ਸਭ ਕੁਝ ਵੀ ਵਾਪਰਿਆ ਸੀ। ਪੁਲਿਸ ਤਸ਼ੱਦਦ ਨਾਲ ਮਾਰੀਆਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੀ ਕਹਾਣੀ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ।

ਕਹਾਣੀ ਰਾਤ ਦੇ ਹਨੇਰੇ ਵਿੱਚ ਬਿੱਲੀਆਂ ਦੇ ਚੀਕਣ, ਕੁੱਤਿਆਂ ਦੇ ਭੌਂਕਣ ਤੇ ਦਗੜ ਦਗੜ ਦੀਆਂ ਆਵਾਜ਼ਾਂ ਨਾਲ ਸ਼ੁਰੂ ਵਿਚ ਹੀ ਖ਼ੌਫ਼ ਦਾ ਮਾਹੌਲ ਉਸਾਰ ਕੇ ਪਾਠਕ ਨੂੰ ਨਾਲ ਜੋੜ ਦਿੰਦੀ ਹੈ। ਇਸ ਜੁੜਤ ਨੇ ਅੱਗੇ ਤੋਂ ਅੱਗੇ ਹਨੇਰੇ, ਖ਼ੌਫ਼ ਤੇ ਦਹਿਸ਼ਤ ਨੂੰ ਗੂੜ੍ਹੇ ਕਰਦੇ ਜਾਣਾ ਹੈ।

ਕਹਾਣੀ ਅਮਰਜੀਤ ਦੀ ਜਾਣੀ-ਪਛਾਣੀ ਜੁਗਤ ਪਿਛਲਝਾਤ ਨਾਲ ਸ਼ੁਰੂ ਹੁੰਦੀ ਹੈ, ਵਰਤਮਾਨ ਨਾਲ ਜੁੜਦੀ ਹੈ, ਮੁੜ ਪਿੱਛੇ ਪਰਤਦੀ ਹੈ ਤੇ ਮੁੜ ਵਰਤਮਾਨ ਵਿਚ ਪਰਤਦੀ ਹੈ। ਇੰਵ ਵਰਤਮਾਨ ਵਿਚ ਖਲੋ ਕੇ ਪਰਤਵੀਂ ਲਿਸ਼ਕੋਰ ਦੀ ਜੁਗਤ ਨੂੰ ਲੇਖਿਕਾ ਨੇ ਬਾਖ਼ੂਬੀ ਵਰਤਿਆ ਹੈ। ਉਸਨੂੰ ਚਿਨ੍ਹਾਂ ਦੀ ਵਰਤੋਂ ਕਰਨ ਦਾ ਹੁਨਰ ਆਉਂਦਾ ਹੈ। ਚਾਰ-ਪੰਜ ਕੁੱਤਿਆਂ ਦਾ ਬਿੱਲੀਆਂ ਦੀਆਂ ਆਂਦਰਾਂ ਨੂੰ ਧੂਈ ਫਿਰਨਾ ਬਹੁ-ਅਰਥੀ ਹੈ। ਇਹ ਕੁੱਤੇ ਸਰਕਾਰੀ ਪੁਲਿਸ ਦਾ ਚਿੰਨ੍ਹ ਹਨ, ਜਿਨ੍ਹਾਂ ਨੇ ਨੌਜਵਾਨਾਂ ਨੂੰ ਬਿੱਲੀਆਂ ਵਾਂਙ ਕੋਹ ਕੋਹ ਕੇ ਮਾਰਿਆ। ਪੰਮੇ ਦਾ ਉਹਦੇ ਘਰ ਆਏ ਦਾ ਕਤਲ ਝੂਠੇ ਪੁਲਿਸ ਮੁਕਾਬਲਿਆਂ ਦਾ ਉਛਾੜ ਪਾੜਦਾ ਹੈ। ਇਹ ਸੱਚ ਹੈ ਕਿ ਬਹੁਤ ਸਾਰੇ ਨੌਜਵਾਨ ਅਸਲ ਵਿਚ ਖਾੜਕੂ ਲਹਿਰ ਵਿਚ ਸ਼ਾਮਲ ਹੋਏ ਤੇ ਉਨ੍ਹਾਂ ਨੇ ਵੀ ਬਹੁਤ ਸਾਰੇ ਨਿਰਦੋਸ ਲੋਕਾਂ ਦੇ ਕਤਲ ਕੀਤੇ, ਪਰ ਬਹੁਤ ਸਾਰੇ ਅਜਿਹੇ ਵੀ ਸਨ ਜੋ ਪੁਲਿਸ

*(ਬਾਕੀ ਅਗਲੇ ਸਫੇ 'ਤੇ)*

ਕਹਾਣੀ

# ਲਾਲ ਚਿੱਠੀ

ਦਫ਼ਤਰ ਜਾ ਕੇ ਕੁਰਸੀ 'ਤੇ ਬੈਠਦੇ ਹੀ ਮਾਨ ਸਾਹਿਬ ਦੀਆਂ ਨਜ਼ਰਾਂ ਲਾਲ ਅੱਖਰਾਂ ਵਾਲੇ ਇਕ ਲਿਫ਼ਾਫ਼ੇ 'ਤੇ ਜਾ ਟਿਕੀਆਂ। ਉਤਸੁਕਤਾ ਨਾਲ ਉਸ ਨੇ ਲਿਫ਼ਾਫ਼ਾ ਖੋਲ੍ਹਿਆ ਤੇ ਧਕ-ਧਕ ਧੜਕਦੇ ਦਿਲ ਨਾਲ ਪੜ੍ਹਨ ਲੱਗਾ।

"ਬੱਕਰੇ ਦੀ ਜਾਨ ਗਈ ਪਰ ਖਾਣ ਵਾਲੇ ਨੂੰ ਸੁਆਦ ਨਾ ਆਇਆ...ਮੈਂ ਕਿੰਨਾ ਔਖਾ ਹੋ ਕੇ ਆਪਣਾ ਤੇ ਆਪਣੇ ਬਾਲ ਬੱਚਿਆਂ ਦਾ ਢਿੱਡ ਧੋ ਕੇ ਪੂਰੀ ਤਨਖਾਹ ਵਿਚ ਉਤਨੇ ਪੈਸੇ ਹੋਰ



ਚਰਨਜੀਤ ਸਿੰਘ ਪੰਨੂ
ਫੋਨ: 408-608-4961

ਪਾ ਕੇ ਤੁਹਾਨੂੰ ਸੂਟ ਬਣਾ ਕੇ ਦਿੱਤਾ। ਗਰਮ ਸੂਟ! ਤੁਹਾਡੀ ਨਾਰਾਜ਼ਗੀ ਹਟਾਉਣ ਲਈ, ਤੁਹਾਡੀਆਂ ਝਿੜਕਾਂ ਤੋਂ ਛੁਟਕਾਰਾ ਪਾਣ ਲਈ, ਤੁਹਾਡੀ ਕਲਮ ਦੇ ਮੂੰਹ ਲਗਾਮ ਦੇਣ ਲਈ ਤੇ ਤੁਹਾਡੀ ਸ਼ਾਬਾਸ਼ ਲੈਣ ਲਈ ਪਰ ਇਹ ਮੈਨੂੰ ਨਸੀਬ ਨਾ ਹੋਈ, ਇਹ ਬਹੁਤ ਮਹਿੰਗੀ ਸੀ।"

ਤੁਸੀਂ ਕਿਹਾ, "ਤੇਰੀ ਸਲਾਨਾ ਰਿਪੋਰਟ ਠੀਕ ਲਿਖਾਂਗਾ...ਪਰ?

ਤੇਰੀ ਬਦਲੀ ਤੇਰੇ ਘਰ ਕਰ ਦਿਆਂਗਾ...ਪਰ ?

ਤੇਰੇ ਮੈਡੀਕਲ ਬਿਲ ਜਲਦੀ ਪਾਸ ਕਰ ਦਿਆਂਗਾ...ਪਰ?

ਤੇਰੇ ਟੀ ਏ ਬਿਲ ਪਾਸ ਕਰ ਦਿਆਂਗਾ...ਪਰ?

ਤੇਰੀ ਤਰੱਕੀ ਕਰ ਦਿਆਂਗਾ...ਪਰ?"

ਤੁਹਾਡੇ 'ਪਰ' ਦੀ ਪੂਰਤੀ ਲਈ ਤੁਹਾਨੂੰ ਸੂਟ ਮਿਲ ਗਿਆ। ਤੁਸੀਂ ਸਮਝਿਆ ਇਹ ਕੁਝ ਵੀ ਨਹੀਂ ਇਹ ਹੋਰ ਹੋਵੇਗਾ। ਇਹ ਘਰੋਂ ਬਹੁਤ ਅਮੀਰ ਹੈ, ਲਿਆ ਕੇ ਮੇਰਾ ਘਰ ਭਰ ਸਕੇਗਾ...ਇਸ ਨੂੰ ਹੋਰ ਤੰਗ ਕਰੋ, ਮੇਰੀ ਜਨਮ-ਜਨਮਾਂਤਰਾਂ ਦੀ ਭੁੱਖ ਮਿਟਾ ਸਕੇਗਾ। ਲੋਕ ਨੌਕਰੀ ਤੋਂ ਖੱਟ ਕਮਾ ਕੇ ਘਰ ਪੈਸੇ ਦਿੰਦੇ ਨੇ ਪਰ ਮੈਂ ਘਰੋਂ ਲਿਆ ਕੇ ਤੁਹਾਡੀ ਪੇਟ-ਪੂਜਾ ਕਰਦਾ ਰਿਹਾ ਤਾਂ ਜੋ ਤੁਹਾਡੇ ਛੋਰੂ ਛਿੰਦੇ ਬੱਚੇ ਸ਼ਾਇਦ ਮੇਰੀ ਇਸ ਬੋਟੀ ਬੋਟੀ ਨਾਲ ਜ਼ਿਆਦਾ ਚੰਗਾ ਜੀਵਨ ਜੀਉ ਸਕਣ। ਤੁਸੀਂ ਮੈਨੂੰ ਕਿਹਾ ਸੀ, "ਫਲਾਣਾ ਆਦਮੀ ਅਜੇ ਤੱਕ ਮੇਰੇ ਦਾਅ ਹੇਠ ਨਹੀਂ ਆਇਆ, ਉਸ ਦੇ ਖਿਲਾਫ਼ ਰਿਪੋਰਟ ਲਿਖ ਪਰ ਮੈਂ ਗ਼ਰੀਬ ਮਾਰ ਨਾ ਕਰ ਸਕਿਆ। ਕਿਸੇ ਨਾਲ ਬੇਇਨਸਾਫ਼ੀ ਕਰਨਾ ਮੇਰੇ ਇਖ਼ਲਾਕ ਤੋਂ ਬਾਹਰ ਸੀ। ਤੁਹਾਡਾ ਲਾਲਚ ਵਧਦਾ ਗਿਆ। ਮੈਨੂੰ ਜੋ ਡਰ ਸੀ ਉਹੀ ਹੋਇਆ। ਤੁਸੀਂ ਅਖੀਰ ਇਕ ਐਸੀ ਮੰਗ ਕਰ ਦਿੱਤੀ ਜੋ ਪੂਰੀ ਕਰਨਾ ਮੇਰੇ ਵੱਸ ਤੋਂ ਬਾਹਰ ਸੀ। ਮੇਰੇ ਸੈਕਸ਼ਨ ਦੀ ਨੀਲਮ, ਜਿਸ ਦੀ ਉਮਰ ਸ਼ਾਇਦ ਤੁਹਾਡੀ ਲੜਕੀ ਨਾਲੋਂ ਘੱਟ ਹੀ ਹੋਵੇਗੀ, ਨੂੰ ਤੁਸੀਂ ਵਰਗਲਾਉਣ ਲਈ ਮੇਰੀ ਮਦਦ ਮੰਗੀ। ਮੈਂ ਇਹ ਨਾ ਕਰ ਸਕਿਆ। ਮੇਰੇ ਸਾਰੇ ਬਿਲ ਇਨਕਾਰੀ ਹੋ ਗਏ। ਬਦਲੀ ਹੋਰ ਦੁਰਾਡੀ ਹੋ ਗਈ, ਵਾਰਨਿੰਗਾਂ ਤੇ ਚਾਰਜ ਸ਼ੀਟਾਂ ਮੇਰੇ ਹਮਜੋਲੀ ਬਣ ਗਏ। ਤੁਹਾਡੇ ਕਹਿਣ 'ਤੇ ਸਭ ਦਫ਼ਤਰੀ ਅਮਲਾ ਮੈਨੂੰ ਕੈਰੀ ਅੱਖ ਨਾਲ ਦੇਖਣ ਲੱਗਾ। ਕੋਈ ਵੀ ਨਹੀਂ ਸੀ ਚਾਹੁੰਦਾ ਕਿ ਮੈਨੂੰ ਚੰਗਾ ਕਹਿ ਕੇ ਜਾਂ ਮੇਰੇ ਨਾਲ ਬੋਲ ਕੇ ਉਹ ਇਕ ਅਫ਼ਸਰ ਦੀ ਗਿਲਾਨੀ ਮੁੱਲ ਲੈਣ।

ਮੈਂ ਆਪਣਾ ਕੰਮ ਕਰਦਾ ਰਿਹਾ, ਸਿਰ ਤੋੜ ਮਿਹਨਤ ਨਾਲ। ਪਰ ਮੇਰੇ ਖਿਲਾਫ਼ ਨਫ਼ਰਤ ਵਧਦੀ ਗਈ ਵਧਦੀ ਗਈ। ਕਿਸੇ ਦਾ ਲੂਣ ਖਾ ਕੇ ਹਰਾਮ ਨਹੀਂ ਕਰੀਦਾ ਪਰ ਤੁਸੀਂ ਸਭ ਕੁਝ ਫੱਕਾ ਮਾਰ ਕੇ, ਸਭ ਚੱਟਮ ਕਰਕੇ ਡਕਾਰ ਵੀ ਨਾ ਮਾਰਿਆ ਤੇ ਉਲਟਾ ਮੇਰੇ ਸਿਰ 'ਤੇ ਇਕ ਭਿਆਨਕ ਮੁਸੀਬਤ ਖੜ੍ਹੀ ਕਰ ਦਿੱਤੀ। ਸਾਰੇ ਚਪੜਾਸੀ ਤੁਹਾਨੂੰ ਦਸ ਰੁਪਏ ਮਹੀਨਾ ਦਿੰਦੇ ਸਨ, ਮੈਥੋਂ ਤੁਸੀਂ 20 ਰੁਪਏ ਮਹੀਨਾ ਦੀ ਮੰਗ ਕੀਤੀ ਕਿਉਂਕਿ ਮੇਰੀ ਤਨਖਾਹ ਚਪੜਾਸੀਆਂ ਨਾਲੋਂ ਦੂਣੀ ਸੀ। ਮੈਂ ਇਹ ਦਸਵੰਧ ਤੇ ਦਾਨ ਸਮਝ ਕੇ ਤੁਹਾਨੂੰ ਚੜ੍ਹਾਵਾ ਚੜ੍ਹਾਉਂਦਾ ਰਿਹਾ। ਤਨਖਾਹ ਲੈਣ ਤੋਂ ਬਾਅਦ ਜਦ ਤੁਹਾਡੇ ਬੁਲਾਉਣ 'ਤੇ ਮੈਂ ਤੁਹਾਡੇ ਕਮਰੇ ਵਿਚ ਜਾਂਦਾ ਤਾਂ ਤੁਸੀਂ ਮੈਨੂੰ ਦੇਖ ਕੇ ਅੱਖਾਂ ਮੀਟ ਲੈਂਦੇ ਜਿਵੇਂ ਬਿੱਲੀ ਕਬੂਤਰ ਨੂੰ ਦੇਖ ਕੇ। ਤੁਸੀਂ ਮਾੜਾ ਜਿਹਾ ਮੁਸਕਰਾ ਕੇ, ਬੁੱਲ੍ਹਾਂ 'ਤੇ ਜ਼ੁਬਾਨ ਫੇਰ ਕੇ, ਮੇਜ਼ ਥੱਲੇ ਹੱਥ ਕਰਕੇ ਸਭ ਕੁਝ ਬੋਚ ਲੈਂਦੇ ਤੇ ਫਿਰ ਭਿਣਕ ਵੀ ਨਾ ਕੱਢਦੇ। ਮੈਂ ਚਾਹੁੰਦਾ ਸਾਂ ਕਿ ਸਾਡੇ ਦੇਸ਼ ਦੀ ਇਹ ਗੰਦੀ ਬਿਮਾਰੀ ਭ੍ਰਿਸ਼ਟਾਚਾਰ, ਵੱਢੀਖੋਰੀ, ਬੇਈਮਾਨੀ ਨੂੰ ਦੇਸ਼ ਨਿਕਾਲਾ ਦੇ ਸਕਾਂ ਪਰ ਕਾਸ਼! ਤੁਹਾਡੀਆਂ ਕੜਿੱਕੀਆਂ ਨੂੰ ਰਿਸਕ-ਫਾਹੀਆਂ ਨੇ ਮੈਨੂੰ ਵੀ ਇਹ ਔਗੁਣ ਕਰਨ ਲਈ ਮਜਬੂਰ ਕਰ ਦਿੱਤਾ। ਤੁਸੀਂ ਰੱਖ ਦਿੱਤੀ ਹੈ ਮੇਰੇ ਸਿਰ 'ਤੇ ਲਟਕਦੀ ਤੇ ਲਿਸ਼ਕਦੀ ਤਲਵਾਰ। ਜਾਂ 500 ਰੁਪਏ ਦੇ ਦੇ ਜਾਂ ਇਹ ਲਟਕਦੀ ਤਲਵਾਰ ਤੇਰਾ ਸਾਰਾ ਕੈਰੀਅਰ ਤਬਾਹ ਕਰ ਦੇਵੇਗੀ। ਮੈਂ ਬੜਾ ਸੋਚਿਆ ਕੰਨੀ ਕਤਰਾਈ ਜਾਵੇ ਪਰ ਆਖਰ ਮੈਨੂੰ ਤੁਹਾਡੀ ਲੀਹ 'ਤੇ ਚੱਲਣਾ ਪਿਆ। ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ।

ਮੈਨੂੰ ਉਸ ਦਿਨ ਪਹਿਲੀ ਵੇਰ ਕਿੰਨਾ ਦੁੱਖ ਹੋਇਆ ਸੀ ਜਦ ਮੰਗਤ ਰਾਮ ਸਟੈਨੋ ਨੇ ਮੈਥੋਂ 50 ਰੁਪਏ ਉਧਾਰੇ ਮੰਗਦੇ ਲਿਲ੍ਹਕੜੀ ਕੱਢੀ ਸੀ ਕਿ ਬੱਚੇ ਭੁੱਖੇ ਵਿਲਕ ਰਹੇ ਹਨ ਕਿਉਂਕਿ ਉਸ ਨੇ ਸਾਰੀ ਤਨਖਾਹ 15 ਅਗਸਤ ਅਜ਼ਾਦੀ ਵਾਲੇ ਦਿਨ ਤੁਹਾਨੂੰ ਤੋਹਫ਼ੇ ਭੇਟ ਕਰਨ ਲਈ ਖ਼ਰਾਬ ਕਰ ਦਿੱਤੀ ਸੀ ਤੇ ਇਸੇ ਲਈ ਉਹ ਹੋਰਾਂ ਅੱਗੇ ਮੁਥਾਜੀ ਨਾਲ ਹੱਥ ਅੱਡ ਰਿਹਾ ਸੀ। ਮੈਂ ਉਸ ਨੂੰ ਝਾੜ ਪਾਈ ਸੀ। ਜੇ ਵਾੜ ਹੀ ਖੇਤ ਨੂੰ ਖਾਣ ਲੱਗ ਜਾਏ ਤਾਂ ਕੌਣ ਰਾਖਾ? ਇਹ ਗੱਲਾਂ ਵੀ ਤੁਹਾਡੇ ਕੰਨੀਂ ਪਹੁੰਚ ਗਈਆਂ। ਤੁਹਾਡੇ ਚਮਚਿਆਂ ਨੇ ਇਕਦਮ ਤੁਹਾਡੇ ਕੋਲ ਇਹ ਵਧਾ ਚੜ੍ਹਾ ਕੇ ਦੱਸ ਦਿੱਤਾ ਤੇ ਫਿਰ ਤੁਸੀਂ ਮੈਨੂੰ ਵੀ ਇਕ ਵੱਡੇ ਮਗਰਮੱਛ ਨੂੰ ਤੰਦਵੇ ਦੀਆਂ ਮੁੱਛਾਂ ਵਾਂਗ ਆਪਣੇ ਵੱਲ ਖਿੱਚ ਲਿਆ ਤੇ ਮੈਂ ਵੀ ਉਹ ਕੁਝ ਕੀਤਾ ਜੋ ਨਾ ਕਰਨ ਲਈ ਮੈਂ ਹੋਰਾਂ ਨੂੰ ਸਿੱਖਿਆ ਦਿੰਦਾ ਸੀ,

"ਰਾਜ਼ੀ ਕਰੇ ਹੋਰਾਂ ਤਾਈਂ ਆਪੂੰ ਬਣ ਮਰੀਜ਼।"

"ਮੈਂ ਚਾਹਾਂ ਤਾਂ ਤੈਨੂੰ ਅੱਜ ਨੌਕਰੀ ਤੋਂ ਘਰ ਭੇਜ ਸਕਦਾ ਹਾਂ, ਸਾਰੇ ਸਰਕਾਰੀ ਕਾਨੂੰਨ ਮੇਰੇ ਹੱਥ ਵਿਚ ਹਨ...ਮੈਂ ਚਾਹਾਂ ਤਾਂ ਤੇਰੀ ਪ੍ਰਮੋਸ਼ਨ ਕਰ ਸਕਦਾ ਹਾਂ...।"

ਤੇ ਕਈ ਹੋਰ ਬਲਖ-ਬੁਖਾਰੇ ਦਿਖਾ ਕੇ ਤੁਸੀਂ ਮੇਰੇ 'ਤੇ ਗਲਬਾ ਪਾ ਲਿਆ।

ਅੱਜ ਮੈਂ ਦੋਸ਼ੀ ਹਾਂ, ਦੂਹਰਾ ਗੁਨਾਹਗਾਰ ਹਾਂ। ਪਹਿਲਾ ਇਹ ਕਿ ਮੈਂ ਇਕ ਸਾਲ ਕਾਨੂੰਨ ਦੀ ਉਲੰਘਣਾ ਕਰਕੇ ਤੁਹਾਡਾ ਘਰ ਭਰਦਾ ਰਿਹਾ ਤੇ ਦੂਜਾ...ਉਨ੍ਹਾਂ ਝੂਠੇ ਗੁਨਾਹਾਂ ਦਾ ਜੋ ਤੁਸਾਂ ਮੇਰੇ ਵਿਰੁੱਧ ਚਾਰਜਸ਼ੀਟ ਵਿਚ ਲਗਾਏ। ਕਿਉਂਕਿ ਤੁਹਾਨੂੰ ਇਹ ਦਾਨ ਹੋਰ ਜ਼ਿਆਦਾ ਦੇਰ ਚਾਲੂ ਨਾ ਰੱਖ ਸਕਿਆ। ਤੁਹਾਨੂੰ ਪਤਾ ਹੈ, ਮੈਨੂੰ ਵੀ ਪਤਾ ਹੈ ਇਹ ਕੇਸ ਝੂਠੇ ਹਨ। ਪਰ ਫਿਰ ਵੀ ਮੈਂ ਇਨ੍ਹਾਂ ਤੋਂ ਬਚ ਨਹੀਂ ਸਕਾਂਗਾ। ਤੁਸੀਂ ਅਫ਼ਸਰ ਹੋ ਤੇ ਅਫ਼ਸਰ ਹੀ ਇਨਕੁਆਰੀ ਕਰਨਗੇ...ਉਹ ਵੀ ਉਹ ਹੀ ਮੰਗ ਕਰਨਗੇ ਜੋ ਤੁਸੀਂ ਕੀਤੀ, ਉਹ ਫਿਰ ਤੁਹਾਡੀ ਹੀ ਮਦਦ ਕਰਨਗੇ ਕਿਉਂਕਿ ਮੈਂ ਇਹ ਮਦਦ ਨਹੀਂ ਕਰ ਸਕਾਂਗਾ। ਉਹ ਮੈਨੂੰ ਸਖ਼ਤ ਸਜ਼ਾ ਦੇਣਗੇ। ਮੈਨੂੰ ਫਿਰ ਵੀ ਤਸੱਲੀ ਹੈ...ਅੱਜ ਮੈਂ ਬਾਗ਼ੀ ਹਾਂ...ਸੱਚ ਬੋਲਣ ਵਾਸਤੇ। ਮੈਨੂੰ ਵੱਧ ਤੋਂ ਵੱਧ ਜੋ ਸਜ਼ਾ ਹੋਵੇਗੀ, ਹੱਸ ਕੇ ਸਵੀਕਾਰ ਕਰਾਂਗਾ, ਅਜਿਹੇ ਗੁਨਾਹ ਫਿਰ ਨਹੀਂ ਕਰਾਂਗਾ ਤੇ ਵੱਢੀ ਜਾਂ ਬਖ਼ਸ਼ੀਸ਼ ਦੇਣ ਵਾਲੇ ਹੋਰ ਸੱਜਣਾਂ ਨੂੰ ਲਲਕਾਰਾਂਗਾ ਕਿ ਆਪਣਾ ਆਪ ਗਵਾ ਕੇ ਇਨ੍ਹਾਂ ਅਫ਼ਸਰਾਂ ਦਾ ਘਰ ਨਾ ਭਰੋ। ਇਹ ਜ਼ਹਿਰੀਲੇ ਨਾਗ ਆਖਰ ਨੂੰ ਡੰਗ ਹੀ ਮਾਰਨਗੇ ਇਨ੍ਹਾਂ ਤੋਂ ਬਚ ਕੇ ਹੀ ਰਹੋ।

'ਮੇਰੇ ਮਿਹਰਬਾਨ ਸਾਹਿਬ, ਮੈਂ ਤੁਹਾਥੋਂ ਕੁਝ ਨਾਜਾਇਜ਼ ਨਹੀਂ ਮੰਗਦਾ...ਪਰ ਇਨਸਾਫ਼ ਜ਼ਰੂਰ ਮੰਗਾਂਗਾ। ਇਹ ਮੇਰਾ ਹੱਕ ਹੈ, ਝੂਠੇ ਕੇਸ ਵਾਪਸ ਲੈ ਲਓ, ਕਿਸੇ ਨੂੰ ਨਾਜਾਇਜ਼ ਤੰਗ ਨਾ ਕਰੋ।'

"ਇਹ ਕਿੱਦਾਂ ਦਾ ਪੱਤਰ ਹੈ?" ਪੜ੍ਹਦੇ ਪੜ੍ਹਦੇ ਮਾਨ ਸਾਹਿਬ ਕਈ ਵੇਰਾਂ ਭੜਕ ਕੇ ਕੁਰਸੀ ਤੋਂ ਉੱਠੇ। ਅੱਖਾਂ ਅੱਗੇ ਅੰਧੇਰਾ ਆਉਣ ਲੱਗਾ। ਮੱਥਾ ਤਰੇਲੀ ਤਰੇਲੀ ਹੋ ਗਿਆ। ਉਨ੍ਹਾਂ ਦੀ ਕੁਰਸੀ ਹਿੱਲਦੀ ਜਾਪੀ ਮਾਨੋ ਭੁਚਾਲ ਆ ਗਿਆ ਹੋਵੇ।

"ਕੀ ਗੱਲ ਐ ਸਾਹਿਬ ! ਅੱਜ ਕੁਝ ਪਰੇਸ਼ਾਨ ਨਜ਼ਰ ਆ ਰਹੇ ਹੋ?"

ਬਾਬੂ ਨੇ ਮੁਸਕਰਾਉਂਦੇ ਹੋਏ ਕਾਗਜ਼ਾਂ ਦਾ ਇਕ ਪਲੰਦਾ ਸਾਹਿਬ ਅੱਗੇ ਰੱਖ ਦਿੱਤਾ। ਹੱਥ ਵਿਚਲਾ ਪੱਤਰ ਮਾਨ ਸਾਹਿਬ ਨੇ ਇਕ ਦਮ ਲੁਕਾ ਕੇ ਦਰਾਜ਼ ਵਿਚ ਰੱਖ ਦਿੱਤਾ।

"ਕੋਈ ਗੱਲ ਨਹੀਂ, ਐਵੇਂ ਮੂਡ ਕੁਝ ਖ਼ਰਾਬ ਐ।"

"ਐਹ ਜਨਾਬ! ਦਸਖ਼ਤ?"

"ਕਾਹਦੇ ਦਸਖ਼ਤ?"

"ਉਹੀ ਸਰ! ਜੋ ਦਫ਼ਤਰ ਵਾਸਤੇ ਫ਼ਰਨੀਚਰ ਆਇਆ ਸੀ, ਉਸ ਦੀ ਪੇਮੈਂਟ। ਠੇਕੇਦਾਰ 200 ਰੁਪਏ ਹੋਰ ਮੰਨ ਗਏ। ਅੱਜ ਸ਼ਾਮ ਨੂੰ ਇਹ ਰੁਪਏ ਤੇ ਨਾਲੇ ਤੁਹਾਡੇ ਘਰ ਲਈ ਹੋਰ ਫ਼ਰਨੀਚਰ ਘਰ ਪਹੁੰਚ ਜਾਵੇਗਾ।"

ਬਾਬੂ ਨੇ ਬੜੇ ਚਾਅ ਨਾਲ ਖ਼ੁਸ਼ਖ਼ਬਰੀ ਸੁਣਾਈ।

"ਪਰ! ਪਰ! ਨਹੀਂ, ਉਸ ਨੂੰ ਕਹੋ ਮੈਂ ਅਜਿਹਾ ਪੈਸਾ ਨਹੀਂ ਲੈਣਾ, ਅਜਿਹਾ ਫ਼ਰਨੀਚਰ ਨਹੀਂ ਲੈਣਾ, ਮੈਂ ਬੇਈਮਾਨੀ ਕਰਕੇ ਮਾਨਸਿਕ ਪਰੇਸ਼ਾਨੀ ਮੁੱਲ ਨਹੀਂ ਲੈਣੀ ਚਾਹੁੰਦਾ। ਪਰਾਇਆ ਹੱਕ ਲੈਣਾ ਪਾਪ ਹੈ, ਹਰਾਮ ਦਾ ਪੈਸਾ ਪਾਪ ਹੈ, ਤੂੰ ਚਲਾ ਜਾ ਇੱਥੋਂ, ਚਲਾ ਜਾ...ਮੈਂ ਅਜਿਹੇ ਦਸਖ਼ਤ ਨਹੀਂ ਕਰਾਂਗਾ, ਚਲਾ ਜਾ ਦਫ਼ਾ ਹੋ ਜਾ।"

ਮਾਨ ਸਾਹਿਬ ਗ਼ੁੱਸੇ ਨਾਲ ਕੰਬਣ ਲੱਗੇ।

ਬਾਬੂ ਬਹੁਤ ਘਬਰਾਇਆ...ਆਖਰ ਅੱਜ ਕੀ ਗਲਤੀ ਹੋ ਗਈ। ਇਹ ਸਾਹਿਬ ਤਾਂ ਪੰਜ ਰੁਪਏ ਜਿੱਧਰੋਂ ਮਿਲਣ ਝੱਟ ਹੜੱਪ ਕਰ ਜਾਂਦਾ ਸੀ। ਅੱਜ ਦੋ ਸੌ ਰੁਪਏ ਠੁਕਰਾਈ ਜਾਂਦਾ।

ਮਿਸਟਰ ਮਾਨ ਦਫ਼ਤਰ ਵਿਚ ਬੈਠਾ ਆਪਣੇ ਆਪ ਨੂੰ ਕੋਸ ਰਿਹਾ ਸੀ। ਲਾਲ ਪੱਤਰ ਦੇ ਸ਼ਬਦ ਵਾਰ-ਵਾਰ ਉਸ ਦੇ ਦਿਮਾਗ ਵਿਚ ਖਲਬਲੀ ਮਚਾ ਰਹੇ ਸਨ।

"ਹੈਂ? ਇਸ ਦੀ ਇਤਨੀ ਜੁਰਅਤ! ਇਹ ਮੈਨੂੰ ਜ਼ਰੂਰ ਨੁਕਸਾਨ ਪਹੁੰਚਾਏਗਾ...ਜ਼ਰੂਰ ਮੇਰਾ ਭੇਦ ਖੋਲ੍ਹੇਗਾ...ਸ਼ਿਕਾਇਤ ਵੀ ਕਰੇਗਾ। ਕਿੰਨਾ ਚੰਗਾ ਹੁੰਦਾ ਜੇ ਮੈਂ ਇਹ ਸਭ ਕੁਝ ਨਾ ਕਰਦਾ। ਆਖਰ ਮੇਰੀ ਤਨਖਾਹ ਤਾਂ ਇਨ੍ਹਾਂ ਸਭ ਨਾਲੋਂ ਵੱਧ ਹੈ। ਮੈਂ ਫਿਰ ਵੀ ਉਨ੍ਹਾਂ ਦੇ ਹਿੱਸੇ ਖਾਂਦਾ ਰਿਹਾ। ਮੇਰਾ ਇਸ ਤਰ੍ਹਾਂ ਗੁਜ਼ਾਰਾ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ। ਮੈਂ ਵਾਪਸ ਕਰਾਂਗਾ ਇਹ ਕਾਲਾ ਪੈਸਾ। ਹੇ ਭਗਵਾਨ ਮੈਨੂੰ ਮੁਆਫ਼ ਕਰ।...ਮੁਆਫ਼ ਕਰੀਂ ਮੈਂ ਪਾਪ ਕੀਤਾ।'

'ਟਨ ਟਨ ਟਨ' ਘੰਟੀ ਦੀ ਅਵਾਜ਼ ਨਾਲ ਚਪੜਾਸੀ ਅੰਦਰ ਆਇਆ।

"ਦਫ਼ਤਰ ਦੇ ਸਾਰੇ ਅਮਲੇ ਨੂੰ ਬੁਲਾ ਲਿਆ।"

ਇਹ ਪੈਗ਼ਾਮ ਮਿਲਦੇ ਹੀ ਸਾਰਿਆਂ ਦੇ ਚਿਹਰੇ ਫੱਕ ਹੋ ਗਏ, 'ਅੱਜ ਖ਼ੈਰ ਨਹੀਂ, ਕਿਸੇ ਨਾ ਕਿਸੇ ਦੀ ਹੋਰ ਸ਼ਾਮਤ ਆਉਣ ਵਾਲੀ ਹੈ।' ਪਹਿਲਾਂ ਜੋ ਹਾਲ ਰਾਮ ਸਿੰਘ ਦਾ ਹੋਇਆ ਸਾਰੇ ਜਾਣਦੇ ਸਨ ਤੇ ਅੱਜ ਕਲਰਕ ਨਾਲ ਬੇਰੁਖ਼ੀ ਨੇ ਸਭ ਨੂੰ ਫ਼ਿਕਰ ਪਾ ਦਿੱਤਾ ਸੀ।

"ਮੈਂ ਕਾਫ਼ੀ ਦੇਰ ਤੋਂ ਸੋਚ ਰਿਹਾ ਸਾਂ ਕਿ ਮੇਰੇ ਦਫ਼ਤਰ ਦੇ ਕਰਮਚਾਰੀ ਬਹੁਤ ਹੀ ਕੰਮ ਕਰਦੇ ਨੇ ਪਰ ਮੈਨੂੰ ਅਫ਼ਸੋਸ ਹੈ ਕਿ ਮੈਂ ਕਿਸੇ ਨੂੰ ਸ਼ਾਬਾਸ਼ ਨਹੀਂ ਦੇ ਸਕਿਆ। ਅੱਜ ਮੈਂ ਮਹਿਸੂਸ ਕੀਤਾ ਹੈ ਕਿ ਮੇਰੇ ਹੱਥੋਂ ਇਕ ਦੋ ਸੱਜਣਾਂ ਨੂੰ ਖ਼ਾਸ ਕਰਕੇ ਰਾਮ ਸਿੰਘ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ, ਮੈਂ ਉਨ੍ਹਾਂ ਤੋਂ ਖਿਮਾ ਮੰਗਦਾ ਹਾਂ। ਰਾਮ ਸਿੰਘ ਦੀ ਚਾਰਜਸ਼ੀਟ ਵਾਪਸ ਕਰਾਉਣ ਦੀ ਕੋਸ਼ਿਸ਼ ਕਰਾਂਗਾ, ਅੱਗੇ ਤੋਂ ਹਰ ਇਕ ਨੂੰ ਇਨਸਾਫ਼ ਦਾ ਯਕੀਨ ਦਿਵਾਉਂਦਾ ਹਾਂ। ਇਨਾਮ ਦੇ ਤੌਰ 'ਤੇ ਸਭ ਚਪੜਾਸੀਆਂ ਨੂੰ ਦਸ ਦਸ ਰੁਪਏ, ਮੰਗਤ ਰਾਮ ਨੂੰ 20 ਰੁਪਏ ਤੇ ਰਾਮ ਸਿੰਘ ਨੂੰ ਇੰਨਸੈਂਟਿਵ ਦੇ ਤੌਰ 'ਤੇ ਆਪਣੀ ਤਨਖਾਹ ਵਿਚੋਂ ਇਕ ਸਾਲ ਵਾਸਤੇ 50 ਰੁਪਏ ਦਿਆਂ ਕਰਾਂਗਾ। ਮੈਨੂੰ ਆਸ ਹੈ ਕਿ ਤੁਸੀਂ ਸਾਰੇ ਵਧ ਚੜ੍ਹ ਕੇ ਮੈਨੂੰ ਸਹਿਯੋਗ ਦੇਂਦੇ ਰਹੋਗੇ।'

ਚਾਰ ਚੁਫੇਰੇ ਤਾੜੀਆਂ ਦੀ ਅਵਾਜ਼ ਗੂੰਜ ਗਈ। ਸਾਰੇ ਸੋਚ ਰਹੇ ਸਨ,

"ਜ਼ਰੂਰ ਰਾਮ ਸਿੰਘ ਦੀ ਕੋਈ ਤਕੜੀ ਸਿਫ਼ਾਰਸ਼ ਆ ਪਹੁੰਚੀ ਹੈ ਤਾਂ ਹੀ ਸਾਹਿਬ ਅੱਜ ਇਸ 'ਤੇ ਏਨਾ ਦਿਆਲ ਹੋਇਆ ਹੈ।' ***

---

## 'ਸੁੱਚਾ ਗੁਲਾਬ' ਇੱਕ ਸੁੱਚੀ ਲਿਖਤ

*(ਪਿਛਲੇ ਸਫੇ ਦੀ ਬਾਕੀ)*

ਦੇ ਖ਼ੌਫ਼ ਤੋਂ ਦਹਿਸ਼ਤ-ਜ਼ਦਾ ਹੋ ਕੇ ਭਗੌੜੇ ਹੋ ਗਏ। ਉਨ੍ਹਾਂ ਦੀ ਘਰ-ਵਾਪਸੀ ਦੇ ਸਾਰੇ ਰਾਹ ਬੰਦ ਹੋ ਗਏ ਤੇ ਅੰਜਾਈਂ ਜ਼ਿੰਦਗੀਆਂ ਗਵਾ ਬੈਠੇ।

ਇਸ ਕਹਾਣੀ ਦੇ ਪਾਤਰਾਂ ਦਾ ਦੁਖਾਂਤ ਬੜਾ ਗੂੜ੍ਹਾ ਹੈ। ਪੁਲਿਸ ਨੇ ਰੂਪ ਨਾਲ ਬਲਾਤਕਾਰ ਕੀਤਾ ਤੇ ਉਹਦੇ ਨਾਲ ਹੋਈ ਵਧੀਕੀ ਨੇ ਪੰਮੇ, ਸੁਖ ਹੁਰਾਂ ਨੂੰ ਘਰੋਂ ਨਿਕਲਣ ਲਈ ਮਜਬੂਰ ਕੀਤਾ। ਸੁਖ ਦਾ ਭਰਾ ਤਾਂ ਅਧਿਆਪਕ ਸੀ, ਆਪਣੀ ਨੌਕਰੀ ਕਰਦਾ। ਪਰ ਪੁਲਿਸ ਦੇ ਲਗਾਤਾਰ ਤਸ਼ੱਦਦ ਨੇ ਉਹਨੂੰ ਵੀ ਘਰੋਂ ਭੱਜਣ ਲਈ ਮਜਬੂਰ ਕਰ ਦਿੱਤਾ। ਬਜ਼ੁਰਗ ਮਾਂ-ਬਾਪ ਜ਼ਲੀਲ ਕੀਤੇ ਗਏ। ਉਸ ਦੌਰ ਵਿਚ ਇੰਜ ਹੀ ਹੁੰਦਾ ਰਿਹਾ ਸੀ ਭਰੇ ਪੂਰੇ ਪਰਿਵਾਰਾਂ ਨਾਲ ਤੇ ਉਨ੍ਹਾਂ ਨੂੰ ਤਬਾਹ ਕੀਤਾ ਗਿਆ।

ਬੀਰੀ ਹੋਰਨਾਂ ਦਹਿਸ਼ਤ ਪੀੜਤਾਂ ਵਾਂਙ ਆਪਣੇ ਬੱਚੇ ਨੂੰ ਲੈ ਕੇ ਵਿਦੇਸ਼ ਆ ਜਾਂਦੀ ਹੈ। ਬੇਟਾ ਨਵਰਾਜ ਵੱਡਾ ਹੋ ਰਿਹਾ ਹੈ। ਦੁੱਖਾਂ ਨੂੰ ਕਲੇਜੇ ਨਾਲ ਲਾ ਕੇ ਮਾਂ ਪੁੱਤ ਲਈ ਵੱਡੇ ਸੁਪਨੇ ਲੈ ਰਹੀ ਹੈ। ਡਾਕਟਰ ਬਨਾਉਣ ਦੇ ਪਾਇਲਟ ਬਨਾਉਣ ਦੇ। ਕਹਾਣੀ ਪਿੱਛੇ ਨੂੰ ਯਾਦ ਰੱਖਦੀ ਅੱਗੇ ਵਧਣ ਅਤੇ ਸਤਹ ਤੋਂ ਉੱਚੇ ਉੱਠਣ ਦੇ ਸੰਕੇਤਿਕ ਸੁਨੇਹੇ ਨਾਲ ਖ਼ਤਮ ਹੁੰਦੀ ਹੈ।

ਕਹਾਣੀ ਵਿਚ ਵਾਰਤਾਲਾਪ ਸਿਰਜਣਾ, ਦ੍ਰਿਸ਼ ਸਿਰਜਣਾ ਤੇ ਭਾਸ਼ਾਈ ਸੂਹਜ ਦੇ ਸਹਿਜ ਝਲਕਾਰੇ ਮਿਲਦੇ ਹਨ।

'ਲੰਗੜੇ ਕਤੂਰੇ' ਕਹਾਣੀ ਅਮਰੀਕੀ ਸਮਾਜ ਦੀਆਂ ਅਨੇਕਾਂ ਲੁਕਵੀਆਂ ਪਰਤਾਂ 'ਤੇ ਝਾਤ ਪਵਾਉਂਦੀ ਹੈ। ਪਹਿਲਾ ਨੁਕਤਾ ਹੈ ਅਮਰੀਕੀ ਸਮਾਜ ਵਿਚ ਲਿੰਗ-ਖੁਲ੍ਹ ਕਾਰਨ ਔਰਤ-ਮਰਦ ਦੇ ਅਜਿਹੇ ਸੰਬੰਧਾਂ ਦਾ ਪ੍ਰਗਟਾਵਾ, ਜਿਨ੍ਹਾਂ ਵਿਚ ਇਕ ਦੂਜੇ ਪ੍ਰਤੀ ਸਮਰਪਣ ਦੀ ਭਾਵਨਾ ਦੀ ਥਾਂ ਸਰੀਰਕ ਖੁੱਲ੍ਹ ਖੇਡ ਦਾ ਆਨੰਦ ਮਾਨਣਾ ਪਹਿਲ ਬਣ ਜਾਂਦੀ ਹੈ। ਇਸ ਖੁੱਲ੍ਹ ਖੇਡ ਦਾ ਦੁਖਾਂਤ ਔਲਾਦ ਨੂੰ ਭੁਗਤਣਾ ਪੈਂਦਾ ਹੈ। ਡੈਨੀ ਇਸਦੀ ਪ੍ਰਤੀਨਿਧ ਉਦਾਹਰਣ ਹੈ। ਡੈਨੀ ਦੀ ਮਾਂ ਨੇ ਡੈਨੀ ਦੇ ਬਾਪ ਨਾਲ ਸਰੀਰਕ ਸੰਬੰਧਾਂ ਵਿਚੋਂ ਡੈਨੀ ਨੂੰ ਪੈਦਾ ਤਾਂ ਕਰ ਲਿਆ, ਪਰ ਡੈਨੀ ਪਿਤਾ-ਪਿਆਰ ਤੋਂ ਵਿਰਵਾ ਰਿਹਾ। ਮਾਂ ਨੂੰ ਆਪਣੇ ਲਿੰਗ ਸੰਬੰਧਾਂ ਵਿਚੋਂ ਪੈਦਾ ਹੋਏ ਬੱਚੇ ਨਾਲ ਨਫ਼ਰਤ ਵੀ ਹੈ ਕਿਉਂਕਿ ਉਹ ਅਜਿਹੇ ਰਿਸ਼ਤੇ ਦੀ ਪੈਦਾਇਸ਼ ਹੈ, ਜਿਸ ਰਿਸ਼ਤੇ ਤੋਂ ਉਸਨੂੰ ਨਫ਼ਰਤ ਹੋ ਚੁੱਕੀ ਹੈ ਤੇ ਉਹ ਗੁਨਾਹ ਦਾ ਅਹਿਸਾਸ ਚੁੱਕੀ ਫਿਰਦੀ ਹੈ। ਦੂਜੇ ਪਲ ਉਹਦਾ ਮਾਂ-ਮੋਹ ਵੀ ਜਾਗਦਾ ਹੈ ਤੇ ਉਹ ਡੈਨੀ ਨੂੰ ਗਲਵੱਕੜੀ ਨਾਲ ਲਾ ਕੇ ਉਹਨੂੰ ਚੁੰਮਦੀ ਵੀ ਹੈ। ਇੰਝ ਅਮਰਜੀਤ ਇਕ ਇਕੱਲੀ ਮਾਂ ਦੇ ਮਨ ਦੀਆਂ ਦੁਖੰਡ ਹੋਈਆਂ ਭਾਵਨਾਵਾਂ ਨੂੰ ਮਨੋਵਿਗਿਆਨੀ ਵਾਂਗ ਸਮਝਦੀ ਤੇ ਬਿਆਨਦੀ ਹੈ।

ਇਸ ਕਹਾਣੀ ਦੀ ਖ਼ੂਬੀ ਇਹ ਹੈ ਕਿ ਇਹ ਅਮਰੀਕੀ ਸਮਾਜ ਵਿਚ ਬੇਰੋਕ ਲਿੰਗ-ਖੁੱਲ੍ਹ ਨੂੰ ਵਿਅੰਗ ਦੀ ਦ੍ਰਿਸ਼ਟੀ ਤੋਂ ਚਿਤਰਦੀ ਹੈ। ਪ੍ਰੀਤੀ ਅਮਰੀਕਾ ਵਿਚ ਇਸ ਕਰ ਕੇ ਆਉਣਾ ਪਸੰਦ ਕਰਦੀ ਹੈ ਕਿਉਂਕਿ ਏਥੇ 'ਖੁੱਲ੍ਹਾ-ਡੁੱਲ੍ਹਾ' ਸਮਾਜ ਹੈ। ਇਸ ਸਮਾਜ ਦੇ ਖੁੱਲ੍ਹੇ-ਡੁੱਲ੍ਹੇ ਹੋਣਾ ਇਹਦੀ ਵਿਸ਼ੇਸ਼ਤਾ ਵੀ ਹੈ ਪਰ 'ਖੁੱਲ੍ਹ-ਖੇਡ' ਹੋਣ ਦੀਆਂ ਆਪਣੀਆਂ ਮੁਸ਼ਕਿਲਾਂ ਵੀ ਹਨ। ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਡੈਨੀ ਦੀ ਮਾਂ ਨੂੰ ਕਰਨਾ ਪੈਂਦਾ ਹੈ। ਨਵੇਂ ਬੰਦੇ ਨਾਲ ਸੰਬੰਧਾਂ ਦੀ ਕਰੂਪਤਾ ਵਿਚੋਂ ਨਿਕਲਣ ਲਈ ਕਾਰਨ ਬਣੀ ਸਥਿਤੀ ਉਦੋਂ ਨਵੀਂ ਕਰੂਪ ਸਥਿਤੀ ਵਿਚ ਬਦਲ ਜਾਂਦੀ ਹੈ ਜਦੋਂ ਧਰਮ ਦੀ ਠਾਹਰ ਵਿਚ ਸੁਖ-ਸ਼ਾਂਤੀ ਲਈ ਗਏ ਡੈਨੀ ਨੂੰ ਫਾਦਰ ਦੀ ਲਿੰਗ-ਭੁੱਖ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਹਾਣੀ ਧਰਮ ਦੇ ਦਿੱਖ ਅਤੇ ਤੱਤ ਦੇ ਭੇਤ ਨੂੰ ਖੋਲ੍ਹਦੀ ਹੈ। ਲੋਕਾਂ ਦਾ ਮਸੀਹਾ ਬਣਿਆਂ, ਬੇਘਰੇ ਤੇ ਬੇਆਸਰਾ ਬੱਚਿਆਂ ਦਾ 'ਆਸਰਾ' ਬਣਿਆ ਫਾਦਰ ਲੋਕਾਂ ਲਈ ਰੱਬ ਰੂਪ ਹੈ, ਪਰ ਡੈਨੀ ਤੇ ਪੀਟਰ ਵਰਗੇ ਬੱਚਿਆਂ ਲਈ ਬੋਟੀਆਂ ਚੂੰਡਣ ਵਾਲਾ ਬਘਿਆੜ ਹੈ।

ਲੇਖਿਕਾ ਦੀ ਖ਼ੂਬੀ ਇਹ ਹੈ ਕਿ ਪ੍ਰੀਤੀ ਨਾਂ ਦੇ ਪਾਤਰ ਦਾ ਪ੍ਰਵੇਸ਼ ਕਰਵਾ ਕੇ ਪੰਜਾਬੀ ਸਮਾਜ ਵਿਚਲੇ ਧਰਮ ਤੇ ਸਭਿਆਚਾਰ ਦੀ ਦਿੱਖ ਅਤੇ ਤੱਤ ਦੇ ਭੇਤ ਦਾ ਭਾਂਡਾ ਵੀ ਭੰਨ ਦਿੰਦੀ ਹੈ।

ਕਹਾਣੀ ਇੱਕ ਸਾਕਾਰਾਤਮਕ ਨੋਟ 'ਤੇ ਖ਼ਤਮ ਹੁੰਦੀ ਹੈ। ਠੀਕ ਹੈ ਸਮਾਜ ਵਿਚ ਏਤੀ ਮਾਰ ਪਈ ਕੁਰਲਾਣੇ ਵਾਲੀ ਹਾਲਤ ਬਣੀ ਹੋਈ ਹੈ ਪਰ ਇਹ ਵੀ ਸੱਚ ਹੈ ਕਿ ਇਹ ਕੁਰਲਾਹਟ ਵੀ ਬੰਦੇ ਨੇ ਹੀ ਦੂਰ ਕਰਨੀ ਹੈ।

ਕਹਾਣੀ ਆਸ਼ਾਵਾਦੀ ਸੁਨੇਹੇ ਨਾਲ ਖ਼ਤਮ ਹੁੰਦੀ ਹੈ, ਪਰ ਇਹ ਸੁਨੇਹਾ ਸ਼ੋਰੀਲਾ ਨਹੀਂ, ਮੱਧਮ ਸੁਰ ਵਾਲਾ ਹੈ। ਕਲਾਤਮਕ ਹੈ।

ਸੁਨੇਹਾ ਇਹ ਵੀ ਹੈ ਕਿ ਇਸ ਹਾਲਾਤ ਵਿਚੋਂ ਨਿਕਲਣ ਲਈ ਗਿਆਨ ਦੀ ਜ਼ਰੂਰਤ ਵੀ ਹੈ ਤੇ ਉਸ ਗਿਆਨ ਨੂੰ ਅਮਲ ਵਿਚ ਲਿਆ ਕੇ ਮਨੁੱਖਤਾ ਦਾ ਭਲਾ ਕਰਨ ਲਈ ਇਨਸਾਨੀ ਜ਼ਿੰਮੇਵਾਰੀ ਨਿਭਾਉਣ ਦੀ ਵੀ ਹੈ।

ਸੁਪਨੇ ਦੀ ਜੁਗਤ ਰਾਹੀਂ ਡੈਨੀ ਵਿਚ ਜੀਸਿਸ ਦਾ ਚਾਨਣ-ਦੀਦਾਰ ਫਾਦਰ ਵਿਰੁੱਧ ਵਿਦਰੋਹ ਬਣ ਕੇ ਫੁੱਟਦਾ ਹੈ। ਕੋਈ ਭਾਸ਼ਨੀ ਜੁਗਤ ਵਰਤਣ ਦੀ ਥਾਂ ਸੁਪਨੇ ਦੀ ਜੁਗਤ ਵਰਤਣਾ ਦੱਸਦਾ ਹੈ ਕਿ ਅਮਰਜੀਤ ਨੂੰ ਕਲਾਤਮਕ ਬਿੰਬ ਵਰਤਣੇ ਆਉਂਦੇ ਹਨ। ਇੰਝ ਹੀ ਵੀਪਿੰਗ ਵਿਲੋ ਵੇਲ ਵਿਚੋਂ ਡੈਨੀ ਨੂੰ ਮਾਂ ਦਾ ਝਲਕਾਰਾ ਮਿਲਣਾ ਮਨੁੱਖ ਦੀ ਪ੍ਰਕਿਰਤੀ ਨਾਲ ਆਦਿ-ਕਾਲੀਨ ਸਾਂਝ ਦਾ ਪ੍ਰਤੀਕ ਹੈ ਜਿੱਥੇ ਪ੍ਰਕਿਰਤੀ ਸਦਾ ਮਨੁੱਖ ਦੀ ਧਿਰ ਤੇ ਧਰਵਾਸ ਬਣਦੀ ਰਹੀ ਹੈ। ਐਵੇਂ ਨਹੀਂ ਸੀ ਸ਼ਿਵ ਨੇ ਲਿਖਿਆ 'ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ।'

ਇਹ ਕਹਾਣੀ ਪੰਜਾਬ ਵਿਚ ਲਿੰਗ-ਸੰਬੰਧਾਂ ਦੀ ਖੁੱਲ੍ਹ ਬਾਰੇ ਲਿਖੀ ਜਾਣ ਵਾਲੀ ਕਹਾਣੀ ਤੋਂ ਵੱਖਰੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀਆਂ ਕੁਝ ਇਸਤਰੀ ਲੇਖਿਕਾਵਾਂ ਵਿਅਕਤੀਗਤ ਆਜ਼ਾਦੀ ਦੇ ਨਾਂ 'ਤੇ ਖੁੱਲ੍ਹੇ ਲਿੰਗ ਸੰਬੰਧਾਂ ਨੂੰ ਪ੍ਰਵਾਨਗੀ ਦੀ ਦ੍ਰਿਸ਼ਟੀ ਤੋਂ ਪੇਸ਼ ਕਰ ਰਹੀਆਂ ਹਨ ਜਦ ਕਿ 'ਲੰਗੜੇ ਕਤੂਰੇ' ਕਹਾਣੀ ਇਸ ਲਿੰਗ-ਖੁੱਲ੍ਹ ਨੂੰ ਪ੍ਰਵਾਨਗੀ ਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਇਸ ਵਿਚਲੀ ਵਿਕਰਾਲਤਾ ਤੇ ਕਰੂਪਤਾ ਨੂੰ ਵਿਡੰਬਨਾਤਮਕ ਦ੍ਰਿਸ਼ਟੀ ਤੋਂ ਚਿਤਰਦੀ ਹੈ। ਪੰਜਾਬ ਦੀਆਂ ਲੇਖਿਕਾਵਾਂ ਨੂੰ ਇਸ ਕਹਾਣੀ ਤੋਂ ਕੁਝ ਸਿੱਖਣਾ ਚਾਹੀਦਾ ਹੈ।

ਜਿਹੜੀ ਗੱਲ ਸਾਰੀਆਂ ਕਹਾਣੀਆਂ ਵਿਚੋਂ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਹੈ ਅਮਰਜੀਤ ਪੰਨੂੰ ਦਾ ਜੀਵਨ ਪ੍ਰਤੀ ਸਾਕਾਰਾਤਮਕ ਨਜ਼ਰੀਆ। ਉਹ ਜੀਵਨ ਦੀ ਪੇਚੀਦਗੀਆਂ ਤੇ ਗੁੰਝਲਾਂ ਨੂੰ ਵੀ ਬਿਆਨਦੀ ਹੈ ਪਰ ਗੁੰਝਲਾਂ ਵਿਚੋਂ ਨਿਕਲਣ ਦਾ ਰਾਹ ਵੀ ਦੱਸਦੀ ਹੈ। ਇਹ ਰਾਹ ਸੰਕੇਤਕ ਅਤੇ ਕਲਾਤਮਕ ਹੁੰਦਾ ਹੈ। ਇਸਦੀ ਸੁਰ ਕਦੀ ਵੀ 'ਭਾਸ਼ਨੀ' ਨਹੀਂ ਹੁੰਦੀ। ਇੱਕ ਹੋਰ ਨੁਕਤਾ ਉਹਨੇ 'ਲੰਗੜੇ ਕਤੂਰੇ' ਕਹਾਣੀ ਵਿਚ ਬੜੇ ਕਲਾਤਮਕ ਅੰਦਾਜ਼ ਵਿਚ ਪੇਸ਼ ਕੀਤਾ ਹੈ। ਉਹ ਹੈ ਗੁਰੂ ਨਾਨਕ ਪਾਤਸ਼ਾਹ ਦਾ ਰੱਬ ਨੂੰ ਦਿੱਤਾ ਉਲਾਹਮਾ, ''ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ॥'' ਬਾਰੇ ਉਹ ਗੁਰੂ ਨਾਨਕ ਦਾ ਨਾਂ ਨਹੀਂ ਲੈਂਦੀ। ਇਸ ਦਾ ਹਵਾਲਾ ਡੈਨੀ ਦਿੰਦਾ ਹੈ। ਇਹ ਹਵਾਲਾ ਡੈਨੀ ਨੇ ਆਪਣੇ ਅਧਿਅਨ ਦੇ ਝਰੋਖੇ ਵਿਚੋਂ ਦਿੱਤਾ ਹੈ। ਡੈਨੀ ਵੱਲੋਂ ਇਸਦਾ ਜ਼ਿਕਰ ਇਸ ਸੱਚ ਵੱਲ ਇਸ਼ਾਰਾ ਹੈ ਕਿ ਗੁਰੂ ਨਾਨਕ ਦਾ ਸੁਨੇਹਾ ਵਿਸ਼ਵ ਵਿਆਪੀ ਸੀ। ਉਹ ਸੁਨੇਹਾ ਅੱਜ ਵੀ ਸਾਰਥਕ ਹੈ। ਮਨੁੱਖਤਾ ਦੇ ਦਰਦ ਨੂੰ ਮਨੁੱਖ ਦੀ ਹਿੰਮਤ ਤੇ ਅਮਲ ਹੀ ਦੂਰ ਕਰ ਸਕਦੇ ਹਨ। ਇੰਝ ਅਮਰਜੀਤ ਬੜੇ ਸੂਖਮ ਅੰਦਾਜ਼ ਵਿਚ ਸਾਡੇ ਸਾਹਿਤ ਦੀ ਮਹਾਨ ਵਿਰਾਸਤ ਨਾਲ ਜੋੜ ਕੇ ਅੱਜ ਦੇ ਲੇਖਕ ਨੂੰ ਦੱਸਣਾ ਚਾਹ ਰਹੀ ਹੈ ਕਿ ਸਾਡੇ ਕੋਲ ਸਾਹਿਤਕ-ਮੁੱਲਾਂ ਦੀ ਮਹਾਨ ਪਰੰਪਰਾ ਹੈ ਤੇ ਉਸ ਪਰੰਪਰਾ ਨਾਲ ਜੁੜ ਕੇ ਸਾਡਾ ਸਾਹਿਤਕਾਰ ਜੀਵਨ ਨੂੰ ਹਾਂਦਰੂ ਨਜ਼ਰੀਏ ਨਾਲ ਵੇਖ ਤੇ ਚਿਤਰ ਸਕਦਾ ਹੈ।

ਮੈਂ 'ਦਾਲ ਵਿਚੋਂ ਚਾਰ ਦਾਣੇ ਟੋਹ ਕੇ ਵਿਖਾਏ ਹਨ,' ਬਾਕੀ ਦਾਣੇ ਆਪ ਟੋਹ ਕੇ ਵੇਖੋ ਕਿ 'ਖੀਰ' ਕੈਸੀ ਬਣੀ ਹੈ। ਸਵਾਦ ਆਵੇਗਾ।

ਕਈ ਦਹਾਕੇ ਪਹਿਲਾਂ ਮਾਸਿਕ ਪੱਤਰ 'ਆਰਸੀ' ਵਿਚ ਕਰਤਾਰ ਸਿੰਘ ਦੁੱਗਲ' ਦੀਆਂ ਕਹਣੀਆਂ ਦੀ ਮਸ਼ਹੂਰੀ ਕਰਦਾ ਇਕ ਇਸ਼ਤਿਹਾਰ ਛਪਦਾ ਹੁੰਦਾ ਸੀ। ਮੈਂ ਉਸ ਇਸ਼ਤਿਹਾਰ ਦੀ ਇਬਾਰਤ ਵਿਚੋਂ ਕੇਵਲ ਕਰਤਾਰ ਸਿੰਘ ਦੁੱਗਲ ਦੀ ਥਾਂ ਅਮਰਜੀਤ ਪੰਨੂੰ ਦਾ ਨਾਂ ਲਿਖ ਕੇ ਆਪਣੀ ਗੱਲ ਮੁਕਾ ਦਿੱਤੀ ਹੈ:

'ਜਾਦੂ ਉਹ ਜੋ ਸਿਰ ਚੜ੍ਹ ਬੋਲੇ, ਕਹਾਣੀ ਉਹ ਜਿਹੜੀ ਬਣ ਜਾਵੇ ਤੇ ਪੈ ਜਾਵੇ। ਤੇ ਅਮਰਜੀਤ ਪੰਨੂੰ ਨੂੰ ਕਹਾਣੀ ਬਣਾਉਣੀ ਵੀ ਆਉਂਦੀ ਹੈ ਤੇ ਪਾਉਣੀ ਵੀ।'

# ਗੁਰੂ ਨਾਨਕ ਬਾਣੀ ਵਿਚ ਮਨੁੱਖੀ ਸਮਾਨਤਾ

ਗੁਰੂ ਨਾਨਕ ਸਾਹਿਬ ਵੱਲੋਂ ਦਿੱਤਾ ਜੀਵਨ-ਦਰਸ਼ਨ ਸਰਬ-ਅਲਿੰਗਨਕਾਰੀ ਹੈ ਜੋ ਸਰਬ ਸਮਿਆਂ ਵਾਸਤੇ ਅਤੇ ਸਮੁੱਚੀ ਮਨੁੱਖਤਾ ਲਈ ਹੈ। ਉਨ੍ਹਾਂ ਨੇ ਸਮਾਜਿਕ ਧਰਮ ਸਥਾਪਤ ਕੀਤਾ ਜਿਸ ਦਾ ਆਧਾਰ ਸਤਿ, ਸੰਤੋਖ, ਸੰਜਮ, ਗਿਆਨ, ਸਿਆਣਪ, ਵਿਚਾਰ, ਦਇਆ, ਹਲੀਮੀ, ਨਿਰਭਉ, ਨਿਰਵੈਰ, ਨਿਆਉਂ, ਪਰਉਪਕਾਰ ਆਦਿਕ ਨੈਤਿਕ ਗੁਣਾਂ ਨੂੰ ਬਣਾਇਆ। ਉਨ੍ਹਾਂ ਨੇ ਸਮੁੱਚੀ ਮਾਨਵਤਾ ਵਾਸਤੇ ਪ੍ਰੇਮ, ਅਮਨ, ਸਰਬਤ ਦਾ ਭਲਾ, ਅਧਿਆਤਮਕ ਅਨੁਭਵ ਨੂੰ ਦੂਸਰਿਆਂ ਨਾਲ ਵੰਡਣ, ਮਾਨਵ ਮੁਕਤੀ, ਪਰਮਾਤਮ ਏਕਤਾ ਅਤੇ ਮਨੁੱਖੀ ਏਕਤਾ ਦਾ ਸੁਨੇਹਾ ਬਿਨਾਂ ਕਿਸੇ ਧਰਮ, ਜਾਤ, ਨਸਲ, ਰੰਗ ਅਤੇ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਸੰਪਰਦਾਇਕ ਵਖਰੇਵੇਂ ਦੇ ਦਿੱਤਾ। ਇਸ ਨੂੰ ਧਿਆਨ ਵਿਚ ਰੱਖਦਿਆਂ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਪ੍ਰਾਪਤ ਸਮਾਨਤਾ ਦੇ ਵਿਭਿੰਨ ਪਾਸਾਰਾਂ ਨੂੰ ਜਾਣਨਾ ਅਤੇ ਸਮਝਣਾ ਲਾਹੇਵੰਦਾ ਹੋਵੇਗਾ।

ਗੁਰੂ ਨਾਨਕ ਸਾਹਿਬ ਨੇ ਇਸ ਸੰਸਾਰ ਨੂੰ ਸਤਿ ਮੰਨਿਆ ਹੈ ਕਿਉਂਕਿ ਇਸ ਦੀ ਰਚਨਾ ਉਸ ਪਰਮਸਤਿ ਨੇ ਆਪਣੇ ਆਪ ਤੋਂ ਕੀਤੀ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ੴ ਕਿਹਾ ਹੈ "ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਸਤਿ ਤੇ ਸਗਲੀ ਉਤਪਤਿ॥" ਉਹ ਪਰਮਸਤਿ ਕੁਦਰਤਿ ਨੂੰ ਰਚ ਕੇ ਆਪ ਇਸ ਵਿਚ ਵਸ ਰਿਹਾ ਹੈ "ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" ਅਤੇ ਉਸ ੴ ਦੀ ਇਸੇ ਵਿਆਪਕਤਾ ਕਾਰਨ ਮਨੁੱਖ ਨੂੰ ਜਗਦੀਸੈ-ਅੰਸ਼ ਪਰਵਾਨ ਕੀਤਾ ਹੈ।

ਗੁਰੂ ਨਾਨਕ ਸਾਹਿਬ ਦੇ ਆਗਮਨ ਵੇਲੇ ਸਮਾਜ ਦੀ ਜੋ ਹਾਲਤ ਸੀ ਉਸ ਦਾ ਜ਼ਿਕਰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਿਲ ਜਾਂਦਾ ਹੈ ਅਤੇ ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਇਸ ਦਾ ਵਰਣਨ ਕੀਤਾ ਹੈ। ਵਰਣ-ਆਸ਼੍ਰਮ ਧਰਮ ਦਾ ਸਿਧਾਂਤ ਹਿੰਦੂ ਫ਼ਲਸਫ਼ੇ ਦਾ ਕੇਂਦਰੀ ਧੁਰਾ ਹੈ ਜਿਸ ਦੇ ਦੁਆਲੇ ਸਾਰਾ ਸਮਾਜਿਕ ਤਾਣਾ-ਬਾਣਾ ਉਸਰਿਆ ਹੋਇਆ ਹੈ ਅਤੇ ਜਿਸ ਰਾਹੀਂ ਵੈਦਿਕ ਸਮਾਜ ਦੀ ਦਰਜਾਬੰਦੀ ਕੀਤੀ ਗਈ ਸੀ। ਮਨੁੱਖ ਦੇ ਜੀਵਨ ਨੂੰ ਸੌ ਸਾਲ ਦਾ ਤਸੱਵਰ ਕਰ ਕੇ ਇਸ ਨੂੰ ਚਾਰ ਆਸ਼੍ਰਮਾਂ ਬ੍ਰਹਮਚਰਯ, ਗ੍ਰਹਿਸਤ, ਵਾਣਪ੍ਰਸਤ ਅਤੇ ਸੰਨਿਆਸ ਵਿਚ ਵੰਡਿਆ ਹੋਇਆ ਸੀ। ਇਸੇ ਤਰ੍ਹਾਂ ਸਮਾਜ ਨੂੰ ਚਾਰ ਵਰਣਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਹੋਇਆ ਸੀ। ਇਸ ਦੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਅਸੀਂ ਕਹਿ ਸਕਦੇ ਹਾਂ ਕਿ ਰਿਗ ਵੇਦ ਦੇ ਪੁਰਸ਼ ਸੂਕਤ ਵਿਚ ਉਤਪਤੀ ਦਾ ਸਿਧਾਂਤ; ਮਨੂਸਿਮ੍ਰਤੀ, ਭਾਗਵਤ ਪੁਰਾਣ ਅਤੇ ਭਗਵਤ ਗੀਤਾ ਆਦਿ ਹਿੰਦੂ ਸ਼ਾਸਤਰਾਂ ਵਿਚ ਇਸ ਦਾ ਜ਼ਿਕਰ ਵਿਸਥਾਰ ਵਿਚ ਮਿਲ ਜਾਂਦਾ ਹੈ। ਸਮਾਂ ਬੀਤਣ ਨਾਲ ਕਿੱਤਾ-ਆਧਾਰਤ ਕੀਤੀ ਇਹ ਵਰਣ-ਆਸ਼੍ਰਮ ਵੰਡ ਕੱਟੜ ਜਾਤੀ-ਪ੍ਰਬੰਧ ਵਿਚ ਬਦਲ ਗਈ, ਜਿਸ ਨੇ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਜਿਵੇਂ ਛੂਆ-ਛੂਤ, ਉਚ-ਨੀਚ, ਧਾਰਮਿਕ ਕੱਟੜਤਾ, ਜੋਗੀਆਂ, ਸੰਨਿਆਸੀਆਂ ਆਦਿ ਦੇ ਵਿਹਲੇ ਬੈਠ ਕੇ ਖਾਣ ਵਾਲੇ ਵਰਗਾਂ ਨੂੰ ਜਨਮ ਦਿੱਤਾ।

ਗੁਰੂ ਨਾਨਕ ਸਾਹਿਬ ਨੇ ਜਾਤਿ, ਜਨਮ, ਨਸਲ, ਜਮਾਤ ਅਤੇ ਇਸਤਰੀ-ਪੁਰਸ਼ ਆਦਿ 'ਤੇ ਆਧਾਰਤ ਕਿਸੇ ਵੀ ਕਿਸਮ ਦੇ ਵਖਰੇਵੇਂ ਅਤੇ ਅਸਮਾਨਤਾ ਨੂੰ ਨਕਾਰਿਆ ਹੈ। ਉਨ੍ਹਾਂ ਨੇ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ: ਗੁਰਮੁਖਿ ਅਤੇ ਮਨਮੁਖਿ। ਗੁਰਮੁਖਿ ਜੋ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਸਤਿ, ਸੰਤੋਖ, ਗਿਆਨ, ਦਇਆ, ਧਰਮ, ਹਲੀਮੀ, ਨਿਆਉਂ ਨਿਰਭੈ, ਨਿਰਵੈਰ ਆਦਿ ਗੁਣਾਂ ਨੂੰ ਗ੍ਰਹਿਣ ਕਰਦੇ ਹਨ। ਮਨਮੁਖ ਜੋ ਆਪਣੇ ਮਨ ਦੀਆਂ ਬਿਰਤੀਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਅਨੁਸਾਰ ਚੱਲ ਕੇ ਕਰਮ ਕਰਦੇ ਹਨ। ਇਸ ਤੋਂ ਬਿਨਾ ਹੋਰ ਕਿਸੇ ਵੀ ਕਿਸਮ ਦੀ ਮਨੁੱਖੀ ਵੰਡ ਪ੍ਰਵਾਨ ਨਹੀਂ ਕੀਤੀ। ਗੁਰੂ ਨਾਨਕ ਸਾਹਿਬ ਨੇ ਸਾਰੇ ਮਨੁੱਖਾਂ ਦਾ ਸ੍ਰੋਤ ਇਕੋ ਪਰਮਸਤਿ ਨੂੰ ਮੰਨਦਿਆਂ ਸਭ ਵਿਚ ਇਕੋ ਰੱਬੀ ਜੋਤਿ ਦੀ ਵਿਆਪਕਤਾ ਪ੍ਰਵਾਨ ਕੀਤੀ ਹੈ ਜਿਸ ਤੋਂ ਸਾਰੇ ਮਨੁੱਖ ਰੋਸ਼ਨ ਹਨ, "ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥" ਇਸੇ ਜੋਤਿ ਦਾ ਅਨੁਭਵ ਮਨੁੱਖ ਨੇ ਆਪਣੇ ਅੰਦਰ ਕਰਨਾ ਹੈ ਅਤੇ ਇਹ ਅਨੁਭਵ ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਹੁੰਦਾ ਹੈ "ਗੁਰ ਸਾਖੀ ਜੋਤਿ ਪਰਗਟੁ ਹੋਇ॥" ਇਸ ਅਨੁਭਵ ਦਾ ਅਧਿਕਾਰ ਬਿਨਾ ਕਿਸੇ ਭਿੰਨ-ਭੇਦ ਦੇ ਹਰ ਇਕ ਮਨੁੱਖ ਨੂੰ ਹੈ ਭਾਵੇਂ ਕੋਈ ਇਸਤਰੀ ਹੈ ਜਾਂ ਪੁਰਸ਼; ਕਿਸੇ ਵੀ ਸਥਾਨ ਅਤੇ ਵਰਗ ਵਿਚ ਪੈਦਾ ਹੋਇਆ ਹੈ। ਇਸ ਲਈ ਅਧਿਆਤਮਕ ਅਨੁਭਵ ਲਈ ਸਾਰੇ ਮਨੁੱਖ ਸਮਾਨ ਹਨ ਅਤੇ ਬਰਾਬਰ ਦੇ ਅਧਿਕਾਰੀ ਹਨ। ਗੁਰੂ ਸਾਹਿਬ ਅਨੁਸਾਰ ਅਜਿਹੇ ਮਨੁੱਖ ਪ੍ਰਧਾਨ ਹੁੰਦੇ ਹਨ ਜਿਹੜੇ ਸਤਿਗੁਰੂ ਦੀ ਦੱਸੀ ਹੋਈ ਸੇਵਾ ਕਰਦੇ ਹਨ ਅਤੇ ਉਨ੍ਹਾਂ ਨੂੰ ਹਰ ਇਕ ਅੰਦਰ ਉਸੇ ਪਰਮਾਤਮ-ਜੋਤਿ ਹੋਣ ਦੀ ਪਛਾਣ ਹੋ ਜਾਂਦੀ ਹੈ, "ਸਤਿਗੁਰੁ ਸੇਵਹਿ ਸੇ ਪਰਧਾਨਾ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ॥" ਗੁਰੂ ਨਾਨਕ ਸਾਹਿਬ ਨੇ ਮਨੁੱਖੀ ਸਮਾਨਤਾ ਦੇ ਸਿਧਾਂਤ ਨੂੰ ਅਨੁਭਵ ਕਰਾਉਣ ਲਈ ਵਾਰ ਵਾਰ ਇਹ ਦ੍ਰਿੜ ਕਰਾਇਆ ਹੈ ਕਿ ਉਸ ਪਰਮਾਤਮਾ ਦੇ ਫ਼ੁਰਮਾਨ ਅਨੁਸਾਰ ਹੀ ਸਾਰੇ ਮਨੁੱਖਾਂ ਅੰਦਰ ਉਹੀ ਇਕੋ ਪਰਮਾਤਮ-ਜੋਤਿ ਵਸ ਰਹੀ ਹੈ, "ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭ ਫੁਰਮਾਈ ਹੇ॥"

ਗੁਰੂ ਨਾਨਕ ਸਾਹਿਬ ਨੇ ਮਨੁੱਖਾਂ ਵੱਲੋਂ ਵਰਣ-ਧਰਮ ਅਨੁਸਾਰ ਕੀਤੀ ਸ਼੍ਰੇਣੀ ਵੰਡ ਅਤੇ ਉਚ-ਨੀਚ ਦੇ ਵਖਰੇਵੇਂ ਨੂੰ ਨਕਾਰਿਆ ਅਤੇ ਨੀਵੇਂ ਕਹੇ ਜਾਂਦੇ ਲੋਕਾਂ ਦੇ ਨਾਲ ਖੜੇ ਹੋਏ ਅਤੇ ਦੱਸਿਆ ਕਿ ਜਿੱਥੇ ਅਜਿਹੇ ਲੋਕਾਂ ਦੀ ਸੇਵਾ ਅਤੇ ਸੰਭਾਲ ਹੁੰਦੀ ਹੈ ਉਥੇ ਪਰਮਾਤਮਾ ਦੀ ਮਿਹਰ ਹੁੰਦੀ ਹੈ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਬਖਸੀਸ॥" ਮਨੁੱਖ ਨੀਵਾਂ ਜਾਤਿ-ਜਨਮ ਕਰਕੇ ਨਹੀਂ ਹੁੰਦਾ, ਨੀਵੀਆਂ ਤਾਂ ਅਜਿਹੀਆਂ ਬਿਰਤੀਆਂ ਹੁੰਦੀਆਂ ਹਨ ਜਿਵੇਂ ਲਾਲਚ ਕਰਨਾ, ਝੂਠ ਬੋਲਣਾ, ਠੱਗੀਆਂ ਮਾਰ ਕੇ ਖਾਣਾ, ਪਰਾਈ ਨਿੰਦਾ ਕਰਨੀ, ਕ੍ਰੋਧ ਕਰਨਾ, ਭੋਗ ਵਿਲਾਸ ਅਤੇ ਆਪਣੀ ਉਸਤਤਿ ਆਪ ਕਰਨੀ ਆਦਿ ਜਿਨ੍ਹਾਂ ਦੇ ਵੱਸ ਹੋ ਕੇ ਮਨੁੱਖ ਨੀਚ ਕਿਸਮ ਦੇ ਕੰਮ ਕਰਦਾ ਅਤੇ ਨੀਵਾਂ ਬਣਦਾ ਹੈ "ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥" ਇਹੀ ਮਨਮੁਖਤਾ ਹੈ ਜੋ ਗੁਰਮਤਿ ਮਾਰਗ ਦੇ ਉਲਟ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਪਰਮਾਤਮਾ ਦੀ ਦਰਗਾਹ ਵਿਚ ਕੋਈ ਜਾਤਿ ਨਹੀਂ ਹੈ, "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ ੧॥" ਮਨੁੱਖ ਜਿਸ ਕਿਸਮ ਦੇ ਕਰਮ ਕਮਾਉਂਦਾ ਹੈ ਉਸ ਅਨੁਸਾਰ ਗੁਰਮੁਖਿ ਹੈ ਜਾਂ ਮਨਮੁਖਿ ਹੈ, ਜਨਮ ਕਰਕੇ ਹੋਰ ਕੋਈ ਜਾਤ ਨਹੀਂ ਹੈ, "ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥"

ਵਰਣ-ਵੰਡ ਅਨੁਸਾਰ ਸੇਵਾ ਨੂੰ ਸਭ ਤੋਂ ਨਖਿੱਧ ਕਰਮ ਸਮਝ ਕੇ ਸਭ ਤੋਂ ਹੇਠਲੇ ਵਰਣ ਦਾ ਧਰਮ ਸੇਵਾ ਕਰਨਾ ਮਿੱਥਿਆ ਸੀ ਪ੍ਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਦੇ ਉਲਟ ਸੇਵਾ ਅਤੇ ਸੰਤੋਖ ਨੂੰ ਸਿਧਾਂਤਕ ਅਤੇ ਅਮਲੀ ਤੌਰ 'ਤੇ ਸਿੱਖ ਧਰਮ ਦਾ ਅਨਿੱਖੜ ਅੰਗ ਬਣਾਇਆ। ਉਦਾਹਰਣ ਲਈ ਜੋਗੀ ਨੂੰ ਉਸ ਦੇ ਧਾਰਮਿਕ ਚਿੰਨਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਗੁਰੂ ਦੀ ਦੱਸੀ ਹੋਈ ਸੇਵਾ ਵਿਚ ਆਪਣੀ ਸੁਰਤਿ ਨੂੰ ਜੋੜ ਕੇ ਰੱਖਣਾ ਹੀ ਪਿੰਡੇ 'ਤੇ ਬਿਭੂਤ ਮਲਣਾ ਹੈ, "ਸੇਵਾ ਸੁਰਤਿ ਬਿਭੂਤ ਚੜਾਵੈ॥" ਗੁਰੂ ਨਾਨਕ ਅਨੁਸਾਰ ਸੰਤੋਖੀ ਮਨੁੱਖ ਸਦਾ ਉਸ ਇਕ ਸਦੀਵੀ ਪਰਮਾਤਮਾ ਦਾ ਸਿਮਰਨ ਕਰਦੇ ਹਨ, ਸੇਵਾ ਵੀ ਉਹੀ ਕਰਦੇ ਹਨ। ਉਹ ਹਮੇਸ਼ਾਂ ਭਲੇ ਕੰਮ ਕਰਦੇ ਹਨ, ਮੰਦੇ ਕੰਮਾਂ ਦੇ ਨੇੜੇ ਨਹੀ ਜਾਂਦੇ ਅਤੇ ਸੁੱਚੀ ਕਿਰਤ ਕਰਕੇ ਆਪਣਾ ਧਰਮ ਕਮਾਉਂਦੇ ਅਤੇ ਜੀਵਨ ਨਿਰਬਾਹ ਕਰਦੇ ਹਨ, "ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥"

ਕਿਸੇ ਵੀ ਸਮਾਜ ਦੀ ਸਭਿਅਤਾ ਦਾ ਵਿਕਾਸ ਅਤੇ ਸਭਿਆਚਾਰਕ ਉਨਤੀ ਦਾ ਅੰਦਾਜ਼ਾ ਉਸ ਸਮਾਜ ਵਿਚ ਇਸਤਰੀ ਨੂੰ ਪੁਰਸ਼ ਦੇ ਰਿਸ਼ਤੇ ਵਿਚ ਪ੍ਰਾਪਤ ਸਥਾਨ ਤੋਂ ਲਾਇਆ ਜਾਂਦਾ ਹੈ। ਸਭਿਆਚਰਕ ਕੀਮਤਾਂ ਨੂੰ ਪਾਲਣ ਅਤੇ ਸੰਭਾਲਣ ਵਿਚ ਇਸਤਰੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਅਸਮਾਨਤਾ ਦਾ ਦੂਸਰਾ ਪੱਖ ਹੈ ਮਨੁੱਖਾਂ ਵਿਚ ਇਸਤਰੀ ਜਾਂ ਪੁਰਸ਼ ਹੋਣ ਦੇ ਨਾਤੇ ਵਖਰੇਵਾਂ ਕਰਨਾ ਅਤੇ ਬਰਾਬਰ ਦੇ ਪੱਧਰ 'ਤੇ ਵਰਤਾਓ ਨਾ ਹੋਣਾ; ਇਸਤਰੀ ਹੋਣ ਦੇ ਨਾਤੇ ਉਨ੍ਹਾਂ ਅਧਿਕਾਰਾਂ ਤੋਂ ਵਾਂਝਿਆ ਰੱਖਿਆ ਜਾਣਾ ਜੋ ਪੁਰਸ਼ ਨੂੰ ਪ੍ਰਾਪਤ ਹੁੰਦੇ ਹਨ, ਸਮਾਜਿਕ ਅਤੇ ਅਧਿਆਤਮਕ ਪੱਖੋਂ ਉਸ ਨੂੰ ਪੁਰਸ਼ ਤੋਂ ਨੀਵਾਂ ਅਤੇ ਤੁੱਛ ਸਮਝਿਆ ਜਾਣਾ। ਕਿਸੇ ਵੀ ਧਰਮ-ਚਿੰਤਨ ਵਿਚ ਪ੍ਰਾਪਤ ਉਸ ਦਾ ਕੀਮਤ-ਪ੍ਰਬੰਧ ਇਸਤਰੀ ਦੇ ਸਥਾਨ ਅਤੇ ਰੁਤਬੇ 'ਤੇ ਸਭ ਤੋਂ ਵੱਧ ਅਸਰਪਾਊ ਹੁੰਦਾ ਹੈ ਜਿਸ 'ਤੇ ਉਹ ਸਮਾਜ ਚੱਲਦਾ ਅਤੇ ਪਾਲਣ ਕਰਦਾ ਹੈ; ਉਸ ਨੂੰ ਸਮਾਜ ਵਿਚ ਕਿਹੋ ਜਿਹਾ ਰੋਲ ਨਿਭਾ ਸਕਣ ਦੀ ਆਗਿਆ ਹੈ। ਇਸ ਦੇ ਨਾਲ ਹੀ ਉਸ ਸਮਾਜ ਦੇ ਸੰਦਰਭ ਵਿਚ ਇਸਤਰੀ ਦੀ ਅਧਿਆਤਮਕ ਅਤੇ ਨੈਤਿਕ ਸ਼ਕਤੀ ਦੀ ਉਸ ਦੀ ਆਪਣੀ ਚੇਤਨਾ ਵੀ ਪ੍ਰਸੰਗਕ ਹੈ।

ਲੰਬੇ ਸਮੇਂ ਤੱਕ ਸੰਸਾਰ ਪੱਧਰ 'ਤੇ ਹੀ ਅਤੇ ਭਾਰਤੀ ਸਮਾਜ ਵਿਚ ਇਸਤਰੀ ਦੀ ਹਾਲਤ ਨੀਵੇਂ ਦਰਜੇ ਦੀ ਹੀ ਰਹੀ ਹੈ ਭਾਵੇਂ ਵੇਦਾਂ ਅਤੇ ਉਪਨਿਸ਼ਦਾਂ ਵਿਚ ਗਾਰਗੀ ਅਤੇ ਮੈਤ੍ਰੀ ਵਰਗੀਆਂ ਇਸਤਰੀ ਰਿਸ਼ੀ ਵੀ ਹੋਈਆਂ ਹਨ। ਪ੍ਰੰਤੂ ਸਮੇਂ ਦੇ ਬੀਤਣ ਨਾਲ ਉਸ ਦੀ ਸਮਾਜਿਕ ਹਾਲਤ ਅਤੇ ਰੁਤਬਾ ਬਹੁਤ ਕਮਜ਼ੋਰ ਹੋ ਗਏ। ਮਨੂਸਿਮ੍ਰਤੀ ਵਿਚ ਇਸਤਰੀ ਲਈ ਆਦੇਸ਼ ਕੀਤਾ ਹੈ ਕਿ "ਬਚਪਨ ਵਿਚ ਉਹ ਪਿਤਾ ਦੇ ਅਧੀਨ ਰਹੇ, ਵਿਆਹ ਉਪਰੰਤ ਪਤੀ ਦੇ ਅਤੇ ਪਤੀ ਦੀ ਮੌਤ ਤੋਂ ਬਾਅਦ ਬੁਢਾਪੇ ਵਿਚ ਪੁੱਤਰ ਦੇ ਅਧੀਨ ਰਹੇ।" ਉਸ ਤੋਂ ਇਹ ਤਵੱਕੋ ਕੀਤੀ ਜਾਂਦੀ ਸੀ ਕਿ ਪਤੀ ਦੀ ਮੌਤ 'ਤੇ ਉਹ ਪਤੀ ਦੀ ਚਿਖਾ 'ਤੇ ਜਲ ਕੇ ਮਰ ਜਾਵੇ। ਮਨੂਸਿਮ੍ਰਤੀ ਵਿਚ ਇਸਤਰੀ 'ਤੇ ਬੰਦਸ਼ਾਂ ਲਾਉਣ ਲਈ ਹੋਰ ਵੀ ਬਹੁਤ ਸਾਰੇ ਨੇਮ ਬਣਾਏ ਗਏ। ਇੱਥੋਂ ਤੱਕ ਕਿਹਾ ਗਿਆ ਹੈ ਕਿ ਪਸ਼ੂ, ਸ਼ੂਦਰ ਅਤੇ ਇਸਤਰੀ ਤਿੰਨੋਂ ਤਾੜਨ ਦੇ ਅਧਿਕਾਰੀ ਹਨ। ਵੈਸ਼ਨਵ ਅਤੇ ਸ਼ੈਵ ਮੱਤ ਦੇ ਜੋਗੀਆਂ ਵਿਚ ਇਸਤਰੀ ਨੂੰ ਪੁਰਸ਼ ਦੀਆਂ ਅਧਿਆਤਮਕ ਪ੍ਰਾਪਤੀਆਂ ਦੇ ਰਾਹ ਦਾ ਰੋੜਾ ਸਮਝਦੇ ਹੋਏ ਬਾਘਣੀ ਤੱਕ ਕਿਹਾ ਗਿਆ ਹੈ। ਇਸਤਰੀ ਨੂੰ ਪੜਦੇ ਵਿਚ ਰੱਖਣ ਅਤੇ ਬਾਲ-ਵਿਆਹ ਆਦਿ ਦੀਆਂ ਰਸਮਾਂ ਅਜਿਹੀ ਮਾਨਸਿਕਤਾ ਵਿਚੋਂ ਹੀ ਪੈਦਾ ਹੋਈਆਂ।

ਗੁਰੂ ਨਾਨਕ ਬਾਣੀ ਅਨੁਸਾਰ ਸਾਰੇ ਜੀਵਾਂ ਦਾ ਮੂਲ ਸ੍ਰੋਤ ਇਕੋ ਪਰਮਸਤਿ ਹੋਣ ਦੇ ਨਾਤੇ ਇਸਤਰੀ ਨੂੰ ਸਮਾਜਿਕ, ਅਧਿਆਤਮਕ ਅਤੇ ਧਾਰਮਿਕਤਾ ਦੇ ਹੱਕ ਪੁਰਸ਼ ਦੇ ਬਰਾਬਰ ਹਨ। ਗੁਰੂ ਨਾਨਕ ਸਾਹਿਬ ਨੇ ਅਧਿਆਤਮਕਤਾ ਅਤੇ ਧਰਮ ਨੂੰ ਏਕਾਂਤਵਾਸ, ਤਿਆਗ, ਜੋਗ ਅਤੇ ਸੰਨਿਆਸ ਨਾਲੋਂ ਤੋੜ ਕੇ



ਸਮਾਜਿਕਤਾ ਅਤੇ ਗ੍ਰਹਿਸਤਿ ਨਾਲ ਜੋੜਿਆ ਜਿਸ ਵਿਚ ਇਸਤਰੀ ਬਰਾਬਰ ਦੀ ਭਾਈਵਾਲ ਹੈ। ਜੋਗੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਪਰਮਾਤਮਾ ਨਾਲ ਮੇਲ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ, ਇਸ ਦੇ ਵਿਕਾਰਾਂ ਤੋਂ ਨਿਰਲੇਪ ਰਹਿਣ ਨਾਲ ਹੀ ਹੋ ਸਕਦਾ ਹੈ, "ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥" ਸਪੱਸ਼ਟ ਕੀਤਾ ਹੈ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਪਹਿਲਾਂ ਘਰ ਤਿਆਗ ਦੇਣਾ ਅਤੇ ਫਿਰ ਰੋਟੀ ਲਈ ਦੂਸਰਿਆਂ ਦੇ ਘਰ ਵੱਲ ਤੱਕਣਾ, ਗ੍ਰਹਿਸਤ ਨਿਭਾਉਣ ਦਾ ਫ਼ਰਜ਼ ਛੱਡ ਦੇਣ ਨਾਲ ਨਾ ਹੀ ਰੱਬ ਮਿਲਦਾ ਹੈ ਅਤੇ ਨਾ ਹੀ ਤ੍ਰਿਸ਼ਨਾ ਮੁੱਕਦੀ ਹੈ, ਮਨੁੱਖ ਦੁਰਮਤਿ ਦੀ ਘੁੰਮਣ-ਘੇਰੀ ਵਿਚ ਫਸਿਆ ਰਹਿੰਦਾ ਹੈ, "ਮਨਮੁਖਿ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥" ਅਤੇ "ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥" ਇਸ ਤਰ੍ਹਾਂ ਗ੍ਰਹਿਸਤਿ ਦਾ ਤਿਆਗ ਕਰਨ ਵਾਲੇ ਜੋਗੀ ਛੇ ਭੇਖਾਂ ਵਿਚ ਰੁੱਝੇ ਹੋਏ ਨਾ ਗ੍ਰਿਹਸਤੀ ਰਹਿੰਦੇ ਹਨ ਨਾ ਵਿਰਕਤ। ਨਿਰੰਕਾਰ ਵਿਚ ਜੁੜਿਆ ਹੋਇਆ ਮਨੁੱਖ ਕਿਸੇ ਦੇ ਘਰ ਭੀਖ ਮੰਗਣ ਕਿਉਂ ਜਾਂਦਾ ਹੈ, "ਛਿਅ ਵਰਤਾਰੇ ਵਰਤਹਿ ਪੂਤ॥ ਨਾ ਸੰਸਾਰੀ ਨਾ ਅਉਧੂਤ॥ ਨਿਰੰਕਾਰਿ ਜੋ ਰਹੈ ਸਮਾਇ॥ ਕਾਹੇ ਭੀਖਿਆ ਮੰਗਣਿ ਜਾਇ॥" ਮਨੁੱਖ ਅਤੇ ਸਮਾਜ ਵਿਚ ਸੰਤੁਲਨ ਕਾਇਮ ਗ੍ਰਿਹਸਤਿ ਵਿਚ ਰਹਿ ਕੇ ਹੀ ਹੋ ਸਕਦਾ ਹੈ।

ਇਸਤਰੀ ਦੀ ਨਿੰਦਿਆ ਕਰਨ ਵਾਲਿਆਂ ਨੂੰ ਗੁਰੂ ਨਾਨਕ ਨੇ ਸਪੱਸ਼ਟ ਕੀਤਾ ਹੈ ਕਿ ਇਸਤਰੀ ਤੋਂ ਹੀ ਸਮਾਜ ਘੜਿਆ ਜਾਂਦਾ ਹੈ। ਭੰਡਿ ਸਾਂਚੇ ਨੂੰ ਕਹਿੰਦੇ ਹਨ ਜਿਸ ਵਿਚ ਪਾ ਕੇ ਕਿਸੇ ਬਰਤਨ ਜਾਂ ਵਸਤੂ ਨੂੰ ਆਕਾਰ ਦਿੱਤਾ ਜਾਂਦਾ ਹੈ। ਇਸਤਰੀ ਤੋਂ ਜਨਮ ਲੈ ਕੇ ਹਰ ਕੋਈ ਸੰਸਾਰ 'ਤੇ ਆਉਂਦਾ ਹੈ। ਇਸਤਰੀ ਨਾਲ ਵਿਆਹ ਕਰ ਕੇ ਵੰਸ਼ ਅਤੇ ਵਿਰਾਸਤ ਅੱਗੇ ਤੋਰੀ ਜਾਂਦੀ ਹੈ। ਹਰ ਤਰ੍ਹਾਂ ਦੇ ਸਮਾਜਿਕ ਰਿਸ਼ਤਿਆਂ ਦਾ ਧੁਰਾ ਇਸਤਰੀ ਹੀ ਹੈ। ਵੱਡੇ ਤੋਂ ਵੱਡੇ, ਮਹਾਨ ਤੋਂ ਮਹਾਨ ਪੁਰਸ਼ ਭੀ ਇਸਤਰੀ ਤੋਂ ਹੀ ਜਨਮ ਲੈਂਦੇ ਹਨ। ਇਕ ਪਰਮਾਤਮਾ ਹੀ ਹੈ ਜੋ ਆਪਣੇ ਆਪ ਤੋਂ ਹੈ। ਇਸ ਲਈ ਇਸਤਰੀ ਨੂੰ ਨਿੰਦਿਆ ਕਿਵੇਂ ਜਾ ਸਕਦਾ ਹੈ, "ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਨਾਲ ਸੰਵਾਦ ਰਚਾਉਂਦਿਆਂ ਉਸ ਨੂੰ ਪਿਤਾ, ਪਤੀ, ਪ੍ਰੀਤਮ, ਸਹੁ, ਲਾਲ ਅਤੇ ਸਖਾ ਕਰ ਕੇ ਸੰਬੋਧਨ ਕੀਤਾ ਹੈ ਅਤੇ ਆਪਣੇ ਆਪ ਨੂੰ ਧਨ ਅਰਥਾਤ ਇਸਤਰੀ। ਸਤਿਸੰਗੀਆਂ ਲਈ ਭੈਣੇ, ਸਹੇਲੀਓ ਆਦਿ ਸ਼ਬਦ ਵਰਤੇ ਹਨ "ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ" (ਪੰ.17) ਅਤੇ ਗੁਰਮੁਖਿ ਲਈ ਗੁਣਵੰਤੀ ਅਤੇ ਸੁਚਜੀ; ਮਨਮੁਖ ਲਈ ਔਗੁਣਵੰਤੀ ਅਤੇ ਕੁਚੱਜੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਇਸਤਰੀ ਨੂੰ ਕੇਵਲ ਬਰਾਬਰ ਹੀ ਨਹੀਂ, ਬਹੁਤ ਹੀ ਸਤਿਕਾਰਯੋਗ ਸਥਾਨ ਦਿੱਤਾ ਹੈ।

ਸਿਹਤਮੰਦ ਭਾਈਚਾਰਕ ਉਸਾਰੀ ਅਤੇ ਸਮਾਜਿਕ ਸੰਤੁਲਨ ਲਈ ਸਿਰਫ ਸਮਾਜਿਕ, ਧਾਰਮਿਕ ਜਾਂ ਲਿੰਗਕ ਸਮਾਨਤਾ ਦਾ ਹੋਣਾ ਹੀ ਕਾਫੀ ਨਹੀਂ ਹੈ ਬਲਕਿ ਆਰਥਿਕ ਸਮਾਨਤਾ ਜਾਂ ਬਰਾਬਰੀ ਵੀ ਨਿਹਾਇਤ ਜ਼ਰੂਰੀ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ ਧਰਮ ਅਤੇ ਅਧਿਆਤਮਕਤਾ ਨੂੰ ਕਿਰਤ ਕਰਨ ਅਤੇ ਦੂਸਰਿਆਂ ਨਾਲ ਵੰਡ ਕੇ ਛਕਣ ਨਾਲ ਜੋੜਿਆ। ਕਿਸੇ ਦੂਸਰੇ ਦਾ ਹੱਕ ਖੋਹਣ ਨੂੰ ਧਾਰਮਿਕ ਅਹਿਦ ਤੋੜਨ ਦੇ ਬਰਾਬਰ ਮੰਨਿਆ, "ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥" ਅਸੀਂ ਪਿੱਛੇ ਚਰਚਾ ਕਰ ਆਏ ਹਾਂ ਕਿ ਉਨ੍ਹਾਂ ਨੇ ਜੋਗੀਆਂ, ਸੰਨਿਆਸੀਆਂ ਜਾਂ ਧਰਮ ਦੇ ਨਾਮ 'ਤੇ ਗ੍ਰਿਹਸਤਿ ਦਾ ਤਿਆਗ ਕਰ ਕੇ ਫਿਰ ਲੋਕਾਂ ਦੇ ਘਰਾਂ ਤੋਂ ਮੰਗ ਕੇ ਖਾਣ ਵਾਲਿਆਂ ਦੇ ਰਸਤੇ ਨੂੰ ਨਿੰਦਿਆ ਹੈ। ਇਸ ਤਰ੍ਹਾਂ ਮਨੁੱਖ ਸੰਸਾਰਕਤਾ ਅਤੇ ਅਧਿਆਤਮਕਤਾ ਦੋਵਾਂ ਤੋਂ ਹੀ ਵਾਂਝਿਆਂ ਰਹਿ ਜਾਂਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਹੱਥੀਂ ਕਿਰਤ ਕਰ ਕੇ ਅਤੇ ਲੋੜਵੰਦਾਂ ਨਾਲ ਵੰਡ ਕੇ ਖਾਣ ਵਾਲਾ ਵਿਅਕਤੀ ਹੀ ਧਰਮ ਦੇ ਰਸਤੇ ਦੀ ਸਹੀ ਪਛਾਣ ਕਰ ਸਕਦਾ ਹੈ। ਇਕ ਪਾਸੇ ਗੁਰੂ ਨਾਨਕ ਪੜ੍ਹਿਆਂ, ਅਕਲਵਾਨਾਂ, ਮੁਲਾਣਿਆਂ ਅਤੇ ਪੰਡਿਤਾਂ ਦੇ ਜੀਵਨ ਦੀ ਨਜ਼ਰਸਾਨੀ ਕਰਦੇ ਹਨ, ਜਿਹੜੇ ਪੈਸਿਆਂ ਦੀ ਖਾਤਰ ਲੋਕਾਂ ਨੂੰ ਧਾਗੇ-ਤਵੀਤ ਅਤੇ ਜੰਤਰ-ਮੰਤਰ ਲਿਖ ਕੇ ਦਿੰਦੇ ਹਨ, "ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥ ਖੇਤੀ ਜਿਨਕੀ ਉਜੜੈ ਖਲਵਾੜੇ ਕਿਆ ਥਾਉ॥" ਇਸ ਦੇ ਨਾਲ ਹੀ ਬਿਨਾ ਕਿਰਤ ਕਮਾਈ ਕਰ ਕੇ ਖਾਣ ਦੀ ਥਾਂ ਧਾਰਮਿਕ ਕਹਾਉਣ ਵਾਲੇ ਜਿਹੜੇ ਮਨੁੱਖ ਧਰਮ ਦਾ ਸਹਾਰਾ ਲੈ ਕੇ ਆਪਣੀ ਰੋਟੀ ਦਾ ਪ੍ਰਬੰਧ ਕਰਦੇ ਹਨ, ਅਜਿਹੇ ਮਨੁੱਖਾਂ ਨੂੰ ਧਾਰਮਿਕ ਆਗੂ ਮੰਨਣ ਤੋਂ ਇਨਕਾਰ ਕਰਦੇ ਹੋਏ ਉਨ੍ਹਾਂ ਨੂੰ ਵੀ ਮੂਰਖ ਕਿਹਾ ਹੈ ਕਿਉਂਕਿ ਉਨ੍ਹਾਂ ਨੂੰ ਸਹੀ ਰਸਤੇ ਦੀ ਪਛਾਣ ਨਹੀਂ ਹੈ, "ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥ ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥ ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਗੁਰੂ ਨਾਨਕ ਨੇ ਆਮ ਲੋਕਾਈ ਨੂੰ ਵੀ ਅਜਿਹੇ ਧਾਰਮਿਕ ਆਗੂਆਂ ਦੇ ਮਗਰ ਲੱਗਣ ਤੋਂ ਸੁਚੇਤ ਕੀਤਾ ਹੈ। ਬਹੁਤੀ ਮਾਇਆ ਇਕੱਠੀ ਕਰਨ ਲਈ ਮਨੁੱਖ ਗਲਤ ਕੰਮ ਕਰਦਾ ਹੈ ਅਤੇ ਖੁਆਰ ਵੀ ਹੁੰਦਾ ਹੈ। ਇਸ ਤੋਂ ਸੁਚੇਤ ਕੀਤਾ ਹੈ "ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥ ਪਾਪਾ ਬਾਝਹੁ ਆਵੈ ਨਾਹੀ ਮੁਇਆ ਸਾਥਿ ਨ ਜਾਈ॥"

ਗੁਰੂ ਨਾਨਕ ਸਾਹਿਬ ਨੇ ਤਾਕਤਵਰ ਵਜੋਂ ਕਮਜ਼ੋਰ ਨੂੰ ਦਬਾ ਕੇ ਰੱਖਣ ਜਾਂ ਤਾਕਤ ਦੇ ਜ਼ੋਰ ਕਿਸੇ ਦੂਸਰੇ ਮੁਲਕ 'ਤੇ ਹਮਲਾ ਕਰਨ ਨੂੰ ਵੀ ਨਿੰਦਿਆ ਹੈ। ਗੁਰੂ ਨਾਨਕ ਸਾਹਿਬ ਨੇ ਜੇ ਬਾਬਰ ਨੂੰ "ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਕਿਹਾ ਤਾਂ ਨਾਲ ਹੀ "ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ" 'ਤੇ ਵੀ ਜ਼ੋਰ ਦਿੱਤਾ ਹੈ ਅਤੇ ਉਸ ਤਬਾਹੀ ਵੱਲ ਇਸ਼ਾਰਾ ਕੀਤਾ ਹੈ "ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ"। ਅੱਜ ਜ਼ੋਰਾਵਰ ਅਤੇ ਕਮਜ਼ੋਰ ਦੇ ਅਸੰਤੁਲਨ ਕਰਕੇ ਇਹੀ ਕੁੱਝ ਯੂਕਰੇਨ ਅਤੇ ਫ਼ਲਸਤੀਨ ਦੇ ਅਵਾਮ ਨਾਲ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਬਰਾਬਰੀ ਦੇ ਵਿਭਿੰਨ ਪੱਖਾਂ ਨੂੰ ਸੰਬੋਧਿਤ ਹੋਏ ਹਨ ਅਤੇ ਇਨ੍ਹਾਂ ਸਾਰੇ ਪੱਖਾਂ ਦੀ ਸੋਚ ਨੂੰ ਅਪਣਾ ਕੇ ਸਮਾਜ ਅਤੇ ਸੰਸਾਰ ਵਿਚ ਸੰਤੁਲਨ ਅਤੇ ਬਰਾਬਰੀ ਲਿਆਉਣ ਦੇ ਯਤਨ ਕੀਤੇ ਜਾ ਸਕਦੇ ਹਨ। ਇਹ ਸੰਕਲਪ ਸਿਰਫ਼ ਸਿਧਾਂਤਾਂ ਦਾ ਹਿੱਸਾ ਹੀ ਨਹੀਂ ਹਨ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਸਾਰੇ ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਵੱਖ ਵੱਖ ਸੰਸਥਾਵਾਂ ਜਿਵੇਂ ਸੰਗਤਿ ਅਤੇ ਪੰਗਤਿ, ਖਾਲਸੇ ਦੀ ਸਿਰਜਣਾ ਆਦਿ ਸਥਾਪਤ ਕੀਤੀਆਂ ਗਈਆਂ ਅਤੇ ਇਸ ਦੇ ਨਾਲ ਹੀ ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜਪਣ ਦਾ ਸਿਧਾਂਤ ਦ੍ਰਿੜ ਕਰਾਇਆ। ਗੁਰੂ ਨਾਨਕ ਸਾਹਿਬ ਨੇ ਆਪ ਉਦਾਸੀਆਂ ਤੋਂ ਬਾਅਦ ਆਪਣੇ ਜੀਵਨ ਦੇ ਪਿਛਲੇ ਕਰੀਬ 18 ਵਰ੍ਹੇ ਕਰਤਾਰਪੁਰ ਵਿਖੇ ਖੇਤੀ ਕਰਦਿਆਂ ਗੁਜ਼ਾਰੇ ਅਤੇ ਅਮਲੀ ਰੂਪ ਵਿਚ ਦੱਸਿਆ ਕਿ ਕਿਸ ਤਰ੍ਹਾਂ ਅਧਿਆਤਮਕਤਾ ਨੂੰ ਕਿਰਤ ਅਤੇ ਵੰਡ ਕੇ ਛਕਣ ਨਾਲ ਜੋੜ ਕੇ, ਹਰ ਇਕ ਨੂੰ ਬਰਾਬਰੀ ਦਾ ਅਹਿਸਾਸ ਕਰਾ ਕੇ ਸਮਾਜ ਵਿਚ ਸੰਤੁਲਨ ਲਿਆਂਦਾ ਜਾ ਸਕਦਾ ਹੈ। ਭਾਈ ਗੁਰਦਾਸ ਨੇ ਇਸ ਨੂੰ 'ਨਾਨਕ ਨਿਰਮਲ ਪੰਥ ਚਲਾਇਆ" ਕਿਹਾ ਹੈ ਜਿਸ ਦਾ ਨਤੀਜਾ "ਚਾਰੇ ਪੈਰ ਧਰੰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ। ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ" ਵਿਚ ਨਿਕਲਦਾ ਹੈ।

ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਸਮੂਹ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

ਆਓ! ਅਸੀਂ ਗੁਰੂ ਨਾਨਕ ਦੇਵ ਜੀ ਨੂੰ ਤਸਵੀਰਾਂ ਦੀ ਥਾਂ ਉਨ੍ਹਾਂ ਦੀ ਬਾਣੀ ਵਿਚੋਂ ਦੇਖਣ ਦੀ ਕੋਸ਼ਿਸ਼ ਕਰੀਏ, ਤਸਵੀਰ ਕਿਸੇ ਦੀ ਕਲਪਨਾ ਹੈ, ਬਾਣੀ ਉਨ੍ਹਾਂ ਦੀ ਆਪਣੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਰਾਜਿੰਦਰ ਸਿੰਘ ਬੈਂਸ | ਗੁਰਵੀਰ ਸਿੰਘ ਗਿੱਲ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਅੰਮ੍ਰਿਤਪਾਲ ਸਿੰਘ ਸੰਘਾ | ਭੁਪਿੰਦਰ ਸਿੰਘ ਧਾਲੀਵਾਲ | ਰਘਬੀਰ ਸਿੰਘ ਘੁੰਨ | ਸਰਵਣ ਸਿੰਘ ਟਿਵਾਣਾ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*

# ਕਵਿੰਦਰ ਚਾਂਦ! ਮੁਆਫ਼ੀਨਾਮਾ!! ਤੇ ਬਾਬਾ ਨਾਨਕ!!!

ਕਵਿੰਦਰ ਚਾਂਦ ਖੁਦ ਕਵਿਤਾ ਹੈ..ਕਈ ਵਾਰ ਗੱਲ ਵੀ ਕਵਿਤਾ ਵਾਂਗ ਕਰਦੈ..ਸਹਿਜ..ਸੰਖੇਪ ਤੇ ਡੂੰਘੀ..ਕਵਿਤਾ ਉਹਦੇ ਲਹੂ 'ਚ ਐ..ਬਾਪ ਤੇ ਤਾਇਆ ਕਵੀ..

ਮੈਨੂੰ ਪੰਜਾਬੀ ਦੇ ਕੁੱਝ ਕਵੀ ਪ੍ਰਭਾਵਿਤ ਕਰਦੇ ਨੇ...ਕਵਿੰਦਰ ਉਨ੍ਹਾਂ 'ਚੋਂ ਇਕ ਐ..ਥੋੜ੍ਹਾ ਲਿਖਦੈ..ਵਧੀਆ ਲਿਖਦੈ..ਮੁਆਫ਼ੀਨਾਮਾ ਕੋਈ ਸਹਿਜ ਵਿਅਕਤੀ ਹੀ ਲਿਖ ਸਕਦੈ..ਉਹਦੇ ਅੰਦਰ ਬਾਹਰ ਸਹਿਜ ਸਮੋਇਆ ਹੈ..ਉਹਦੀ ਸ਼ਾਇਰੀ ਮੈਂ ਪੜ੍ਹੀ ਵੀ, ਉਹਦੇ ਮੂੰਹੋਂ ਸੁਣੀ ਵੀ..ਮੰਚ 'ਤੋਂ ਵੀ..ਘਰ 'ਚ ਬਹਿ ਕੇ ਵੀ..ਤੇ ਪ੍ਰਸਿੱਧ ਗਾਇਕ ਜਸਵੀਰ ਜੱਸੀ


**ਸਾਹਿਬ ਸਿੰਘ**

ਦੇ ਮੂੰਹੋਂ ਵੀ..ਕੁੱਝ ਕਵਿਤਾਵਾਂ ਐਸੀਆਂ ਜਿਵੇਂ ਸਮਾਧੀ ਦੀ ਅਵਸਥਾ 'ਚ ਲਿਖੀਆਂ ਹੋਣ..ਸੱਚ ਮੰਨੋ ਮੈਂ ਕਈ ਵਾਰ ਮਨੋ ਮਨੀਂ ਤਸੱਵਰ ਕਰਨ ਦੀ ਕੋਸ਼ਿਸ਼ ਕੀਤੀ ਐ ਕਿ ਉਹ ਕਿਥੇ ਬਹਿ ਕੇ ਲਿਖਦਾ ਹੋਊ..ਕਮਰੇ 'ਚ..ਲਾਬੀ 'ਚ..ਘਰ ਦੇ ਬਾਹਰ ਖਿੜੇ ਫੁੱਲਾਂ 'ਚ ਬਹਿ ਕੇ..ਪਾਰਕ 'ਚ..ਜਾਂ ਆਪਣੇ ਘਰ ਦੇ ਫੁੱਲਾਂ ਵਾਂਗੂੰ ਮਹਿਕਦੇ ਜੀਆਂ ਦੇ ਕਿਤੇ ਵਿਚ ਵਿਚਾਲ਼ੇ ਬਹਿ ਕੇ....ਮੇਰਾ ਜੀਅ ਕਰਦੈ ਕਿ ਆਖਰੀ ਗੱਲ ਸੱਚ ਹੋਵੇ..ਕਿਉਂ!

ਘਰ ਉਹਨੂੰ ਹੋਰ ਸਹਿਜ ਕਰ ਦਿੰਦੈ..ਜਦੋਂ ਉਹ ਆਪਣੇ ਪੁੱਤਾਂ ਧੀਆਂ ਪੋਤੀਆਂ 'ਚ ਘਿਰਿਆ ਹੁੰਦੈ ਤਾਂ ਬਾਹਲ਼ਾ ਸਹਿਜ ਹੁੰਦੈ..ਚੰਗੀ ਕਵਿਤਾ ਸਹਿਜ ਅਵਸਥਾ 'ਚ ਹੀ ਲਿਖੀ ਜਾ ਸਕਦੀ ਐ..ਚਾਹੇ ਕਿ ਇਹ ਸੱਚ ਐ ਕਿ ਕਵੀ ਮਨ ਜਦੋਂ ਕਿਸੇ ਵਰਤਾਰੇ ਤੋਂ ਅਸ਼ਾਂਤ ਹੁੰਦਾ ਤਾਂ ਕਵਿਤਾ ਵਲ ਮੁੜਦੈ..ਪਰ ਕਵਿਤਾ ਦੇ ਸ਼ਿਲਪ ਦੀ ਰਾਖੀ ਓਹੀ ਕਵੀ ਕਰਦੈ ਜੋ ਇਸ ਅਸ਼ਾਂਤੀ 'ਚੋਂ ਉਪਜੇ ਭਾਵ ਨੂੰ ਸਹਿਜਤਾ 'ਚ ਰੂਪਾਂਤਰਿਤ ਕਰ ਕੇ ਕਾਗ਼ਜ਼ 'ਤੇ ਉਤਾਰਦੈ..ਕਵਿੰਦਰ ਇਸ ਹੁਨਰ ਦਾ ਉਸਤਾਦ ਹੈ..ਮੈਂ ਜਿੰਨੀ ਵਾਰ ਉਸਦੇ ਘਰ ਗਿਆਂ, ਹਮੇਸ਼ਾਂ ਉਹਦੇ ਖੱਬੇ ਪਾਸੇ ਬੈਠਿਆਂ..ਦਿਲ ਵਾਲ਼ੇ ਪਾਸੇ..ਪਰ ਐਤਕੀਂ ਵਤਨ ਵਾਪਸੀ ਤੋਂ ਪਹਿਲਾਂ ਜਦ ਉਸ ਬੁਲਾਇਆ ਤਾਂ ਉਹ ਮੇਰੇ ਸਾਹਮਣੇ ਬੈਠਾ ਸੀ..ਮੇਰੇ ਖੱਬੇ ਗੁਰਤੇਜ ਕੁਹਾਰਵਾਲ਼ਾ ਸੀ..ਕਵਿੰਦਰ ਨੇ ਕਵਿਤਾ ਛੋਹ ਲਈ..ਸਿੱਧੀ ਹਿੱਕ 'ਚ ਵੱਜਣ ਵਾਲ਼ੀ..ਸਾਹਮਣੇ ਜੁ ਬੈਠਾ ਸੀ..ਉਹ ਬੋਲਿਆ :

ਕਵੀਓ, ਕਲਮਕਾਰੋ, ਸੰਵੇਦਨਸ਼ੀਲ ਲੋਕੋ
ਫਿਲਮਸਾਜ਼ੋ, ਓ ਅਦਾਕਾਰੋ
ਸਮਾਂ ਬੋਲਣ ਦਾ ਹੈ
ਬੋਲੋ!

ਮੈਨੂੰ ਲੱਗਾ ਕਿ ਇਹ ਕਵਿਤਾ ਅਜੋਕੇ ਸਮਿਆਂ 'ਚ ਹਰ




ਕਲਮਕਾਰ ਤੇ ਕਲਾਕਾਰ ਨੂੰ ਪ੍ਰੇਰਨ ਤੇ ਝੰਜੋੜਨ ਲਈ ਆਸ-ਪਾਸ ਹੋਣੀ ਲਾਜ਼ਮੀ ਹੈ।

ਕਵਿੰਦਰ ਪ੍ਰੇਰਨਾ ਸਰੋਤਾਂ ਦੀ ਹੱਦਬੰਦੀ ਨਹੀਂ ਕਰਦਾ..ਦੇਖੋ, ਉਹ ਕੀ ਲਿਖ ਰਿਹੈ:

ਜਦੋਂ ਸ਼ਬਦਾਂ 'ਚ ਡੂੰਘਾ ਉਤਰਿਆ ਤਾਂ
ਮੇਰੇ ਮੱਥੇ 'ਚ ਸਨ ਰਵਿਦਾਸ ਨਾਨਕ
ਉਦੋਂ ਫਿਰ ਨੈਣ ਤੀਜਾ ਖੁੱਲ੍ਹਦੇ ਹੀ
ਮੇਰੇ ਮੂੰਹੋਂ ਕਬੀਰਾ ਨਿਕਲਿਆ ਹੈ

ਗੁਰਬਾਣੀ ਨੂੰ ਇੰਝ ਪਰਿਭਾਸ਼ਿਤ ਕਰਨ ਲਈ ਕੋਈ ਕਵਿਤਾ ਦਾ ਇੰਦਰ ਹੀ ਚਾਹੀਦੈ:

ਮਰਦਾਨੇ ਧੁਨ ਦਿੱਤੀ
ਧੁਨ ਰਾਗ ਹੋਈ
ਨਾਨਕ ਸ਼ਬਦ ਦਿੱਤੇ
ਸ਼ਬਦ ਬਾਣੀ ਹੋਈ
ਗੁਰਬਾਣੀ ਹੋਈ

ਕਈ ਕਵਿਤਾਵਾਂ ਵਿਚ ਤਾਂ ਇਦਾਂ ਲਗਦੈ ਕਿ ਉਹ ਕੋਈ ਥੀਸਿਜ਼ ਲਿਖ ਰਿਹਾ ਹੋਵੇ..ਦੰਗੇ ਕਿਉਂ ਤੇ ਕਿਵੇਂ ਵਾਪਰ ਜਾਂਦੇ ਨੇ..ਪੜ੍ਹੋ:

ਇਹ ਅੱਗ ਦੰਗਿਆਂ ਦੀ
ਪਹਿਚਾਣਦੀ ਹੈ ਅਕਸਰ
'ਕੱਲੀ ਦੁਕਾਨ ਮੇਰੀ
'ਕੱਲਾ ਮਕਾਨ ਮੇਰਾ

ਮੈਂ ਸੂਖਮਤਾ ਨੂੰ ਕਿਉਂ ਏਨਾ ਪਸੰਦ ਕਰਦਾਂ..ਕਿਉਂਕਿ ਸੂਖਮ ਪੇਸ਼ਕਾਰੀ ਦਿਲ 'ਚ ਉਤਰਦੀ ਐ..ਮੁਲਕ 'ਚ ਫੈਲੇ ਮਜ਼ਹਬੀ ਤਣਾਅ ਦਾ ਕੈਸਾ ਮੰਜ਼ਰ ਕਵਿੰਦਰ ਨੇ ਫੜਿਆ ਹੈ:

ਮੰਦਿਰ ਵਹੀਂ ਬਨਾਏਂਗੇ
ਕਹਿੰਦੇ ਨੇ ਜਦ
ਰਾਮ ਨੂੰ ਆਪਣੇ ਬੱਚਿਆਂ ਤੋਂ
ਡਰ ਲਗਦਾ ਹੈ!

ਉਹ ਦਿੱਲੀ ਨੂੰ ਸੱਤਾ ਦੇ ਪ੍ਰਤੀਕ ਵਜੋਂ ਉਸਾਰ ਕੇ ਜਦ ਬੇਬਾਕੀ ਨਾਲ ਦਿੱਲੀ ਦਾ ਸੁਭਾਅ ਦੱਸਦੈ ਤਾਂ ਕਿਸੇ ਇਕ ਧਿਰ ਨਾਲ ਨਹੀਂ, ਬਲਕਿ ਸਮੁੱਚੀ ਮਨੁੱਖਤਾ ਦੀ ਧਿਰ ਬਣ ਕੇ ਕਹਿੰਦਾ ਹੈ:

ਓਹੀਓ ਦਿੱਲੀ ਤੇ ਓਹੀਓ ਸੁਭਾਅ ਏਹਦਾ
ਉਦਾਂ ਈ ਕਹਿਰ ਗੁਜ਼ਾਰਨ 'ਤੇ ਅੜੀ ਹੋਈ ਏ
ਅਣਖ ਇਜ਼ਤ ਹਰ ਕੌਮ ਦੀ ਰੋਲ਼ ਕੇ ਤੇ
ਸਭ ਨੂੰ ਜਿਉਂਦਿਆਂ ਮਾਰਨ 'ਤੇ ਅੜੀ ਹੋਈ ਏ
ਜੰਞੂ, ਪੱਗਾਂ ਨੂੰ ਕਦੇ ਜ਼ਲੀਲ ਕਰ ਕੇ
ਅੱਜ ਬੁਰਕੇ ਉਤਾਰਨ 'ਤੇ ਅੜੀ ਹੋਈ ਏ

78 ਸਫ਼ਿਆਂ 'ਤੇ ਫੈਲੀ ਇਹ ਕਿਤਾਬ ਅਨੇਕਾਂ ਰੰਗ ਲੈ ਕੇ ਹਾਜ਼ਰ ਹੈ..ਹਰ ਰੰਗ ਗੂੜ੍ਹਾ..ਤਰਤੀਬ 'ਚ..ਕੁਦਰਤ ਦੀ ਖੂਬਸੂਰਤੀ ਬਿਆਨਦੀ ਕਵਿਤਾ, ਬੱਚਿਆਂ ਦੀ ਮਾਸੂਮੀਅਤ ਪੇਸ਼ ਕਰਦੀ ਕਵਿਤਾ, ਰੋਹ ਵਿਦਰੋਹ ਦੀ ਕਵਿਤਾ..ਵਰਤਾਰਿਆਂ ਦੀ ਵਿਆਖਿਆ ਕਰਦੀ ਕਵਿਤਾ..ਰੂਹਾਨੀ ਰੰਗ ਦੀ ਕਵਿਤਾ..ਕੋਈ ਅੰਦਰੋਂ ਭਰਿਆ ਭਰਾਤਾ ਸਹਿਜ ਇਨਸਾਨ ਹੀ ਮੁਆਫ਼ੀ ਮੰਗ ਸਕਦੈ..ਕਵਿੰਦਰ ਦਾ ਮੁਆਫ਼ੀਨਾਮਾ ਵਿਲੱਖਣ ਹੈ:

ਮੁਆਫ਼ੀ ਮੰਗ ਕੇ ਇਕ ਆਦਮੀ
ਇਨਸਾਨ ਹੋ ਜਾਂਦੈ
ਤੇ ਮੈਨੂੰ ਲਗਦੈ ਅੱਧਾ ਕੁ ਉਹ
ਭਗਵਾਨ ਹੋ ਜਾਂਦਾ

ਕਵਿੰਦਰ ਚਾਂਦ ਨੂੰ ਮੈਂ ਆਮ ਵਰਤ ਵਰਤਾਰੇ 'ਚ ਵੀ ਨਿਕੇ ਮੋਟੇ ਮਸਲੇ ਸੰਖੇਪ 'ਚ ਸਮੇਟਦਿਆਂ ਦੇਖਿਆ ਹੈ..ਡੂੰਘੀ ਅਵਾਜ਼ 'ਚ ਬਸ ਏਨਾ ਹੀ ਕਹਿਣੈ.." ਚਲੋ..ਕੋਈ ਨਾ.."..ਪਰ ਉਹ ਜਾਣਦਾ ਹੈ ਕਿ ਖਿਲਾਫ਼ ਭੁਗਤਣ ਵਾਲ਼ੇ ਨੂੰ ਕੀ ਪੇਸ਼ਕਸ਼ ਕਰਨੀ ਹੈ: ਜੇ ਵਾਰ ਕਰਨ ਹੀ ਲੱਗਾ ਹੈਂ ਸਾਹਮਣੇ ਤੋਂ ਕਰੀਂ ਮੈਂ ਵੇਖਣਾ ਹੈ ਤੇਰਾ ਹੱਥ ਕੰਬਦਾ ਹੋਇਆ! ਬਹੁਤ ਕੁੱਝ ਏ ਇਸ ਕਿਤਾਬ 'ਚ..ਜਿਸ ਬਾਰੇ ਲਿਖਣਾ ਚਾਹੀਦਾ ..ਪਰ ਗੱਲ ਬਾਬੇ ਨਾਨਕ 'ਤੇ ਆ ਕੇ ਸਮੇਟ ਰਿਹਾਂ..ਬਾਬੇ ਬਾਰੇ ਕਵਿੰਦਰ ਨੇ ਜੋ ਗੀਤ ਲਿਖਿਆ ਹੈ..ਉਸਦਾ ਇਕ ਇਕ ਅੰਤਰਾ ਬਾਬੇ ਦੇ ਕੋਲ ਲੈ ਕੇ ਜਾਂਦਾ ਹੈ..ਜੱਸੀ ਨੇ ਇਸ ਗੀਤ ਨੂੰ ਬਹੁਤ ਸਲੀਕੇ ਨਾਲ ਗਾਇਆ ਹੈ..ਮੈਂ ਕਈ ਵਾਰ ਦਿਨ 'ਚ ਕਈ ਕਈ ਵਾਰ ਇਹ ਗੀਤ ਸੁਣ ਲੈਂਦਾ ਹਾਂ ..ਫੇਰ ਕਿਤਾਬ ਚੁਕਦਾ ਹਾਂ ..ਪੜ੍ਹਦਾ ਹਾਂ ..ਇੰਝ ਜਾਪਦੈ ਜਿਵੇਂ ਮੈਂ ਬਾਬਾ ਨਾਨਕ ਦੀ ਛਾਤੀ 'ਤੇ ਸਿਰ ਰੱਖਿਆ ਹੋਵੇ..ਤੇ ਬਾਬਾ ਬੜੇ ਸਹਿਜ ਨਾਲ ਮੈਨੂੰ ਜਗਾ ਰਿਹਾ ਹੋਵੇ (ਸੁਆ ਨਹੀਂ ਰਿਹਾ!).. ਇਹ ਗੀਤ ਹਾਸਿਲ ਹੈ..ਪੰਜ ਅੰਤਰੇ..ਪੰਜ ਗਾਗਰਾਂ ਜਿਨ੍ਹਾਂ 'ਚ ਸਾਗਰ ਸਮੋਇਆ ਹੋਇਆ ..ਭਰ ਭਰ ਚੂਲ਼ੀਆਂ ਪੀਓ..ਇਕ ਅੰਤਰਾ ਪੇਸ਼ ਐ:

ਹਰ ਮਨ ਦਾ ਬੂਹਾ ਖੜਕਾਵੇ
ਨਾਨਕ ਚੁਪ ਚੁਪੀਤੇ ਆਵੇ
ਖੋਲ੍ਹ ਨਾ ਹੋਇਆ ਮੈਂ ਗਾਫ਼ਿਲ ਤੋਂ
ਮਨ ਦਾ ਬੂਹਾ ਢੋਇਆ ਹੋਇਆ

ਮਨ ਦੇ ਬੂਹੇ ਖੋਲ੍ਹਦੀ ਸ਼ਾਇਰੀ ਲਿਖਣ ਤੇ ਕਿਤਾਬੀ ਰੂਪ 'ਚ ਸਨਮੁੱਖ ਕਰਨ ਲਈ ਕਵੀ ਕਵਿੰਦਰ ਚਾਂਦ ਦਾ ਧੰਨਵਾਦ..ਆਸ ਹੀ ਨਹੀਂ ਵਿਸ਼ਵਾਸ ਹੈ ਕਿ ਸਾਡਾ ਪਿਆਰਾ ਸ਼ਾਇਰ ਸਹਿਜਤਾ ਸੰਖੇਪਤਾ ਸੂਖਮਤਾ ਸਰਲਤਾ ਸੰਵੇਦਨਸ਼ੀਲਤਾ ਨੂੰ ਆਪਣੀ ਕਵਿਤਾ 'ਚ ਸਮੋਅ ਕੇ ਪੰਜਾਬੀ ਅਦਬ ਨੂੰ ਹੋਰ ਅਮੀਰ ਕਰਦਾ ਰਹੇਗਾ! ਕਵਿਤਾ ਮਾਣਦਾ ਸਾਹਿਬ ਸਿੰਘ

---

# ਜਿਥੇ ਬਾਬਾ ਪੈਰੁ ਧਰਿ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਂ ਏਸ ਵਰ੍ਹੇ ਗੌਲੇ ਗਏ ਤੇ ਅਣਗੌਲੇ ਸੁਤੰਤਰਤਾ ਸੰਗ੍ਰਾਮੀਆਂ ਦੀ ਪੈੜ ਨੱਪ ਰਿਹਾ ਸਾਂ ਕਿ ਗੁਰੂ ਨਾਨਕ ਜੀ ਦੇ ਪੁਰਬ ਦੀ ਆਮਦ ਨੇ ਮੇਰਾ ਧਿਆਨ ਆਪਣੇ ਵਲ ਖਿੱਚ ਲਿਆ। ਖਾਸ ਕਰਕੇ ਕੇਵਲ ਧਾਲੀਵਾਲ ਦੀ ਸੰਪਾਦਤ ਵੱਡ-ਆਕਾਰੀ ਪੁਸਤਕ 'ਜਿਥੇ ਬਾਬਾ ਪੈਰੁ ਧਰਿ' ਨੇ। ਮੇਰੀ ਲਾਇਬਰੇਰੀ ਵਿਚ ਇਹ ਰਚਨਾ ਚਾਰ ਸਾਲ ਤੋਂ ਪਈ ਹੈ ਪਰ ਕੁਝ ਚੰਗੇ ਮਾੜੇ ਵਰਤਾਰਿਆਂ ਨੇ ਇਹਦੇ ਵੱਲ ਧਿਆਨ ਨਹੀਂ ਜਾਣ ਦਿੱਤਾ। ਕੇਵਲ ਨੇ ਇਸ ਪੁਸਤਕ ਵਿਚ ਪੰਜਾਬੀ ਦੇ ਤੇਰਾਂ ਛੋਟੇ ਵੱਡੇ ਨਾਟਕ ਸ਼ਾਮਿਲ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਫਲਸਫੇ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਲਿਖਣ ਵਾਲਿਆਂ ਵਿਚ ਉਸਦੇ ਆਪਣੇ ਆਪ ਤੋਂ ਬਿਨਾ ਸਤਵਿੰਦਰ ਧੋਨੀ, ਜੇ ਐਸ ਬਾਵਾ, ਅਜਮੇਰ ਔਲਖ, ਦਵਿੰਦਰ ਦਮਨ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ ਤੇ ਸੁਰਜੀਤ ਸਿੰਘ ਸੇਠੀ ਹੀ ਨਹੀਂ ਡਾ. ਗੁਰਦਿਆਲ ਸਿੰਘ ਫੁੱਲ, ਡਾ. ਹਰਚਰਨ ਸਿੰਘ, ਡਾ. ਹਰਿਭਜਨ ਸਿੰਘ, ਬਲਵੰਤ ਗਾਰਗੀ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਵਰਗੇ ਮਹਾਰਥੀ ਵੀ ਹਨ। ਇਨ੍ਹਾਂ ਸਭਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਉਪਕਾਰ ਨੂੰ ਵੱਖੋ-ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ।

ਇਨ੍ਹਾਂ ਨਾਟਕਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੰਜਾਬੀ ਜੀਵਨ ਤੇ ਸਭਿਆਚਾਰ ਵਿਚ ਆਏ ਜੁਗ ਪਲਟਾਊ ਪਲਟੇ ਦਾ ਲੇਖਾ-ਜੋਖਾ ਹੈ। ਲਗਪਗ ਦਸ ਹਜ਼ਾਰ ਦਰਸ਼ਕਾਂ ਤੇ ਸਰੋਤਿਆਂ ਦੀ ਹਾਜ਼ਰੀ ਵਿਚ ਖੇਡੇ ਗਏ ਹਰਚਰਨ ਸਿੰਘ ਦੇ ਨਾਟਕ 'ਪੁੰਨਿਆਂ ਦੇ ਚੰਨ' ਨੂੰ ਮਾਤ ਪਾਉਣ ਵਾਲੇ ਗੁਰਦਿਆਲ ਸਿੰਘ ਫੁੱਲ ਦੇ ਨਾਟਕ 'ਜਿਨ ਸੁ ਪੱਲੈ ਹੋਇ' ਨੂੰ ਗੁਰਸ਼ਰਨ ਸਿੰਘ ਦੇ ਅਦਾਕਾਰਾਂ ਨੇ 2000 ਤੋਂ ਵੱਧ ਵਾਰ ਖੇਡਿਆ ਤੇ ਮੰਚ-ਰੰਗਮੰਚ ਅੰਮ੍ਰਿਤਸਰ ਦੀ ਟੀਮ ਨੇ 500 ਵਾਰੀ ਕੇਵਲ ਧਾਲੀਵਾਲ ਦੇ ਨਿਰਦੇਸ਼ਕ ਹੇਠ।

ਸਾਂਝੇ ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਕਿਸੇ ਕਮਜ਼ੋਰ ਘੜੀ ਕਿੰਨੇ ਵੀ ਇੱਕ ਦੂਜੇ ਦੇ ਸ਼ਰੀਕ ਜਾਪਣ ਪਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਾਟਕ 'ਕੋਧਰੇ ਦੀ ਰੋਟੀ' ਦੇ ਹਿੰਦੂ, ਮੁਸਲਿਮ ਤੇ ਸਿੱਖ ਪਾਤਰ ਪੰਜਾਬੀਅਤ ਤੇ ਮਨੁੱਖਤਾ ਦੀ ਬਾਤ ਪਾਉਂਦੇ ਰਹਿਣਗੇ। 'ਗਗਨ ਮੈਂ ਥਾਲ' (ਬਲਵੰਤ ਗਾਰਗੀ) ਦੇ ਰਬਾਬੀਆਂ ਦਾ ਟੋਲਾ ਗੁਰਬਾਣੀ ਗਾਇਕ ਦੁਆਰਾ ਮਾਨਵੀ ਸਾਂਝਾਂ ਦਾ ਸੰਦੇਸ਼ ਦਿੰਦਾ ਹੈ ਤੇ ਇਸ ਨਾਟਕ ਦੀ ਬਿਰਤਾਂਤਿਕ ਗਤੀ ਨੂੰ ਸ਼ਿਵ ਕੁਮਾਰ ਬਟਾਲਵੀ ਦੇ ਤਿੰਨ ਗੀਤ ਹੋਰ ਵੀ ਤਿੱਖਾ ਕਰਦੇ ਹਨ।

ਸੁਰਜੀਤ ਸੇਠੀ ਦਾ 'ਗੁਰੂ ਬਿਨੁ ਘੋਰ ਅੰਧਾਰ' ਵਿਚ ਬਾਬਾ ਨਾਨਕ ਸਮੇਂ ਦੇ ਝੂਠ ਪਾਖੰਡ, ਬੇਪਰਤੀਤੀ ਕਾਇਰਤਾ, ਲੁਟ-ਖਸੁੱਟ, ਕਠੋਰਤਾ ਤੇ ਗਿਆਨ-ਹੀਣਤਾ ਨੂੰ ਖੂਬ ਉਘਾੜਦਾ ਹੈ। ਇਸੇ ਭਾਵਨਾ ਨੂੰ ਜਸੂਜਾ ਦੀ ਰਚਨਾ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਤੇ ਘੁੰਮਣ ਦੀ 'ਕੂੜ ਮਾਵਸ' ਬਦਲਵੇਂ ਰੂਪ ਵਿਚ ਪੇਸ਼ ਕਰਦੇ ਹਨ। ਜਿੱਥੋਂ ਤੱਕ ਹਰਿਭਜਨ ਸਿੰਘ ਦੇ ਨਾਟਕ 'ਸੰਤ ਗੁਰੂ ਨਾਨਕ' ਦਾ ਪ੍ਰਬੰਧ ਹੈ ਇਸਨੂੰ 1969 ਵਿਚ ਭਾਰਤ ਦੀਆਂ 24 ਜ਼ੁਬਾਨਾਂ ਵਿਚ ਉਲਥਾ ਕੇ ਆਲ ਇੰਡੀਆ ਰੇਡੀਓ ਨੇ ਪਿਆਰ ਤੇ ਸਤਿਕਾਰ ਨਾਲ ਪੇਸ਼ ਕੀਤਾ ਤੇ ਗੁਰੂ ਬਾਬਾ ਨਾਨਕ ਮਾਨਵੀ ਸੰਦੇਸ਼ ਭਾਰਤ ਦੇ ਕੋਨੇ ਕੋਨੇ ਤਕ ਪਹੁੰਚਾਇਆ। ਦਵਿੰਦਰ ਦਮਨ ਦਾ 'ਸਾਖੀ' ਤੇ ਅਜਮੇਰ ਔਲਖ ਦਾ 'ਬ੍ਰਹਮ ਭੋਜ' ਕਿਸਾਨਾਂ ਦੀ ਹੱਕ-ਸੱਚ ਦੀ ਕਮਾਈ ਦੀ ਤ੍ਰਾਸਦਿਕ ਪੇਸ਼ਕਾਰੀ ਤੇ ਜੇ ਐਸ ਬਾਵਾ 'ਓੜਕ ਸੁ ਰਹੀ' ਵਿਚ ਇਸੇ ਧਾਰਨਾ ਨੂੰ ਗੁਰੂ ਜੀ ਦੇ ਜੀਵਨ ਤੇ ਬਾਣੀ ਰਾਹੀਂ ਉਜਾਗਰ ਕਰਦੀ ਹੈ। ਸਤਿਵਿੰਦਰ ਸੋਨੀ ਨੇ ਆਪਣੇ ਨਾਟਕ 'ਜਿਥੇ ਬਾਬਾ ਪੈਰੁ ਧਰਿ' ਵਿਚ ਏਸੇ ਧਾਰਨਾ ਨੂੰ ਸਰਬਵਿਆਪੀ ਕਰਨ ਲਈ ਕਾਵਿਕ ਅੰਦਾਜ਼ ਦਾ ਸਹਾਰਾ ਲਿਆ ਹੈ।

ਕੇਵਲ ਧਾਲੀਵਾਲ ਨੇ ਆਪਣੇ ਨਾਟਕ 'ਜਿਓ ਕਰ ਸੂਰਜ ਨਿਕਲਿਆ' ਵਿਚ ਬਾਬਾ ਨਾਨਕ ਜੀ ਦੇ ਆਗਮਨ ਤੋਂ ਅੰਤ ਤੱਕ ਦੇ ਜੀਵਨ ਨੂੰ ਕਰਤਾਰਪੁਰ ਸਾਹਿਬ ਦੇ ਉਸ ਪਵਿੱਤਰ ਸਥਾਨ ਤੱਕ ਚਿਤਰਿਆ ਹੈ ਜਿਸਦਾ ਚਰਚਾ ਪਿਛਲੇ ਕਈ ਵਰ੍ਹਿਆਂ ਤੋਂ ਕਰਤਾਰਪੁਰ ਲਾਂਘਾ ਦੇ ਰੂਪ ਵਿਚ ਹੋ ਰਿਹਾ ਹੈ। ਉਂਝ ਵੀ ਕੇਵਲ ਧਾਲੀਵਾਲ ਨੇ 13 ਨਾਟਕਾਂ ਦੇ ਗੁਲਦਸਤੇ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਫਲਸਫੇ ਦੇ ਏਨੇ ਰੂਪ ਪੇਸ਼ ਕੀਤੇ ਹਨ ਕਿ ਇਨ੍ਹਾਂ ਨੂੰ ਗੁਰੂ ਸਾਹਿਬ ਦੇ ਕਿਸੇ ਵੀ ਪੁਰਬ ਉੱਤੇ ਪੜ੍ਹਿਆ ਤੇ ਮਾਣਿਆ ਜਾ ਸਕਦਾ ਹੈ।

ਗਿਆਨੀ ਗੁਰਦਿੱਤ ਸਿੰਘ ਜਨਮ ਸ਼ਤਾਬਦੀ

'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀਆਂ ਰਚਨਾਵਾਂ ਅਜੋਕੀ ਪੀੜ੍ਹੀ ਲਈ ਇਕ ਤਰ੍ਹਾਂ ਦਾ ਚਾਨਣ ਮੁਨਾਰਾ ਹਨ। ਧੜਾ ਧੜ ਪੜ੍ਹੀ ਗਈ ਤੇ ਅਨੇਕਾਂ ਐਡੀਸ਼ਨਾਂ ਵਿਚ ਛਪੀ ਇਸ ਰਚਨਾ ਨੇ ਗਿਆਨੀ ਜੀ ਵੱਲੋਂ ਪੇਸ਼ ਕੀਤੇ ਭਾਈ ਲਾਲੋ, ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਅਕਾਲੀ ਕੌਰ ਸਿੰਘ, ਭਾਈ ਕਾਨ੍ਹ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਗਿਆਨ ਸਿੰਘ ਰਾੜੇਵਾਲਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਸਿੰਘ ਸਭਾ ਲਹਿਰ ਦੀ ਦੇਣ ਨਾਲ ਸਬੰਧਤ ਰਚਨਾਵਾਂ ਨੂੰ ਹੀ ਉਹਲੇ ਰੱਖਣ ਦੀ ਕੋਈ ਕਸਰ ਨਹੀਂ ਛੱਡੀ। ਇਹ ਗੱਲ ਵਖਰੀ ਹੈ ਕਿ ਉਨ੍ਹਾਂ ਦੇ ਜੀਵਨ ਕਾਲ ਵਿਚ ਉਨ੍ਹਾਂ ਦੀ ਰਚਨਾਕਾਰੀ ਦੇ ਮਦਾਹਾਂ ਨੇ ਭਾਰਤ ਵਿਚ ਹੀ ਨਹੀਂ ਸਤ ਸਮੁੰਦਰ ਪਾਰ ਵੀ ਪੂਰਾ ਮੁੱਲ ਪਾਇਆ ਤੇ ਉਨ੍ਹਾਂ ਨੂੰ ਭਾਂਤ-ਸੁਭਾਂਤੇ ਸਨਮਾਨਾਂ ਨਾਲ ਨਿਵਾਜਿਆ। ਇਹ ਗਿਆਨੀ ਗੁਰਦਿੱਤ ਹੀ ਸੀ ਜਿਸਨੇ ਤਰਕ ਤੇ ਪ੍ਰਮਾਣਾਂ ਦੇ ਆਧਾਰ 'ਤੇ ਕਈ ਸਥਾਪਤ ਧਾਰਨਾਵਾਂ ਨਾਲ ਆਢਾ ਲਿਆ ਤੇ ਜੱਸ ਖਟਿਆ। ਉਸਨੇ ਇਸ ਧਾਰਨਾ ਨੂੰ ਵੀ ਨਕਾਰਿਆ ਕਿ ਭਗਤ ਬਾਣੀ ਦਾ ਗੁਰੂ ਨਾਨਕ ਬਾਣੀ ਉੱਤੇ ਪ੍ਰਭਾਵ ਸੀ। ਉਸਨੇ ਮੱਤ ਅਨੁਸਾਰ ਜੇ ਕੋਈ ਪ੍ਰਭਾਵ ਸੀ ਤਾਂ ਗੁਰੂ ਨਾਨਕ ਬਾਣੀ ਦਾ ਭਗਤ ਬਾਣੀ ਉੱਤੇ ਸੀ ਨਾ ਕਿ ਭਗਤ ਬਾਣੀ ਦਾ ਨਾਨਕ ਬਾਣੀ ਉੱਤੇ। ਉਨ੍ਹਾਂ ਦੀ ਦੇਣ ਸਦਕਾ ਉਨ੍ਹਾਂ ਦੀ ਜਨਮ ਸ਼ਤਾਬਦੀ ਨੇ ਇਨ੍ਹਾਂ ਦਿਨਾਂ ਵਿਚ ਚੰਡੀਗੜ੍ਹ ਦੇ 36 ਸੈਕਟਰ ਵਾਲੇ ਪੀਪਲਜ਼ ਕਨਵੈਨਸ਼ਨ ਸੈਂਟਰ ਵਿਚ ਉਨ੍ਹਾਂ ਨੂੰ ਪਟਿਆਲਾ ਵਾਲੇ ਡਾ. ਜਸਵਿੰਦਰ ਸਿੰਘ ਨੇ ਮਚਲਦੇ, ਧੜਕਦੇ ਜਜ਼ਬਿਆਂ ਵਾਲਾ ਖੋਜੀ ਸਿਰਜਕ ਗਰਦਾਨ ਕੇ ਵਡਿਆਇਆ। ਉਸ ਦੀਆਂ ਲਿਖਤਾਂ ਵਿਚਲੀ ਪੜ੍ਹਨਯੋਗਤਾ, ਮਾਨਣਯੋਗਤਾ ਵਾਲੀ ਆਨੰਦਮਈ ਵਾਰਤਕ ਸ਼ੈਲੀ ਦਾ ਜ਼ਿਕਰ ਕਰਦਿਆਂ 'ਮੇਰਾ ਪਿੰਡ' ਨੂੰ ਅਜਿਹੀ ਬੇਮਿਸਾਲ ਰਚਨਾ ਕਿਹਾ ਜਿਸਨੂੰ ਅਜ ਤੱਕ ਤੁਹਫੇ ਵਜੋਂ ਭੇਂਟ ਕੀਤਾ ਜਾਂਦਾ ਹੈ। ਉਹੀਓ ਸੀ ਜਿਸਨੇ ਉਨ੍ਹਾਂ ਦਿਨਾ ਦੇ ਪੰਜਾਬੀ ਜੀਵਨ ਵਿਚ ਰੀਤਾਂ ਰਸਮਾਂ ਦੀ ਪ੍ਰਧਾਨਗੀ ਦਾ ਜ਼ਿਕਰ ਕਰਦਿਆਂ ਮਾਤਾ ਦੇ ਪ੍ਰਚੱਲਤ ਰੂਪਾਂ ਨੂੰ ਵਿਹੁ ਮਾਤਾ, ਕੁਆਰੀ ਮਾਤਾ, ਦਾਣੇਦਾਰ ਮਾਤਾ, ਜਲ ਮਾਤਾ ਤੇ ਅੰਨ੍ਹੀ ਮਾਤਾ ਆਦਿ ਨਾਵਾਂ ਨਾਲ ਜਾਣੀ ਜਾਂਦੀ ਦੱਸਿਆ। ਇਹ ਵੀ ਕਿ ਇਸਦੇ ਇਲਾਜ ਲਈ ਹੱਥ ਹੌਲਾ ਤੇ ਝਾੜਾ ਕਰਨ ਵਾਲੇ ਵੀ ਮੌਜੂਦ ਸਨ ਤੇ ਬਲੀ ਦੇਣ ਦੀ ਹਦਾਇਤ ਕਰਨ ਵਾਲੇ ਵੀ। ਇਸ ਰਚਨਾ ਵਿਚ ਉਸ ਜੱਟ ਦਾ ਵੀ ਜ਼ਿਕਰ ਹੈ ਜਿਹੜਾ ਸਿੱਧ ਬਾਬਾ ਤੋਂ ਮੰਗ ਕਰਦਾ ਹੈ ਕਿ ਜੇ ਉਹਦਾ ਪੁੱਤਰ ਕਿਧਰੇ ਫਸ ਜਾਵੇ ਤਾਂ ਢਾਈ ਰੁਪਏ ਦਾ ਪ੍ਰਸ਼ਾਦ ਚੜ੍ਹਾਵੇਗਾ।

ਜਸਵਿੰਦਰ ਸਿੰਘ ਨੇ ਇਸ ਰਚਨਾ ਨੂੰ ਰੀਤਾਂ ਰਿਵਾਜਾਂ ਦੀ ਰੈਫਰੈਂਸ ਬੁੱਕ ਦਸਦਿਆਂ ਗਿਆਨੀ ਜੀ ਵਲੋਂ ਉਭਾਰੀਆਂ ਉਨ੍ਹਾਂ ਜੱਜ ਮਹਿਲਾਵਾਂ ਦਾ ਵੀ ਜ਼ਿਕਰ ਕੀਤਾ ਹੈ ਜਿਹੜੀਆਂ ਕਹਿੰਦੇ ਕਹਾਉਂਦੇ ਮਰਦ ਵੈਲੀਆਂ ਨੂੰ ਸਜ਼ਾ ਸੁਣਾਉਂਦੀਆਂ ਹਨ ਤੇ ਉਨ੍ਹਾਂ ਲੋਕ ਧਾਰਨਾਵਾਂ ਦਾ ਵੀ ਜਿਨ੍ਹਾਂ ਅਨੁਸਾਰ ਤੀਵੀਆਂ ਦਾ ਰਾਜ ਆ ਗਿਆ ਚੱਕੀ ਛੁੱਟਗੀ ਚੁੱਲ੍ਹੇ ਨੇ ਛੁੱਟ ਜਾਣਾ। ਉਸਦੇ ਭਾਸ਼ਣ ਵਿਚ ਉਸ ਜੱਟ ਖੁਸਰੇ ਦਾ ਹਵਾਲਾ ਵੀ ਸੀ ਜਿਸਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਜੱਟ ਖੁਸਰਿਆਂ ਦਾ ਮੋਹਰੀ ਹੋਣ ਦੇ ਨਾਤੇ ਵੱਡੀ ਔਕਾਤ ਹੈ। ਪਿੰਡ ਦੇ ਉਨ੍ਹਾਂ ਪੇਂਡੂਆਂ ਦਾ ਵੀ ਜਿਹੜੇ ਕਲਚਰਲ ਪ੍ਰੋਗਰਾਮ ਨੂੰ ਕੰਜਰਲ ਪ੍ਰੋਗਰਾਮ ਕਹਿੰਦੇ ਹਨ। ਉਸ ਨੌਜਵਾਨ ਦਾ ਵੀ ਜਿਸਨੂੰ ਭਾਈ ਜੀ ਨੇ ਅੰਮ੍ਰਿਤ ਛਕਣ ਲਈ ਕਿਹਾ ਤਾਂ ਉਸਦਾ ਉੱਤਰ ਸੀ, 'ਹਾਲੀ ਮੈਨੂੰ ਥਿਆ ਨਹੀਂ ਲੱਗੀ।'

ਵਿਆਹ ਸ਼ਾਦੀ ਦੀਆਂ ਉਨ੍ਹਾਂ ਰਸਮਾਂ ਦਾ ਹਵਾਲਾ ਵੀ ਪੜ੍ਹਨ ਵਾਲਾ ਹੈ ਜਿਨ੍ਹਾਂ ਅਨੁਸਾਰ ਵਿਆਹ ਸ਼ਾਦੀ ਸਮੇਂ ਜੰਜ ਬੰਨ੍ਹਣ ਤੇ ਜੰਜ ਛੁਡਾਉਣ ਦੀ ਕਲਾ ਵੀ ਸੀ ਤੇ ਨਾਨਕਾ ਮੇਲ ਦੇ ਆਉਣ ਨਾਲ ਖੁਸ਼ੀਆਂ ਦਾ ਸੰਗਮ ਵੀ ਜਿਸ ਲਈ ਲੇਖਕ ਨੇ ਦੋ ਦਰਿਆਵਾਂ ਦੇ ਮੇਲ ਦਾ ਚਿੰਨ੍ਹ ਵਰਤਿਆ ਹੈ।

ਜਦੋਂ ਕਿਸੇ ਨੇ ਜ਼ਿਕਰ ਕੀਤਾ ਕਿ ਗਿਆਨੀ ਜੀ ਖੱਬੇ ਹੱਥ ਨਾਲ ਲਿਖਦੇ ਸਨ ਤਾਂ ਉਨ੍ਹਾਂ ਦੇ ਬੇਟੇ ਰੁਪਿੰਦਰ ਸਿੰਘ ਨੇ ਆਪਣੀ ਮਾਤਾ ਜੀ ਦੇ ਹਵਾਲੇ ਨਾਲ ਦੱਸਿਆ ਕਿ ਉਹ ਦੋਵਾਂ ਹੱਥਾਂ ਨਾਲ ਲਿਖ ਲੈਂਦੇ ਸਨ। ਇੱਕ ਹੱਥ ਦੇ ਥੱਕ ਜਾਣ 'ਤੇ ਦੂਜਾ ਵਰਤ ਲੈਂਦੇ ਸਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਮਹਾਰਥੀ ਨਾਲ ਵਿਆਹ ਕਰਾਉਣ ਵਾਲੀ ਇੰਦਰਜੀਤ ਕੌਰ ਵਾਈਸ ਚਾਂਸਲਰ ਦੀ ਪਦਵੀ ਤੱਕ ਪਹੁੰਚੀ।

ਕੁੱਲ ਮਿਲਾ ਕੇ ਗਿਆਨੀ ਗੁਰਦਿੱਤ ਸਿੰਘ ਨੂੰ ਚੇਤੇ ਕਰਨ ਦੀ ਇਹ ਬੈਠਕ ਯਾਦਗਾਰੀ ਹੋ ਨਿੱਬੜੀ। ਪ੍ਰਧਾਨਗੀ ਦੀ ਜ਼ਿੰਮੇਵਾਰੀ ਨਿਭਾ ਰਹੇ ਸੁਰਜੀਤ ਪਾਤਰ ਨੇ ਤਾਂ ਇਹ ਵੀ ਇੱਛਾ ਪ੍ਰਗਟ ਕੀਤੀ ਕਿ ਜੇ ਕੋਈ ਗਿਆਨੀ ਜੀ ਦਾ ਸਾਨੀ ਹੋਵੇ ਤਾਂ ਅਜੋਕੇ ਪਿੰਡਾਂ ਵਿਚ ਆਈ ਵਰਤਮਾਨ ਤਬਦੀਲੀ ਨੂੰ ਆਧਾਰ ਬਣਾ ਕੇ ਪੰਜਾਬੀ ਪਿੰਡ ਦੇ ਅਜੋਕੇ ਚਿਹਰੇ ਮੁਹਰੇ ਦੀ ਗੱਲ ਕਰੇ। ਪਰ ਕਿੱਥੋਂ ਲਿਆਈਏ ਲੱਭ ਕੇ ਗੁਰਦਿੱਤ ਸਿੰਘ ਕੋਈ ਹੋਰ।

**ਅੰਤਿਕਾ**

—ਮੁਹੰਮਦ ਇਕਬਾਲ—

ਫਿਰ ਉਠੀ ਆਵਾਜ਼ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇੱਕ ਮਰਦ ਏ ਕਾਮਿਲ ਨੇ ਜਗਾਇਆ ਖਵਾਬ ਸੇ।

# ਨਾਜ਼ੀਵਾਦ ਦੇ ਸਿਰ ਚੁੱਕਣ ਤੋਂ ਪਹਿਲਾਂ...

ਸ਼ੈਲੀ ਵਾਲੀਆ

ਅਕਤੂਬਰ 1922 ਵਿਚ ਬੈਨੀਤੋ ਮੁਸੋਲਿਨੀ ਨੇ ਰੋਮ 'ਤੇ ਚੜ੍ਹਾਈ ਕੀਤੀ ਸੀ। ਇਸ ਤੋਂ ਪ੍ਰਭਾਵਿਤ ਹੋ ਕੇ ਹਿਟਲਰ ਕਰੀਬ ਇਕ ਸਾਲ ਬਾਅਦ 8 ਨਵੰਬਰ ਨੂੰ ਦੋ ਹਜ਼ਾਰ ਹਥਿਆਰਬੰਦ ਵਾਲੰਟੀਅਰਾਂ ਨਾਲ ਬਾਵੇਰੀਆ ਰਾਜ ਦੇ ਸ਼ਹਿਰ ਮਿਊਨਿਖ ਵੱਲ ਮਾਰਚ ਕਰਦੇ ਹੋਏ ਇਕ ਬੀਅਰ ਹਾਲ (ਬਰਜਰਬ੍ਰਾਕੈਲਰ) ਪਹੁੰਚਿਆ ਸੀ। ਸਪਸ਼ਟ ਸੀ ਕਿ ਹਿਟਲਰ ਦਾ ਮਨਸ਼ਾ ਸੀ- ਬਾਵੇਰੀਆਈ ਰਾਜਧਾਨੀ ਨੂੰ ਕਬਜ਼ੇ ਵਿਚ ਲੈ ਕੇ ਜਰਮਨੀ ਦੀ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਦਾ ਤਖ਼ਤਾ ਉਲਟਾ ਕੇ ਇਸ ਦੀ ਥਾਂ ਤਾਨਾਸ਼ਾਹ ਨਿਜ਼ਾਮ ਕਾਇਮ ਕੀਤਾ ਜਾਵੇ ਜੋ ਹਿੰਸਾ ਅਤੇ ਨਸਲਪ੍ਰਸਤ ਵਿਚਾਰਧਾਰਾ ਨੂੰ ਲੈ ਕੇ ਚੱਲੇ। ਸਰਕਾਰੀ ਨੌਕਰੀਆਂ 'ਚੋਂ ਯਹੂਦੀਆਂ ਦੀ ਛਾਂਟੀ ਅਤੇ ਯਹੂਦੀਆਂ ਦੀ ਮਦਦ ਕਰਨ ਵਾਲੇ ਹਰ ਵਿਅਕਤੀ ਨੂੰ ਸਜ਼ਾ ਦੇਣੀ ਹਿਟਲਰ ਦੀਆਂ ਤਰਜੀਹਾਂ ਵਿਚ ਸ਼ੁਮਾਰ ਸੀ। ਉਸ ਦੀ ਯੋਜਨਾ ਅਜਿਹੀ ਸਰਕਾਰ ਕਾਇਮ ਕਰਨ ਦੀ ਸੀ ਜਿਸ ਦੀ ਦੇਖ ਰੇਖ ਹੇਠ ਇਕਜੁੱਟ ਮਹਾਂ ਜਰਮਨ ਰਾਇਖ (ਸਾਮਰਾਜ) ਦੀ ਸਥਾਪਨਾ ਹੋ ਸਕੇ।

9 ਨਵੰਬਰ ਨੂੰ ਹਿਟਲਰ ਨੇ ਆਪਣੇ ਦਸਤੇ ਬੀਅਰ ਬਾਰ ਤੋਂ ਹਟਾ ਕੇ ਓਡੀਓਨਸਪਲਾਜ਼ (ਕੇਂਦਰੀ ਮਿਊਨਿਖ ਵਿਚ ਚੌਕ) 'ਤੇ ਤਾਇਨਾਤ ਕਰ ਦਿੱਤੇ ਜਿੱਥੇ ਬਾਵੇਰਿਆਈ ਦਸਤਿਆਂ ਨੇ ਨਾਜ਼ੀ ਵਿਦਰੋਹੀਆਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਕੁਝ ਨੂੰ ਮਾਰ ਮੁਕਾਇਆ। ਹਿਟਲਰ ਲੜਾਈ ਵਿਚ ਵਾਲ-ਵਾਲ ਬਚਿਆ ਤੇ ਇਕ ਗੋਲੀ ਉਸ ਤੋਂ ਇੰਚ ਕੁ ਵਿੱਥ ਨਾਲ ਲੰਘ ਗਈ। ਜੇ ਉਸ ਸਵੇਰ ਹਿਟਲਰ ਮਾਰਿਆ ਜਾਂਦਾ ਤਾਂ ਦੁਨੀਆ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ ਪਰ ਉਸ ਨੇ ਤਾਂ ਅੱਗੇ ਚੱਲ ਕੇ ਜਰਮਨੀ ਦਾ ਫਿਊਹਰਰ (ਸਰਬਰਾਹ) ਬਣਨਾ ਸੀ। ਜਿਸ ਜਗ੍ਹਾ ਉਸ ਨੂੰ ਮੂੰਹ ਦੀ ਖਾਣੀ ਪਈ ਸੀ, ਦਸ ਸਾਲਾਂ ਬਾਅਦ ਉਸ ਨੇ ਹਜ਼ਾਰਾਂ ਲੋਕਾਂ ਦੇ ਹਜੂਮ ਨਾਲ ਉਸੇ ਜਗ੍ਹਾ ਜਰਮਨੀ ਦਾ ਚਾਂਸਲਰ ਬਣ ਕੇ ਪੁੱਜਣਾ ਸੀ ਅਤੇ ਉਸ ਦੀ ਜੇਬ ਵਿਚ ਜਿਹੜਾ ਮੈਨੀਫੈਸਟੋ ਪਿਆ ਸੀ, ਉਸ ਨਾਲ ਜਰਮਨੀ ਵਿਚ ਲੋਕਰਾਜ ਦਾ ਖਾਤਮਾ ਹੋਣਾ ਸੀ।

ਆਪਣੇ ਹਮਾਇਤੀਆਂ ਦੇ ਹਜੂਮ ਵਿਚ ਘਿਰੇ ਹਿਟਲਰ ਨੇ ਆਪਣੇ ਵਤਨ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਯਾਦ ਵਿਚ ਆਪਣਾ ਸਿਰ ਝੁਕਾਇਆ ਸੀ। ਇੰਝ ਯੂਰਪ ਦੇ ਇਤਿਹਾਸ ਵਿਚ ਸਭ ਤੋਂ ਘਾਤਕ ਸਿਆਸੀ ਪ੍ਰੋਗਰਾਮ ਸ਼ੁਰੂ ਹੋ ਚੁੱਕਿਆ ਸੀ। ਉਸ ਦਾ ਸੱਤਾ ਵਿਚ ਆਉਣਾ ਮਾਨਵਤਾ ਨੂੰ ਇਕ ਪੁਰਜ਼ੋਰ ਸਬਕ ਦੇ ਰਿਹਾ ਸੀ: ਜੇ ਉਦਾਰਵਾਦੀ ਲੋਕਤੰਤਰ ਦੀਆਂ ਸੰਸਥਾਵਾਂ ਨੂੰ ਹਲੂਣਿਆ ਗਿਆ ਜਾਂ ਇਨ੍ਹਾਂ ਨੂੰ ਕਮਜ਼ੋਰ ਕੀਤਾ ਗਿਆ ਤਾਂ ਕਿਸੇ ਬੀਅਰ ਪੱਬ ਵਿਚੋਂ ਉੱਠੀ ਬਗ਼ਾਵਤ ਦੀ ਚੰਗਿਆੜੀ ਨੂੰ ਭੜਕਣ ਵਿਚ ਜ਼ਿਆਦਾ ਦੇਰ ਨਹੀਂ ਲੱਗੇਗੀ ਸਗੋਂ ਮਿਊਨਿਖ ਵਿਚ ਉਸ ਦੀ ਆਮਦ ਨਾਲ ਉਨ੍ਹਾਂ ਲੋਕਾਂ ਦੀਆਂ ਵੀ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਸਨ ਜੋ ਝੂਠ ਫਰੇਬ ਦੇ ਜਾਲ ਵਿਚ ਫਸ ਕੇ ਨਸਲਕੁਸ਼ੀ ਦੀ ਸਿਆਸਤ ਲਈ ਕੰਮ ਕਰਨ ਅਤੇ ਸੰਵਿਧਾਨਕ ਲੋਕਤੰਤਰ ਨੂੰ ਕਮਜ਼ੋਰ ਪਾਉਣ ਵਾਲੀਆਂ ਤਾਕਤਾਂ ਦੇ ਝਾਂਸੇ ਵਿਚ ਆ ਰਹੇ ਸਨ।



ਹਿਟਲਰ ਦੇ ਵਿਦਰੋਹ ਨੂੰ ਸਮਝਣ ਦੀ ਅਹਿਮੀਅਤ ਲੋਕਰਾਜ, ਨਿਆਂ ਅਤੇ ਆਜ਼ਾਦੀ ਦੇ ਸਾਡੇ ਵਿਚਾਰਾਂ ਦੇ ਭਵਿੱਖ ਲਈ ਪ੍ਰਸੰਗਕ ਹੈ। ਨਾਜ਼ੀਵਾਦ ਦੀ ਉਤਪਤੀ ਦੇ ਸਵਾਲ 'ਤੇ ਇਕ ਪਲ ਲਈ ਰੁਕ ਕੇ ਅਸੀਂ ਇਕ ਬਾਜ਼ ਨਜ਼ਰ ਨਾਲ ਮੌਜੂਦਾ ਸਮਿਆਂ ਵਿਚ ਲੋਕਰਾਜ ਅਤੇ ਕਾਨੂੰਨ ਦੇ ਰਾਜ ਨੂੰ ਹੋ ਰਹੇ ਨੁਕਸਾਨ ਦੇ ਸੰਕਟ ਦੇ ਧੁਰ ਅੰਦਰ ਤੱਕ ਜਾ ਸਕਦੇ ਹਾਂ ਜੋ ਅਮਨਪਸੰਦ ਸਹਿਹੋਂਦ ਨਾਲ ਆਜ਼ਾਦੀ ਤਲਬ ਲੋਕਾਂ ਲਈ ਚਹੇਤੀਆਂ ਕਦਰਾਂ ਕੀਮਤਾਂ ਅਤੇ ਵਿਚਾਰਾਂ ਨੂੰ ਜ਼ਿੰਦਾ ਰੱਖਣ ਲਈ ਨਿੱਠਵੇਂ ਸੰਘਰਸ਼ ਦਾ ਹੋਕਾ ਦਿੰਦੀ ਹੈ। ਸਾਨੂੰ ਅਹਿਸਾਸ ਕਰਨਾ ਪਵੇਗਾ ਕਿ ਅਸੀਂ ਘਿਰਣਾਗ੍ਰਸਤ ਅਤੇ ਜੰਗਬਾਜ਼ ਰਾਸ਼ਟਰਵਾਦ ਦੇ ਦੌਰ ਵਿਚ ਜੀਅ ਰਹੇ ਹਾਂ। ਸਪੇਨੀ- ਅਮਰੀਕੀ ਦਾਰਸ਼ਨਿਕ ਜੌਰਜ ਸਾਂਤਿਆਨਾ ਦੇ ਲਫਜ਼ਾਂ ਨੂੰ ਯਾਦ ਰੱਖਣਾ ਜ਼ਰੂਰੀ ਹੈ ਕਿ "ਜੋ ਲੋਕ ਇਤਿਹਾਸ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਨੂੰ ਇਤਿਹਾਸ ਦੁਹਰਾਉਣਾ ਪੈਂਦਾ ਹੈ।" ਇਸ ਵੇਲੇ ਦੁਨੀਆ ਭਰ ਵਿਚ ਨਸਲਪ੍ਰਸਤ ਰਾਸ਼ਟਰਵਾਦ ਦਾ ਮੁੜ ਉਭਾਰ ਹੋ ਰਿਹਾ ਹੈ ਖ਼ਾਸਕਰ ਰੂਸ ਅਤੇ ਇਜ਼ਰਾਈਲ ਵਿਚ। ਇਜ਼ਰਾਇਲੀ ਲੀਡਰਸ਼ਿਪ ਨਾਜ਼ੀ ਪਾਰਟੀ ਵਾਂਗ ਆਪਣੇ ਕੋਟ ਦੀ ਮੋੜੀ 'ਤੇ ਰਾਸ਼ਟਰਵਾਦ ਦਾ ਬੈਜ ਲਾ ਕੇ ਚੱਲਣ ਲੱਗ ਪਈ ਹੈ ਜਿਸ 'ਤੇ ਲਿਖਿਆ ਹੁੰਦਾ ਹੈ 'ਨੌਟ ਅਗੇਨ' ਭਾਵ ਦੁਬਾਰਾ ਨਹੀਂ। ਸਿਤਮਜ਼ਰੀਫ਼ੀ ਦੀ ਗੱਲ ਹੈ ਕਿ ਨਸਲਕੁਸ਼ੀ ਦੇ ਸ਼ਿਕਾਰ ਹੋਏ ਲੋਕਾਂ ਦੇ ਵਾਰਸ ਹੁਣ ਆਪਣੇ ਹੱਥੀਂ ਇਹੋ ਜਿਹਾ ਹੀ ਕਾਰਾ ਕਰ ਰਹੇ ਹਨ ਅਤੇ ਇਸ ਵਾਰ ਫ਼ਲਸਤੀਨੀਆਂ ਨੂੰ ਦੂਜੀ ਵਾਰ ਉਜਾੜੇ (ਨਕਬਾ) ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਹ ਗੱਲ ਸਮਝ ਪੈਂਦੀ ਹੈ ਕਿ ਇਸ ਵੇਲੇ ਦੁਨੀਆ ਭਰ ਵਿਚ ਜਿਸ ਸੱਜੇ ਪੱਖੀ ਪਾਪੂਲਜ਼ਿਮ ਨੂੰ ਉਭਾਰਿਆ ਜਾ ਰਿਹਾ ਹੈ, ਉਸ ਨਾਲ ਆਧੁਨਿਕ ਯੁੱਗ ਦਾ ਕਬਾਇਲੀਪੁਣਾ ਸਿਰ ਚੁੱਕ ਰਿਹਾ ਹੈ ਅਤੇ ਨਾਜ਼ੀਵਾਦ ਦੇ ਮਾੜੇ ਸੁਪਨੇ ਤੋਂ, ਸਬਕਾਂ ਤੋਂ ਮੂੰਹ ਫੇਰਨਾ ਬਹੁਤ ਔਖਾ ਹੈ। ਨਾਜ਼ੀ ਜਰਮਨੀ ਦੇ ਹਥਿਆਰਾਂ ਅਤੇ ਜੰਗੀ ਸਾਜ਼ੋ-ਸਾਮਾਨ ਦੇ ਮਾਮਲਿਆਂ ਬਾਰੇ ਮੰਤਰੀ ਅਲਬਰਟ ਸਪੀਅਰ ਨੇ ਹਿਟਲਰ ਦੀ 'ਨਿੱਜੀ ਬਦਹਵਾਸੀ' ਦੀ ਧਾਰਨਾ ਨੂੰ ਰੇਖਾਂਕਤ ਕੀਤਾ ਸੀ ਜੋ ਅਰਥਚਾਰੇ ਦੀ ਨਾਕਾਮੀ ਕਰ ਕੇ ਪੈਦਾ ਹੋਈ ਸੀ ਅਤੇ ਉਸ ਨੇ ਇਸ ਨੂੰ ਬੜੀ ਹੁਸ਼ਿਆਰੀ ਨਾਲ ਇਕ ਅਜਿਹੇ ਜਨੂਨ ਦਾ ਰੂਪ ਦੇ ਦਿੱਤਾ ਜੋ ਸ਼ਿਕਾਰਾਂ ਦੀ ਮੰਗ ਕਰਦੀ ਸੀ। ਉਸ ਨੇ ਇਤਿਹਾਸ ਨੂੰ ਬਦਲਾਖੋਰੀ ਦੇ ਜ਼ਖੀਰੇ ਵਿਚ ਤਬਦੀਲ ਕਰ ਦਿੱਤਾ ਸੀ। 1920ਵਿਆਂ ਦੇ ਦਹਾਕੇ ਵਿਚ ਇਹ ਨਿਸ਼ਾਨ ਬਹੁਤ ਨੀਵੇਂ ਚਲੇ ਜਾਣ ਕਰ ਕੇ ਜਰਮਨੀ ਨੂੰ ਆਧੁਨਿਕ ਸਨਅਤੀ ਰਾਜ ਦੇ ਰੂਪ ਵਿਚ ਪਹਿਲੀ ਵਾਰ ਅੱਤ ਦੀ ਮਹਿੰਗਾਈ ਦਾ ਸਾਹਮਣਾ ਕਰਨਾ ਪਿਆ ਸੀ। ਖ਼ਾਨਾਜੰਗੀ ਲਈ ਹਾਲਾਤ ਸਾਜ਼ਗਾਰ ਹੋ ਗਏ ਸਨ ਅਤੇ ਹਿਟਲਰ ਨੂੰ ਇਕ ਅਜਿਹੇ ਕਰੂਰ ਸ਼ਾਸਨ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈਣ ਦੀ ਉਡੀਕ ਸੀ ਜਿਸ ਨੂੰ ਦੁਨੀਆ ਨੇ ਪਹਿਲਾਂ ਕਦੇ ਨਹੀਂ ਤੱਕਿਆ ਸੀ। ਦੱਖਣੀ ਖੇਤਰ ਦੇ ਲੋਕਰਾਜ ਵਿਰੋਧੀ ਸੰਸਦ ਮੈਂਬਰ ਵਧੇਰੇ ਉਦਾਰਵਾਦੀ ਉੱਤਰੀ ਖਿੱਤੇ ਦੇ ਮਿਹਨਤਕਸ਼ ਤਬਕਿਆਂ ਦੇ ਲੜਾਕਿਆਂ ਅਤੇ ਲੋਕਰਾਜ-ਪੱਖੀ ਸ਼ਕਤੀਆਂ ਖਿਲਾਫ਼ ਲਾਮਬੰਦ ਹੋ ਰਹੇ ਸਨ। ਇਸ ਤਰ੍ਹਾਂ ਜਰਮਨੀ ਵਿਚ ਖ਼ਾਨਾਜੰਗੀ ਧੁਖਣੀ ਸ਼ੁਰੂ ਹੋ ਗਈ ਸੀ।

1923 ਦੇ ਨਾਕਾਮ ਵਿਦਰੋਹ ਤੋਂ ਬਾਅਦ ਹਿਟਲਰ ਦੀ ਮਿਊਨਿਖ ਵਾਪਸੀ ਇਸ ਗੱਲ ਨੂੰ ਦਰਸਾਉਂਦੀ ਸੀ ਕਿ ਇਸ ਸ਼ਹਿਰ ਦਾ ਬਦਲਾਓ ਨਾਜ਼ੀ ਯੁੱਗ ਅਤੇ ਨਸਲਕੁਸ਼ੀ ਦੀ ਤਰਾਸਦੀ ਨੂੰ ਸਮਝਣ ਲਈ ਅਹਿਮ ਕਿਉਂ ਹੈ। ਬਾਵੇਰੀਆ ਦੀ ਕੰਜ਼ਰਵੇਟਿਵ ਸਰਕਾਰ ਨੇ ਗਿਣ ਮਿੱਥ ਕੇ ਯਹੂਦੀਆਂ ਨੂੰ ਖੱਬੇ ਪੱਖੀ ਇੰਤਹਾਪਸੰਦੀ ਨਾਲ ਜੋੜ ਦਿੱਤਾ ਅਤੇ ਧਰਮ ਦੇ ਆਧਾਰ 'ਤੇ ਨਸਲਪ੍ਰਸਤ ਹਮਲਿਆਂ ਦਾ ਮੁੱਢ ਬੰਨ੍ਹ ਦਿੱਤਾ ਸੀ ਅਤੇ ਇੰਝ ਨਾਜ਼ੀਵਾਦ ਅਤੇ ਨਸਲਪ੍ਰਸਤ ਵਿਚਾਰਧਾਰਾ ਦਾ ਆਧਾਰ ਮੁਹੱਈਆ ਕਰਵਾਇਆ। ਮਿਊਨਿਖ ਸੱਜੇ ਪੱਖੀ ਅਤਿਵਾਦ ਦਾ ਪੰਘੂੜਾ ਬਣ ਗਿਆ ਜਿੱਥੇ ਹਰ ਗਲੀ ਮੁਹੱਲੇ ਵਿਚ ਯਹੂਦੀਆਂ ਨੂੰ ਕੁੱਟਿਆ ਮਾਰਿਆ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਧਰਮ ਅਸਥਾਨਾਂ ਨੂੰ ਤੋੜਿਆ ਜਾ ਰਿਹਾ ਸੀ। ਇਸ ਸ਼ਹਿਰ ਵਿਚ ਹਿਟਲਰ ਨੇ ਨਾਜ਼ੀ ਲਹਿਰ ਦੀ ਸ਼ੁਰੂਆਤ ਕੀਤੀ ਸੀ ਤੇ ਸਿਆਹਫਾਮ ਵਿਰੋਧੀ ਆਪਣੇ ਵਿਚਾਰਾਂ ਨੂੰ ਵਿਕਸਤ ਕੀਤਾ ਸੀ। ਬਾਵੇਰੀਆ ਦੀ ਰਾਜਧਾਨੀ ਨੂੰ ਨਾਜ਼ੀਵਾਦ ਅਤੇ ਉਸ ਦੇ 'ਅੰਤਿਮ ਹੱਲ' ਦੀ ਇਕ ਘ੍ਰਿਣਾਮਈ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਸੀ।

ਰਾਇਖ ਸਰਕਾਰ ਜਲਦੀ ਹੀ ਅਨੇਬਲਿੰਗ ਐਕਟ, 1933 ਨੂੰ ਮਨਜ਼ੂਰੀ ਦੇ ਦਿੰਦੀ ਹੈ ਜਿਸ ਨਾਲ ਸ਼ਾਸਨ ਕਰ ਰਹੀ ਪਾਰਟੀ ਨੂੰ ਪਾਰਲੀਮੈਂਟ ਨੂੰ ਨਜ਼ਰਅੰਦਾਜ਼ ਕਰਨ ਦੀ ਨਿਰੰਕੁਸ਼ ਤਾਕਤ ਮਿਲ ਗਈ। ਇਹ ਬਿੱਲ ਪਾਸ ਹੋਣ ਨਾਲ ਨਾਜ਼ੀਵਾਦ ਨੂੰ ਵੱਡਾ ਹੁਲਾਰਾ ਮਿਲਿਆ ਅਤੇ 'ਯਹੂਦੀ ਬਾਲਸ਼ਵਿਕ ਆਲਮੀ ਸਾਜ਼ਿਸ਼' ਨੂੰ ਚੁਣੌਤੀ ਦੇਣ ਦੇ ਇਸ ਦੇ ਬਿਰਤਾਂਤ ਨੂੰ ਮਜ਼ਬੂਤੀ ਮਿਲੀ। ਹਿਟਲਰ ਤੇ ਉਸ ਦੇ ਹਮਾਇਤੀਆਂ ਨੇ ਮਿਊਨਿਖ ਦੇ ਯਹੂਦੀਆਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਇਸ ਕੰਮ ਵਿਚ ਸਿਆਸਤਦਾਨਾਂ, ਜੱਜਾਂ, ਪੁਲੀਸ ਅਤੇ ਆਮ ਲੋਕਾਂ ਨੇ ਉਸ ਦਾ ਪੱਖ ਪੂਰਿਆ। ਯਹੂਦੀਆਂ ਨੇ ਰਾਜ ਪ੍ਰਤੀ ਆਪਣੀ ਵਫ਼ਾਦਾਰੀ ਜਤਾ ਕੇ, ਜਨਤਕ ਜੀਵਨ ਵਿਚ ਵਿਚਰਨਾ ਛੱਡ ਕੇ ਜਾਂ ਕਈਆਂ ਨੇ ਉੱਕਾ ਸ਼ਹਿਰ ਹੀ ਤਿਆਗ ਕੇ ਵੱਖੋ-ਵੱਖਰੇ ਢੰਗਾਂ ਨਾਲ ਪ੍ਰਤੀਕਿਰਿਆ ਦਿੱਤੀ।

ਇਸ ਵਰਤਾਰੇ ਦੀ ਸ਼ਤਾਬਦੀ ਨੂੰ ਚੇਤੇ ਕਰਦਿਆਂ ਸਾਨੂੰ ਮੌਜੂਦਾ ਸਮਿਆਂ ਵਿਚ ਦੁਨੀਆ ਭਰ ਵਿਚ ਲੋਕਰਾਜ ਦੇ ਹੋ ਰਹੇ ਪਤਨ ਨੂੰ ਠੱਲ੍ਹ ਪਾਉਣ ਵਿਚ ਮਦਦ ਮਿਲ ਸਕਦੀ ਹੈ। ਦੁਨੀਆ ਭਰ ਵਿਚ ਉਦਾਰਵਾਦੀ ਲੋਕਰਾਜ ਨਿਰੰਕੁਸ਼ ਰਾਜਤੰਤਰਾਂ ਵਿਚ ਗਰਕਦੇ ਜਾ ਰਹੇ ਹਨ ਅਤੇ ਨੰਗੀ ਚਿੱਟੀ ਨਸਲਪ੍ਰਸਤੀ ਨਾਲ ਸਿਆਸੀ ਕੁਲੀਨਾਂ ਦਾ ਉਭਾਰ ਹੋਇਆ ਹੈ ਅਤੇ ਇੰਝ ਲੋਕਾਂ ਨੂੰ ਰਿਝਾਉਣ ਵਾਲੇ ਉਸ਼ਟੰਡਬਾਜ਼ਾਂ ਲਈ ਰਾਹ ਪੱਧਰਾ ਹੋ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮਿਊਨਿਖ ਅਤੇ ਨਾਜ਼ੀ ਜਰਮਨੀ ਵਿਚ ਜੋ ਕੁਝ ਹੋਇਆ ਸੀ, ਉਹੀ ਹੁਣ ਆਪਣੇ ਆਪ ਨੂੰ ਸਮਤਾਵਾਦੀ ਕਹੇ ਜਾਣ ਵਾਲੇ ਕਈ ਲੋਕਰਾਜੀ ਮੁਲਕਾਂ ਵਿਚ ਵਾਪਰ ਰਿਹਾ ਹੈ। ਅਜਿਹੇ ਸਮਿਆਂ ਵਿਚ ਇਹ ਸਵਾਲ ਕਰਨਾ ਅਹਿਮ ਹੈ: ਕੀ ਪਿਛਲੇ 50 ਸਾਲਾਂ ਦੌਰਾਨ, ਦੁਨੀਆ ਨੇ ਸੰਵਿਧਾਨਕ ਲੋਕਰਾਜ ਦੇ ਮਾਮਲਿਆਂ ਵਿਚ ਕੋਈ ਪੇਸ਼ਕਦਮੀ ਕੀਤੀ ਹੈ ਜਾਂ ਅਸੀਂ ਖੜੋਤ ਦਾ ਸ਼ਿਕਾਰ ਹਾਂ ਜਾਂ ਫਿਰ ਪਿਛਾਂਹ ਮੁੜੇ ਹਾਂ? ਕੀ ਲੋਕਤੰਤਰ ਦਮਨ ਲਾਗੇ ਚੱਲਦੇ ਨਰਮ ਤੰਗਨਜ਼ਰਵਾਦ ਵਿਚ ਗਰਕ ਰਹੇ ਹਨ ਜਿੱਥੇ ਦੂਜੇ ਧਰਮਾਂ ਜਾਂ ਜੀਵਨ ਪੱਧਤੀਆਂ ਲਈ ਬਹੁਤੀ ਥਾਂ ਨਹੀਂ ਹੁੰਦੀ? ਦਰਅਸਲ, ਨਸਲੀ ਅਸਹਿਣਸ਼ੀਲਤਾ ਪੁਰਾਣੇ ਸਮਿਆਂ ਦੇ ਮੁਕਾਬਲੇ ਜ਼ਿਆਦਾ ਘਿਣਾਉਣੇ ਰੂਪ ਵਿਚ ਸਿਰ ਚੁੱਕ ਰਹੀ ਹੈ। ਦੁਨੀਆ ਭਰ ਵਿਚ ਬੇਸ਼ੁਮਾਰ ਮਿਊਨਿਖ ਉਦਾਰਵਾਦੀ ਬਹੁਵਾਦੀ ਸਮਾਜਾਂ ਦਾ ਚੋਗਾ ਉਤਾਰ ਕੇ ਵਿਤਕਰਿਆਂ ਅਤੇ ਹਿੰਸਾ ਨਾਲ ਲਬਰੇਜ਼ ਸ਼ਹਿਰਾਂ ਦਾ ਰੂਪ ਧਾਰਦੇ ਜਾ ਰਹੇ ਹਨ।

# ਚੋਣ ਬਾਂਡ ਅਤੇ ਚੋਣ ਪ੍ਰਬੰਧ

ਸੁਸ਼ਮਾ ਰਾਮਚੰਦਰਨ

ਸਿਆਸੀ ਪਾਰਟੀਆਂ ਦਾ ਆਪਣੇ ਲਈ ਧਨ ਜੁਟਾਉਣ/ਸਿਆਸੀ ਚੰਦਾ ਹਾਸਲ ਕਰਨ ਦਾ ਮੁੱਦਾ ਹਮੇਸ਼ਾ ਗੁੰਝਲਦਾਰ ਰਿਹਾ ਹੈ। ਦਹਾਕਿਆਂ ਤੱਕ ਇਸ ਗੱਲ ਨੂੰ ਖ਼ਾਮੋਸ਼ ਪ੍ਰਵਾਨਗੀ ਹਾਸਲ ਸੀ ਕਿ ਇਸ ਅਮਲ ਵਿਚ ਗ਼ੈਰ-ਕਾਨੂੰਨੀ ਪੈਸਾ ਇਸਤੇਮਾਲ ਕੀਤਾ ਜਾਵੇਗਾ। ਸਿਆਸਤਦਾਨਾਂ ਵੱਲੋਂ ਸੂਟਕੇਸਾਂ ਵਿਚ ਨਕਦੀ ਦੀਆਂ ਮੋਟੀਆਂ ਰਕਮਾਂ ਹਾਸਲ ਕੀਤੇ ਜਾਣ ਦੀ ਤਸਵੀਰ ਨੇ ਚੋਣ ਫੰਡਿੰਗ ਦੀ ਧਾਰਨਾ ਨੂੰ ਪਰਿਭਾਸ਼ਿਤ ਕੀਤਾ ਹੈ। ਚੋਣ ਸੁਧਾਰਾਂ ਅਤੇ ਨਾਲ ਹੀ ਚੋਣ ਪ੍ਰਚਾਰ ਲਈ ਫੰਡਿੰਗ ਵਾਸਤੇ ਕੋਈ ਢਾਂਚਾ ਬਣਾਉਣ ਬਾਰੇ ਭਾਰੀ ਬਹਿਸ ਦੇ ਬਾਵਜੂਦ ਸਿਆਸੀ ਜਮਾਤ ਨੇ ਚੱਲੀ ਆ ਰਹੀ ਹਾਲਤ ਨੂੰ ਬਦਲਣ ਵਿਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਇਸ ਹਾਲਾਤ ਦੌਰਾਨ ਜਦੋਂ ਮੌਕੇ ਦੇ ਤਤਕਾਲੀ ਵਿੱਤ ਮੰਤਰੀ ਅਰੁਣ ਜੇਤਲੀ ਨੇ 2017 ਵਿਚ ਸੰਸਦ 'ਚ ਭਾਸ਼ਣ ਦੌਰਾਨ ਚੋਣ ਪ੍ਰਚਾਰ ਦੀ ਫੰਡਿੰਗ ਦੇ ਢਾਂਚੇ ਵਿਚ ਸੁਧਾਰ ਕੀਤੇ ਜਾਣ ਦੀ ਗੱਲ ਆਖੀ ਤਾਂ ਇਹ ਤਾਜ਼ਾ ਹਵਾ ਦੇ ਬੁੱਲੇ ਵਰਗਾ ਜਾਪਿਆ। ਇਸ ਨੇ ਬਹੁਤ ਸਾਰੀਆਂ ਵਿਧਾਨਕ ਸੋਧਾਂ ਅਤੇ ਹੁਣ ਵਿਵਾਦਗ੍ਰਸਤ ਹੋ ਚੁੱਕੀ ਚੋਣ ਬਾਂਡ ਸਕੀਮ ਦਾ ਰਾਹ ਪੱਧਰਾ ਕੀਤਾ।

ਇਹੋ ਉਹ ਯੋਜਨਾ ਹੈ ਜਿਹੜੀ ਹੁਣ ਸਿਖਰਲੀ ਅਦਾਲਤ ਦੀ ਨਿਰਖ-ਪਰਖ ਹਿੱਤ ਪੁੱਜੀ ਹੋਈ ਹੈ। ਚੋਣ ਬਾਂਡ ਆਪਣੇ ਤੌਰ 'ਤੇ ਮੁਕਾਬਲਤਨ ਸਾਦਾ ਧਾਰਨਾ ਹੈ। ਇਹ ਵਿਆਜ ਮੁਕਤ ਬੈਂਕਿੰਗ ਸੰਦ ਹਨ ਜਿਹੜੇ ਵਚਨ ਪੱਤਰ ਵਜੋਂ ਕੰਮ ਕਰਦੇ ਹਨ ਅਤੇ ਇਨ੍ਹਾਂ ਨੂੰ ਕਿਸੇ ਸ਼ਖ਼ਸ ਜਾਂ ਸੰਸਥਾ ਵੱਲੋਂ ਖ਼ਰੀਦਿਆ ਜਾ ਸਕਦਾ ਹੈ। ਇਨ੍ਹਾਂ ਦੀ ਰਕਮ ਨੂੰ 15 ਦਿਨਾਂ ਦੌਰਾਨ ਕਿਸੇ ਰਜਿਸਟਰਡ ਸਿਆਸੀ ਪਾਰਟੀ ਦੇ ਬੈਂਕ ਖ਼ਾਤੇ ਵਿਚ ਚੰਦੇ ਵਜੋਂ ਜਮ੍ਹਾਂ ਕਰਵਾਇਆ ਜਾ ਸਕਦਾ ਹੈ। ਇਸ ਸੰਦ ਦੀ ਸਿਰਜਣਾ ਦਾ ਮੰਤਵ ਜ਼ਾਹਿਰਾ ਤੌਰ 'ਤੇ ਗੁਪਤ/ਗੁੰਮਨਾਮ ਨਕਦੀ ਵਾਲੇ ਸਿਸਟਮ ਦੀ ਥਾਂ ਮਾਨਤਾ ਪ੍ਰਾਪਤ ਬੈਂਕਿੰਗ ਪ੍ਰਣਾਲੀ ਦਾ ਇਸਤੇਮਾਲ ਕਰਨਾ ਸੀ। ਦੂਜੇ ਸ਼ਬਦਾਂ ਵਿਚ ਨਾਜਾਇਜ਼ ਪੈਸੇ ਜਾਂ ਜਿਸ ਨੂੰ 'ਕਾਲਾ ਧਨ' ਆਖਿਆ ਜਾਂਦਾ ਹੈ, ਦੀ ਵਰਤੋਂ ਤੋਂ ਬਚਣਾ। ਇਸ ਸਕੀਮ ਵਿਚ ਪੈਸਾ/ਚੰਦਾ ਦੇਣ ਵਾਲਿਆਂ ਨੂੰ ਦਿੱਤੀ ਗਈ ਨਾਂ ਗੁਪਤ ਰੱਖਣ ਦੀ ਛੋਟ ਭਿਆਨਕ ਖ਼ਰਾਬੀ ਹੈ। ਦਾਨੀ ਦਾ ਨਾਂ ਸਿਰਫ਼ ਜਨਤਕ ਖੇਤਰ ਦੇ ਬੈਂਕ ਕੋਲ ਹੀ ਰਹਿੰਦਾ ਹੈ ਅਤੇ ਇਸ ਨੂੰ ਕੇਂਦਰ ਸਰਕਾਰ ਹੀ ਜਾਣ ਸਕਦੀ ਹੈ। ਇਸ ਤਰ੍ਹਾਂ ਵੱਖ ਵੱਖ ਪਾਰਟੀਆਂ ਨੂੰ ਰਕਮਾਂ ਦੇਣ ਵਾਲਿਆਂ ਬਾਰੇ ਆਮ ਜਨਤਾ ਹਨੇਰੇ ਵਿਚ ਹੀ ਰਹਿੰਦੀ ਹੈ। ਇਸ ਨੂੰ ਵੋਟਰਾਂ ਨੂੰ ਆਪਣੀਆਂ ਚੋਣ ਤਰਜੀਹਾਂ ਨੂੰ ਗੁਪਤ ਰੱਖਣ ਦੇ ਸਮਰੱਥ ਬਣਾਏ ਜਾਣ ਦੀ ਬੁਨਿਆਦ ਉਤੇ ਵਾਜਬ ਠਹਿਰਾਇਆ ਗਿਆ।

ਅਜਿਹੀ ਦਲੀਲ ਆਮ ਵਿਅਕਤੀਆਂ ਬਾਰੇ ਤਾਂ ਸੰਭਵ ਹੋ ਸਕਦੀ ਹੈ ਪਰ ਯਕੀਨਨ ਇਹ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲੇ ਕਾਰਪੋਰੇਟਾਂ ਬਾਰੇ ਵਾਜਬ ਨਹੀਂ ਹੋ ਸਕਦੀ। ਜਿਥੋਂ ਤੱਕ ਵਿਚਾਰਧਾਰਾਵਾਂ ਦਾ ਸਵਾਲ ਹੈ ਸਨਅਤੀ ਘਰਾਣੇ ਰਵਾਇਤਨ ਸ਼ੰਕਾਵਾਦੀ ਰਹੇ ਹਨ, ਭਾਵੇਂ ਅਜਿਹੀਆਂ ਪਾਰਟੀਆਂ ਨੂੰ ਹਮੇਸ਼ਾ ਤਰਜੀਹ ਦਿੱਤੀ ਜਾਂਦੀ ਹੈ ਜਿਹੜੀਆਂ ਸਥਿਰਤਾ ਦੀ ਨੁਮਾਇੰਦਗੀ ਕਰਦੀਆਂ ਹਨ। ਅਜਿਹਾ ਮੁੱਖ ਤੌਰ 'ਤੇ ਇਸ ਕਾਰਨ ਕਿ ਨਿਵੇਸ਼ ਦਾ ਭਵਿੱਖ ਅਤੇ ਕਾਰੋਬਾਰੀ ਹਿੱਤਾਂ ਦੀ ਤਰੱਕੀ ਬਹੁਤਾ ਕਰ ਕੇ ਸਥਿਰ ਅਤੇ ਪੁਰਅਮਨ ਸਿਆਸੀ ਮਾਹੌਲ ਉਤੇ ਨਿਰਭਰ ਕਰਦੀ ਹੈ। ਦੇਸ਼ ਵਿਚ ਆਜ਼ਾਦੀ ਦੇ ਵੇਲੇ ਤੋਂ ਹੀ ਆਰਥਿਕ ਨੀਤੀਆਂ ਤੈਅ ਕਰਨ ਦੇ ਮਾਮਲੇ ਵਿਚ ਸਰਕਾਰ ਦੀ ਵਿਆਪਕ ਭੂਮਿਕਾ ਹੋਣ ਕਾਰਨ ਮੌਕੇ ਦੀ ਸਰਕਾਰ ਨਾਲ ਕਰੀਬੀ ਅਤੇ ਵਧੀਆ ਰਿਸ਼ਤੇ ਬਣਾਈ ਰੱਖਣਾ ਹਮੇਸ਼ਾ ਹੀ ਕਾਰਪੋਰੇਟਾਂ ਦੇ ਬਹੁਤ ਜ਼ਿਆਦਾ ਹਿੱਤ ਵਿਚ ਰਿਹਾ ਹੈ। ਇਸ ਦਾ ਝਲਕਾਰਾ ਵਣਜ ਮੰਡਲਾਂ ਵੱਲੋਂ ਸਰਕਾਰ ਦੀਆਂ ਨੀਤੀਆਂ ਦੀ ਜ਼ੋਰਦਾਰ ਸ਼ਲਾਘਾ ਕੀਤੇ ਜਾਣ ਤੋਂ ਮਿਲ ਜਾਂਦਾ ਹੈ, ਭਾਵੇਂ ਸਰਕਾਰ ਵੱਲੋਂ ਸਾਲਾਨਾ ਬਜਟ ਵਿਚ ਕੀਤੇ ਫ਼ੈਸਲੇ ਨਿਜੀ ਤੌਰ 'ਤੇ ਦੁਖਦਾਈ ਅਤੇ ਪ੍ਰੇਸ਼ਾਨ ਕਰਨ ਵਾਲੇ ਹੀ ਹੋਣ। ਕਿਸੇ ਚੋਣ ਤੋਂ ਪਹਿਲਾਂ ਦਾਅ ਖੇਡਣ ਦੀਆਂ ਕੋਸ਼ਿਸ਼ਾਂ ਦੌਰਾਨ ਅਤੀਤ ਵਿਚ ਵੀ ਕਾਰੋਬਾਰੀ ਘਰਾਣਿਆਂ ਵੱਲੋਂ ਵੱਡੇ ਪੱਧਰ 'ਤੇ ਸਿਆਸੀ ਪਾਰਟੀਆਂ ਨੂੰ ਮਾਲੀ ਇਮਦਾਦ ਦਿੱਤੇ ਜਾਣ ਦਾ ਰੁਝਾਨ ਰਿਹਾ ਹੈ। ਅਜਿਹਾ ਵੀ ਪਤਾ ਲੱਗਦਾ ਹੈ ਕਿ ਕਈ ਵਾਰ ਕਿਸੇ ਖ਼ਾਸ ਚੋਣ ਹਲਕੇ ਦੇ ਬਹੁਤ ਸਾਰੇ ਉਮੀਦਵਾਰਾਂ ਨੂੰ ਚੰਦਾ ਦਿੱਤਾ ਜਾਂਦਾ ਹੈ। ਇਸ ਕਾਰਨ ਵੋਟਰ ਤਰਜੀਹਾਂ ਦੇ ਮਾਮਲੇ 'ਚ ਕੰਪਨੀਆਂ ਦੀ ਤੁਲਨਾ ਆਮ ਬੰਦਿਆਂ ਨਾਲ ਨਹੀਂ ਕੀਤੀ ਜਾ ਸਕਦੀ।

ਹੁਣ ਹਾਲਾਤ ਕਾਫ਼ੀ ਬਦਲ ਚੁੱਕੇ ਹਨ ਕਿਉਂਕਿ ਸਰਕਾਰ ਅਤੇ ਇਸ ਕਾਰਨ ਹਾਕਮ ਪਾਰਟੀ ਨੂੰ ਚੋਣ ਬਾਂਡਾਂ ਦੇ ਖ਼ਰੀਦਦਾਰਾਂ ਦੇ ਸਰੋਤਾਂ ਦਾ ਪਤਾ ਹੈ। ਇਸ ਜਾਣਕਾਰੀ ਕਾਰਨ ਕਾਰਪੋਰੇਟ ਵਿਰੋਧੀ ਪਾਰਟੀਆਂ ਦੀ ਹਮਾਇਤ ਕਰਨ ਪੱਖੋਂ ਬਹੁਤ ਬਚ ਕੇ ਚੱਲਣਗੇ ਅਤੇ ਇਸ ਤਰ੍ਹਾਂ ਸਿਆਸੀ ਦ੍ਰਿਸ਼ਾਵਲੀ ਬਹੁਤ ਮਾੜੀ ਬਣ ਜਾਵੇਗੀ। ਅੰਕੜੇ ਆਪਣੇ ਆਪ ਸਾਰਾ ਭੇਤ ਖੋਲ੍ਹ ਰਹੇ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰਿਫਾਰਮਜ਼ (ਏ.ਡੀ.ਆਰ.) ਮੁਤਾਬਕ ਸਾਲ 2016-17 ਤੋਂ 2021-22 ਦੌਰਾਨ ਭਾਰਤੀ ਜਨਤਾ ਪਾਰਟੀ ਨੇ ਚੋਣ ਬਾਂਡਾਂ ਰਾਹੀਂ 5271.9 ਕਰੋੜ ਰੁਪਏ ਦੀ ਰਕਮ ਹਾਸਲ ਕੀਤੀ ਜਦੋਂਕਿ ਬਾਰੀ ਸਾਰੀਆਂ ਕੌਮੀ ਪਾਰਟੀਆਂ ਨੂੰ ਮਿਲਾ ਕੇ 1783.9 ਕਰੋੜ ਰੁਪਏ ਹੀ ਮਿਲੇ। ਸਿੱਧੇ ਕਾਰਪੋਰੇਟ ਦਾਨ ਰਾਹੀਂ ਭਾਜਪਾ ਨੂੰ 3299 ਕਰੋੜ ਰੁਪਏ ਅਤੇ ਉਸ ਤੋਂ ਬਾਅਦ ਕਾਂਗਰਸ ਨੂੰ 406 ਕਰੋੜ ਰੁਪਏ ਮਿਲੇ।

ਇਸ ਪਿਛੋਕੜ ਵਿਚ ਦਲੀਲ ਦਿੱਤੀ ਜਾ ਸਕਦੀ ਹੈ ਕਿ ਕਾਰਪੋਰੇਟਾਂ ਨੂੰ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਹਾਰਵਰਡ ਬਿਜ਼ਨਸ ਰਿਵਿਊ (ਜਨਵਰੀ 2022) ਵਿਚ ਇਸ ਮੁੱਦੇ ਉਤੇ ਡੂੰਘਾਈ ਨਾਲ ਘੋਖ ਕੀਤੀ ਗਈ ਹੈ। ਇਸ ਵਿਚ ਸਿੱਟਾ ਕੱਢਿਆ ਗਿਆ ਕਿ ਅਮਰੀਕਾ ਵਿਚ ਜਿਵੇਂ ਭਾਰਤ ਵਿਚ ਵੀ ਹੁੰਦਾ ਹੈ, ਪਾਰਟੀਆਂ ਨੂੰ ਕਾਰਪੋਰੇਟਾਂ ਵੱਲੋਂ ਸਿੱਧੇ ਤੌਰ 'ਤੇ ਚੰਦਾ ਦਿੱਤੇ ਜਾਣ ਦੀ ਇਜਾਜ਼ਤ ਦੇਣ ਦਾ ਮਤਲਬ ਹੁੰਦਾ ਹੈ ਕਿ ਅਜਿਹੀਆਂ ਰਕਮਾਂ ਉਨ੍ਹਾਂ ਉਮੀਦਵਾਰਾਂ ਦੀ ਚੋਣ ਕਰਨ ਲਈ ਹੋਣਗੀਆਂ ਜੋ ਸਨਅਤ ਦੇ ਹਿੱਤ ਵਿਚ ਕੰਮ ਜਾਂ ਖ਼ਾਸ ਤਰ੍ਹਾਂ ਦੇ ਮੰਤਵਾਂ ਦੀ ਹਮਾਇਤ ਕਰਨਗੇ। ਇਸ ਵਿਚ ਦਲੀਲ ਦਿੱਤੀ ਗਈ ਕਿ ਅਜਿਹਾ ਕੀਤਾ ਜਾਣਾ ਸ਼ੇਅਰ ਧਾਰਕਾਂ ਦੇ ਹਿੱਤਾਂ ਦੇ ਵੀ ਖ਼ਿਲਾਫ਼ ਜਾਂਦਾ ਹੈ ਕਿਉਂਕਿ ਇਨ੍ਹਾਂ ਵਿਚੋਂ ਬਹੁਤੇ ਆਮ ਕਰ ਕੇ ਕਾਰਪੋਰੇਟ ਕੰਮ-ਕਾਜ ਦੀਆਂ ਬਾਰੀਕੀਆਂ ਬਾਰੇ ਜਾਣੂ ਨਹੀਂ ਹਨ ਜਿਨ੍ਹਾਂ ਵਿਚ ਕਾਰਪੋਰੇਟਾਂ ਵੱਲੋਂ ਸਿਆਸੀ ਚੰਦੇ ਦਿੱਤਾ ਜਾਣਾ ਵੀ ਸ਼ਾਮਲ ਹੈ। ਅਜਿਹਾ ਭਾਰਤੀ ਕੰਪਨੀਆਂ ਬਾਰੇ ਵੀ ਸੱਚ ਹੈ ਜਿਥੇ ਸ਼ੇਅਰਧਾਰਕਾਂ ਦੀ ਉਨ੍ਹਾਂ ਕੰਪਨੀਆਂ ਬਾਰੇ ਜਾਣਕਾਰੀ ਬਹੁਤ ਸੀਮਤ ਹੁੰਦੀ ਹੈ ਜਿਨ੍ਹਾਂ ਵਿਚ ਉਨ੍ਹਾਂ ਵੱਲੋਂ ਨਿਵੇਸ਼ ਕੀਤਾ ਗਿਆ ਹੁੰਦਾ ਹੈ।

ਜੇ ਕਾਰੋਬਾਰੀ ਹਿੱਤਾਂ ਨੂੰ ਸਿਆਸੀ ਪ੍ਰਬੰਧ ਤੋਂ ਦੂਰ ਰੱਖਣਾ ਹੈ ਤਾਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੀਆਂ ਚੋਣ ਮੁਹਿੰਮਾਂ ਲਈ ਫੰਡ ਮੁਹੱਈਆ ਕਰਾਉਣ ਦਾ ਕੋਈ ਹੋਰ ਤਰੀਕਾ ਕੱਢਣਾ ਹੋਵੇਗਾ। ਇਸ ਵਿਚ ਸਟੇਟ/ਰਿਆਸਤ ਸਪਾਂਸਰਸ਼ਿਪ ਅਤੇ ਨਾਲ ਹੀ ਆਮ ਵਿਅਕਤੀਆਂ ਨੂੰ ਆਪਣੀ ਪਸੰਦ ਦੀ ਪਾਰਟੀ ਨੂੰ ਚੰਦਾ ਦੇਣ ਦੀ ਇਜਾਜ਼ਤ ਦੇਣਾ ਸ਼ਾਮਲ ਹੋ ਸਕਦਾ ਹੈ। ਅਜਿਹਾ ਕੋਈ ਪ੍ਰਬੰਧ ਕਾਇਮ ਕਰਨ ਵਿਚ ਪਾਰਦਰਸ਼ਤਾ ਦੀ ਬਹੁਤ ਅਹਿਮੀਅਤ ਹੈ। ਚੋਣ ਬਾਂਡਾਂ ਦੀ ਮੌਜੂਦਾ ਸਕੀਮ ਵਿਚ ਇਸ ਬੁਨਿਆਦੀ ਤੱਤ ਦੀ ਅਣਹੋਂਦ ਹੈ। ਇਸ ਨੇ ਬੇਹਿਸਾਬ ਫੰਡਾਂ ਨੂੰ ਕਿਸੇ ਲੇਖੇ-ਜੋਖੇ ਵਿਚ ਪਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਇਹ ਆਮ ਜਨਤਾ ਨੂੰ ਪਾਰਦਰਸ਼ਤਾ ਮੁਹੱਈਆ ਕਰਾਉਣ ਦੇ ਇਕ ਹੋਰ ਬੁਨਿਆਦੀ ਪੈਮਾਨੇ ਉਤੇ ਪੂਰਾ ਉਤਰਨ 'ਚ ਨਾਕਾਮ ਰਹੀ ਹੈ। ਇਸ ਦਲੀਲ ਦਾ ਕਾਇਮ ਰਹਿਣਾ ਔਖਾ ਹੈ ਕਿ ਬਾਂਡਾਂ ਦੀ ਖ਼ਰੀਦ ਨੂੰ ਵੋਟਰਾਂ ਦੀ ਨਿੱਜਤਾ ਯਕੀਨੀ ਬਣਾਉਣ ਲਈ ਗੁਪਤ ਰੱਖਿਆ ਜਾਂਦਾ ਹੈ। ਖ਼ਾਸਕਰ ਅਦਾਰਿਆਂ ਅਤੇ ਕਾਰੋਬਾਰਾਂ ਦੇ ਮਾਮਲੇ ਵਿਚ ਇਹ ਸਫ਼ਾਈ/ਸਪਸ਼ਟੀਕਰਨ ਕਾਫ਼ੀ ਨਹੀਂ। ਮਿਸਾਲ ਵਜੋਂ ਸ਼ੇਅਰ ਧਾਰਕ ਯਕੀਨਨ ਕੰਪਨੀ ਦੇ ਵਸੀਲਿਆਂ ਦਾ ਇਸਤੇਮਾਲ ਕੀਤੇ ਜਾਣ ਦੇ ਢੰਗ-ਤਰੀਕਿਆਂ ਬਾਰੇ ਜਾਨਣ ਦੇ ਹੱਕਦਾਰ ਹਨ।

ਸਿਆਸੀ ਫੰਡਿੰਗ ਲਈ ਪਾਰਦਰਸ਼ੀ ਪ੍ਰਣਾਲੀ ਤਿਆਰ ਕਰਨ ਦੀ ਜ਼ਿੰਮੇਵਾਰੀ ਦੇਸ਼ ਦੀ ਸਿਆਸੀ ਜਮਾਤ ਅਤੇ ਨਾਲ ਹੀ ਭਾਰਤੀ ਚੋਣ ਕਮਿਸ਼ਨ ਦੇ ਮੋਢਿਆਂ ਉਤੇ ਹੈ। ਮੌਜੂਦਾ ਸਰਕਾਰ ਨੇ ਚੋਣ ਪ੍ਰਚਾਰ ਮੁਹਿੰਮਾਂ ਲਈ ਵਰਤੇ ਜਾਂਦੇ ਫੰਡਾਂ ਨੂੰ ਹਨੇਰੇ 'ਚੋਂ ਚਾਨਣ ਵਿਚ ਲਿਆ ਕੇ 2017 ਵਿਚ ਦਲੇਰਾਨਾ ਕਦਮ ਚੁੱਕਿਆ ਸੀ। ਹੁਣ ਇਸ ਨੂੰ ਸੁਧਾਰਾਂ ਦੀ ਇਸ ਪ੍ਰਕਿਰਿਆ ਨੂੰ ਪੂਰਾ ਕਰਨਾ ਚਾਹੀਦਾ ਹੈ। ਜੇ ਇਹ ਚੋਣ ਬਾਂਡ ਸਕੀਮ ਉਤੇ ਹੀ ਕਾਇਮ ਰਹਿਣਾ ਚਾਹੁੰਦੀ ਹੈ ਤਾਂ ਇਸ ਨੂੰ ਚੰਦੇ ਦੇ ਵਸੀਲਿਆਂ (ਚੰਦਾ ਦੇਣ ਵਾਲਿਆਂ) ਬਾਰੇ ਜਨਤਾ ਨੂੰ ਜਾਣੂ ਕਰਵਾ ਕੇ ਇਸ ਪ੍ਰਣਾਲੀ ਵਿਚ ਪਾਰਦਰਸ਼ਤਾ ਲਿਆਉਣੀ ਚਾਹੀਦੀ ਹੈ। ਇਹੀ ਨਹੀਂ, ਜੇ ਸਰਕਾਰ ਸੱਚਮੁੱਚ ਹੀ ਸਿਸਟਮ ਦੀ ਸਫ਼ਾਈ ਕਰਨੀ ਚਾਹੁੰਦੀ ਹੈ ਤਾਂ ਇਸ ਨੂੰ ਹੋਰ ਦਲੇਰੀ ਦਿਖਾਉਣੀ ਚਾਹੀਦੀ ਹੈ ਅਤੇ ਵੱਡੇ ਕਾਰੋਬਾਰੀਆਂ ਨੂੰ ਸਿਆਸਤ ਤੋਂ ਲਾਂਭੇ ਰੱਖਣਾ ਚਾਹੀਦਾ ਹੈ।

# ਆਲਮੀ ਤਪਸ਼ ਲਈ ਸੰਸਾਰ ਦੇ ਸੁਪਰ ਅਮੀਰ ਜ਼ਿੰਮੇਵਾਰ

ਸੁਖਵੰਤ ਹੁੰਦਲ
sukhwanthundal.wordpress.com

ਔਕਸਫੈਮ ਇੰਟਰਨੈਸ਼ਨਲ ਨੇ 20 ਨਵੰਬਰ 2023 ਨੂੰ ਜਾਰੀ ਕੀਤੀ ਆਪਣੀ ਰਿਪੋਰਟ ਵਿਚ ਆਲਮੀ ਤਪਸ਼ (ਗਲੋਬਲ ਵਾਰਮਿੰਗ) ਅਤੇ ਵਿਸ਼ਵ ਪੱਧਰ 'ਤੇ ਆਰਥਿਕ ਨਾ-ਬਰਾਬਰੀ ਬਾਰੇ ਗੱਲ ਕੀਤੀ ਹੈ। ਉਨ੍ਹਾਂ ਨੇ ਆਲਮੀ ਤਪਸ਼ ਲਈ ਦੁਨੀਆ ਦੇ 1% ਸੁਪਰ ਅਮੀਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਨਾਲ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਵਿਸ਼ਵ ਪੱਧਰ 'ਤੇ ਆਰਥਿਕ ਨਾ-ਬਰਾਬਰੀ ਕਾਰਨ ਆਲਮੀ ਤਪਸ਼ ਅਤੇ ਜਲਵਾਯੂ ਵਿਚ ਤਬਦੀਲੀ ਕਾਰਨ ਪੈਦਾ ਹੋਣ ਵਾਲੇ ਸੰਕਟਾਂ (ਅਤਿ ਦੀ ਗਰਮੀ, ਹੜ੍ਹਾਂ, ਸੋਕਿਆਂ ਆਦਿ) ਦੀ ਮਾਰ ਝੱਲਣ ਵਾਲੇ ਬਹੁਗਿਣਤੀ ਲੋਕ ਗਰੀਬ ਹਨ। ਇਸ ਲਈ ਸਾਨੂੰ ਇਨ੍ਹਾਂ ਦੋਹਾਂ ਸਮੱਸਿਆਵਾਂ ਨੂੰ ਇਕ ਦੂਸਰੇ ਨਾਲ ਜੋੜ ਕੇ ਦੇਖਣ ਅਤੇ ਇਨ੍ਹਾਂ ਦੋਹਾਂ ਦੇ ਹੱਲ ਲੱਭਣ ਦੀ ਲੋੜ ਹੈ। ਇਸ ਰਿਪੋਰਟ ਅਨੁਸਾਰ:

-ਸੰਨ 2019 ਵਿਚ ਦੁਨੀਆ ਦੇ ਸੁਪਰ (ਸਭ ਤੋਂ) ਅਮੀਰ 1% (7 ਕਰੋੜ 70 ਲੱਖ) ਲੋਕ ਵਿਸ਼ਵ ਪੱਧਰ 'ਤੇ ਪੈਦਾ ਹੋਣ ਵਾਲੇ ਕੁੱਲ ਕਾਰਬਨ ਦੇ ਪ੍ਰਦੂਸ਼ਣ (ਕਾਰਬਨ ਨਾਲ ਸਬੰਧਿਤ ਗੈਸਾਂ) ਦਾ 16% ਹਿੱਸਾ ਪੈਦਾ ਕਰਨ ਲਈ ਜ਼ਿੰਮੇਵਾਰ ਸਨ। ਇਹ ਮਾਤਰਾ ਦੁਨੀਆ ਦੇ 66% ਗਰੀਬ ਲੋਕਾਂ (5 ਅਰਬ ਲੋਕਾਂ) ਵਲੋਂ ਪੈਦਾ ਕੀਤੇ ਜਾਂਦੇ ਕਾਰਬਨ ਦੇ ਪ੍ਰਦੂਸ਼ਣ ਦੇ ਬਰਾਬਰ ਹੈ ਅਤੇ ਇਹ ਕਾਰਾਂ ਤੇ ਆਵਾਜਾਈ ਦੇ ਸਾਧਨਾਂ ਕਾਰਨ ਪੈਦਾ ਹੋਣ ਵਾਲੇ ਕੁੱਲ ਪ੍ਰਦੂਸ਼ਣ ਤੋਂ ਜ਼ਿਆਦਾ ਹੈ। ਦੁਨੀਆ ਦੇ ਸਭ ਤੋਂ ਅਮੀਰ 10% ਲੋਕ ਵਿਸ਼ਵ ਵਿਚ ਪੈਦਾ ਹੋਣ ਵਾਲੇ ਕਾਰਬਨ ਦੇ ਕੁੱਲ ਪ੍ਰਦੂਸ਼ਣ ਦੇ 50% ਹਿੱਸੇ ਲਈ ਜ਼ਿੰਮੇਵਾਰ ਸਨ।

-ਇਨ੍ਹਾਂ ਸੁਪਰ ਅਮੀਰਾਂ ਕਾਰਨ ਪੈਦਾ ਹੋਇਆ ਕਾਰਬਨ ਦਾ ਇਹ ਪ੍ਰਦੂਸ਼ਣ ਗਰਮੀ ਕਾਰਨ 13 ਲੱਖ ਵਾਧੂ ਮੌਤਾਂ ਦਾ ਕਾਰਨ ਬਣਨ ਲਈ ਕਾਫੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਮੌਤਾਂ 2020-2030 ਵਿਚਕਾਰ ਹੋਣਗੀਆਂ।

-ਜਿੰਨੀ ਕਾਰਬਨ ਸਭ ਤੋਂ ਅਮੀਰ ਅਰਬਾਂਪਤੀ ਇਕ ਸਾਲ 'ਚ ਪੈਦਾ ਕਰਦੇ, ਹੇਠਲੇ 99% ਫੀਸਦੀ ਲੋਕਾਂ ਵਿਚ ਕਿਸੇ ਇਕ ਵਿਅਕਤੀ ਵੱਲੋਂ ਇੰਨੀ ਕਾਰਬਨ ਪੈਦਾ ਕਰਨ ਲਈ 1500 ਸਾਲ ਚਾਹੀਦੇ ਹਨ।

ਇਸ ਰਿਪੋਰਟ ਅਨੁਸਾਰ ਵਿਸ਼ਵ ਦੇ ਇਹ 1% ਸੁਪਰ ਅਮੀਰ ਆਲਮੀ ਤਪਸ਼ ਅਤੇ ਜਲਵਾਯੂ ਦੀ ਤਬਦੀਲੀ ਨੂੰ ਹੇਠ ਲਿਖੇ ਤਿੰਨ ਢੰਗਾਂ ਨਾਲ ਪ੍ਰਭਾਵਿਤ ਕਰਦੇ ਹਨ:

1) ਆਪਣੀਆਂ ਰੋਜ਼ਾਨਾ ਜ਼ਿੰਦਗੀਆਂ ਵਿਚ ਸ਼ਾਹ-ਖਰਚ ਅਤੇ ਅਤਿ ਦੇ ਖਪਤਵਾਦੀ ਰਹਿਣ-ਸਹਿਣ ਕਰ ਕੇ ਇਹ ਸੁਪਰ ਅਮੀਰ ਬਹੁਤ ਜ਼ਿਆਦਾ ਕਾਰਬਨ ਡਾਈਆਕਸਾਈਡ ਪੈਦਾ ਕਰਦੇ ਹਨ। ਇਨ੍ਹਾਂ ਦੇ ਅਤਿ ਦੇ ਖਪਤਵਾਦੀ ਰਹਿਣ-ਸਹਿਣ ਵਿਚ ਨਿੱਜੀ ਹਵਾਈ ਜਹਾਜ਼ਾਂ ਵਿਚ ਸਫਰ, ਨਿੱਜੀ ਯਾਟਾਂ (ਛੋਟੇ ਸਮੁੰਦਰੀ ਜਹਾਜ਼ਾਂ) ਵਿਚ ਸੈਰ-ਸਪਾਟਾ ਤੇ ਪਾਰਟੀਆਂ ਅਤੇ ਮਹਿਲਾਂ ਵਰਗੀਆਂ ਵੱਡੀਆਂ ਵੱਡੀਆਂ ਹਵੇਲੀਆਂ ਵਿਚ ਰਿਹਾਇਸ਼ ਸ਼ਾਮਲ ਹੈ। ਰਿਪੋਰਟ ਵਿਚ 20 ਅਰਬਾਂਪਤੀਆਂ ਦੇ ਖਪਤਵਾਦੀ ਰਹਿਣ-ਸਹਿਣ ਬਾਰੇ ਕੀਤੇ ਅਧਿਐਨ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਇਨ੍ਹਾਂ 20 ਅਰਬਪਤੀਆਂ ਨੇ ਇਕ ਸਾਲ ਵਿਚ ਔਸਤਨ 8000 ਟਨ ਤੋਂ ਵੱਧ ਕਾਰਬਨ ਡਾਈਆਕਸਾਈਡ ਪੈਦਾ ਕੀਤੀ ਸੀ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਕ ਭਾਰਤੀ ਇਕ ਸਾਲ ਵਿਚ ਔਸਤਨ 1.91 ਟਨ ਕਾਰਬਨ ਡਾਈਆਕਸਾਈਡ ਪੈਦਾ ਕਰਦਾ ਹੈ।

2) ਇਹ ਸੁਪਰ ਅਮੀਰ ਆਪਣੀ ਦੌਲਤ ਕਮਾਉਣ ਲਈ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਸਨਅਤਾਂ ਵਿਚ ਪੂੰਜੀ ਨਿਵੇਸ਼ ਕਰ ਕੇ ਵੱਡੀ ਮਾਤਰਾ ਵਿਚ ਆਲਮੀ ਤਪਸ਼ ਅਤੇ ਜਲਵਾਯੂ ਵਿਚ ਤਬਦੀਲੀ ਦਾ ਕਾਰਨ ਬਣਨ ਵਾਲਾ ਪ੍ਰਦੂਸ਼ਣ ਪੈਦਾ ਕਰਦੇ ਹਨ। ਇਸ ਸਬੰਧ ਵਿਚ ਔਕਸਫੈਮ ਨੇ ਸੰਨ 2022 ਵਿਚ 125 ਅਰਬਾਂਪਤੀਆਂ ਬਾਰੇ ਵਿਸ਼ਲੇਸ਼ਣ ਕੀਤਾ ਸੀ। ਇਸ ਵਿਸ਼ਲੇਸ਼ਣ ਵਿਚ ਉਨ੍ਹਾਂ ਨੂੰ ਪਤਾ ਲੱਗਾ, ਇਨ੍ਹਾਂ 125 ਅਰਬਾਂਪਤੀਆਂ ਵਿਚੋਂ ਹਰ ਇਕ ਨੇ ਆਪਣੇ ਪੂੰਜੀ ਨਿਵੇਸ਼ਾਂ ਰਾਹੀਂ ਇਕ ਸਾਲ ਵਿਚ ਔਸਤਨ 30 ਲੱਖ ਟਨ ਕਾਰਬਨ ਡਾਈਆਕਸਾਈਡ ਪੈਦਾ ਕੀਤੀ ਸੀ।

3) ਆਪਣੀ ਦੌਲਤ ਕਰ ਕੇ ਇਹ ਸੁਪਰ ਅਮੀਰ ਮੀਡੀਆ, ਆਰਥਿਕਤਾ ਅਤੇ ਸਿਆਸਤ ਵਿਚ ਬਹੁਤ ਜ਼ਿਆਦਾ ਪ੍ਰਭਾਵ ਰੱਖਦੇ ਹਨ। ਇਸ ਪ੍ਰਭਾਵ ਕਰ ਕੇ ਉਹ ਅਜਿਹੀ ਜਾਣਕਾਰੀ, ਨੀਤੀਆਂ, ਕਾਨੂੰਨਾਂ, ਸੰਧੀਆਂ ਆਦਿ ਦਾ ਸਮਰਥਨ ਕਰਦੇ ਹਨ ਜੋ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਰਦੀਆਂ ਹਨ, ਬੇਸ਼ੱਕ ਉਹ ਧਰਤੀ ਦੇ ਵਾਤਾਵਰਨ ਲਈ ਹਾਨੀਕਾਰਕ ਹੀ ਹੋਣ। ਔਕਸਫੈਮ ਦੇ ਵਿਸ਼ਲੇਸ਼ਣ ਅਨੁਸਾਰ ਅਮਰੀਕਾ ਦੇ ਨਾਂ 'ਤੇ ਵਿਸ਼ਵ ਪੱਧਰ ਦੀਆਂ ਜਲਵਾਯੂ ਨਾਲ ਸਬੰਧਿਤ ਸੰਧੀਆਂ ਨੂੰ ਪ੍ਰਵਾਨਗੀ ਦੇਣ ਵਾਲੇ ਅਮਰੀਕਾ ਦੇ ਸੈਨੇਟਰਾਂ ਦੀਆਂ ਤਨਖਾਹਾਂ ਇੰਨੀਆਂ ਹਨ ਕਿ ਉਹ ਦੁਨੀਆ ਦੇ ਉਪਰਲੇ 1% ਲੋਕਾਂ ਵਿਚ ਆਉਂਦੇ ਹਨ। ਯੂਰਪੀ ਯੂਨੀਅਨ ਦੇ ਕਮਿਸ਼ਨਰ ਅਤੇ ਆਸਟਰੇਲੀਆ ਦੀ ਪਾਰਲੀਮੈਂਟ ਦੇ ਮੈਂਬਰ ਵੀ ਇਸ ਸ਼੍ਰੇਣੀ ਵਿਚ ਆਉਂਦੇ ਹਨ। ਆਪਣੀਆਂ ਵੱਡੀਆਂ ਤਨਖਾਹਾਂ ਦੇ ਨਾਲ ਨਾਲ ਬਹੁਤ ਸਾਰੇ ਕਾਨੂੰਨ-ਘਾੜੇ ਫੌਸਿਲ ਫਿਊਲ (ਤੇਲ, ਪੈਟਰੋਲ, ਕੋਲਾ ਆਦਿ) ਦੀ ਸਨਅਤ ਵਿਚ ਪੂੰਜੀ ਨਿਵੇਸ਼ ਕਰਦੇ ਹਨ। ਇਸ ਸਨਅਤ ਦਾ ਧਰਤੀ ਦੇ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਾਲੀਆਂ ਗੈਸਾਂ ਪੈਦਾ ਕਰਨ ਵਿਚ ਜ਼ਿਕਰਯੋਗ ਯੋਗਦਾਨ ਹੈ। ਔਕਸਫੈਮ ਦਾ ਅੰਦਾਜ਼ਾ ਹੈ ਕਿ ਅਮਰੀਕਾ ਦੀ ਕਾਂਗਰਸ ਦੇ ਮੈਂਬਰਾਂ ਨੇ ਫੌਸਿਲ ਫਿਊਲ ਨਾਲ ਸਬੰਧਿਤ ਸਨਅਤਾਂ ਵਿਚ 9 ਕਰੋੜ 30 ਲੱਖ ਡਾਲਰ ਨਿਵੇਸ਼ ਕੀਤੇ ਹੋਏ ਹਨ।



'ਔਕਸਫੈਮ' ਦੀ ਜਾਰੀ ਕੀਤੀ ਰਿਪੋਰਟ ਦਾ ਮੁਖੜਾ ਅਤੇ (ਸੱਜੇ) ਈਗਲ ਕਰੀਕ ਗੋਲਫ ਕੋਰਸ (ਅਮਰੀਕਾ) ਵਿਚ ਗੋਲਫ ਖੇਡ ਰਹੇ ਧਨਾਢ। ਤਸਵੀਰ ਦੇ ਪਿਛੋਕੜ ਵਿਚ ਜੰਗਲ ਨੂੰ ਲੱਗੀ ਅੱਗ ਦਿਖਾਈ ਦੇ ਰਹੀ ਹੈ। ਇਹ ਤਸਵੀਰ ਕ੍ਰਿਸਟੀ ਮੈਕਲੂਇਰ ਨੇ ਸਤੰਬਰ 2017 ਨੂੰ ਖਿੱਚੀ ਸੀ।

ਇਹ ਗੱਲ ਦਰਸਾਉਣ ਲਈ ਕਿ ਆਲਮੀ ਤਪਸ਼ ਅਤੇ ਜਲਵਾਯੂ ਵਿਚ ਤਬਦੀਲੀ ਕਾਰਨ ਪੈਦਾ ਹੋਣ ਵਾਲੇ ਸੰਕਟਾਂ/ਮਹਾਮਾਰੀਆਂ ਦੀ ਮਾਰ ਗਰੀਬ ਲੋਕ ਝਲਦੇ ਹਨ, ਰਿਪੋਰਟ ਵਿਚ ਦੁਨੀਆ ਭਰ ਵਿਚੋਂ ਕਈ ਤੱਥ ਅਤੇ ਅੰਕੜੇ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿਚ ਕੁਝ ਇਸ ਪ੍ਰਕਾਰ ਹਨ:

-ਪਿਛਲੇ 50 ਸਾਲਾਂ ਦੌਰਾਨ ਜਲਵਾਯੂ ਨਾਲ ਸਬੰਧਿਤ ਬਿਪਤਾਵਾਂ ਕਾਰਨ ਹੋਣ ਵਾਲੀਆਂ ਮੌਤਾਂ 'ਚੋਂ 91% ਵਿਕਾਸਸ਼ੀਲ ਦੇਸ਼ਾਂ ਵਿਚ ਹੋਈਆਂ ਹਨ।

-ਜਿਨ੍ਹਾਂ ਮੁਲਕਾਂ ਦੇ ਲੋਕ ਇਨ੍ਹਾਂ ਬਿਪਤਾਵਾਂ ਤੋਂ ਜ਼ਿਆਦਾ ਪੀੜਤ ਹੁੰਦੇ ਹਨ, ਉਨ੍ਹਾਂ ਵਿਚੋਂ ਬਹੁਗਿਣਤੀ ਦੇਸ਼ ਅਫਰੀਕਾ, ਦੱਖਣੀ ਏਸ਼ੀਆ, ਕੇਂਦਰੀ ਅਤੇ ਦੱਖਣੀ ਅਮਰੀਕਾ ਦੇ ਖਿੱਤਿਆਂ ਵਿਚ ਆਉਣ ਵਾਲੇ ਦੇਸ਼ ਅਤੇ ਛੋਟੇ ਛੋਟੇ ਟਾਪੂਆਂ 'ਤੇ ਵਸੇ ਵਿਕਾਸਸ਼ੀਲ ਦੇਸ਼ ਹਨ। ਸੰਨ 2010 ਤੋਂ ਲੈ ਕੇ 2020 ਤੱਕ ਇਨ੍ਹਾਂ ਇਲਾਕਿਆਂ ਵਿਚ ਹੜ੍ਹਾਂ, ਸੋਕਿਆਂ ਅਤੇ ਤੂਫਾਨਾਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਦੁਨੀਆ ਦੇ ਅਮੀਰ ਹਿੱਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਤੋਂ 15 ਗੁਣਾ ਵੱਧ ਸੀ।

-2020 ਤੋਂ ਪੂਰਬੀ ਅਫਰੀਕਾ ਦਾ ਖਿੱਤਾ ਅਤਿ ਦੇ ਸੋਕੇ ਦਾ ਸਾਹਮਣਾ ਕਰ ਰਿਹਾ ਜਿਸ ਕਾਰਨ 4 ਕਰੋੜ 35 ਲੱਖ ਲੋਕਾਂ ਨੂੰ ਮਾਨਵਵਾਦੀ ਸਹਾਇਤਾ 'ਤੇ ਨਿਰਭਰ ਹੋਣਾ ਪੈ ਰਿਹਾ ਹੈ।

-2022 ਦੇ ਮਈ ਤੇ ਅਕਤੂਬਰ ਵਿਚਕਾਰ ਪੱਛਮੀ ਅਫਰੀਕਾ ਵਿਚ ਔਸਤ ਤੋਂ ਜ਼ਿਆਦਾ ਮੀਂਹ ਪੈਣ ਕਾਰਨ ਵੱਡੀ ਪੱਧਰ 'ਤੇ ਹੜ੍ਹ ਆਏ ਸਨ। ਇਸ ਦੇ ਨਤੀਜੇ ਵਜੋਂ 5 ਲੱਖ ਏਕੜ ਤੋਂ ਜ਼ਿਆਦਾ ਵਾਹੀਯੋਗ ਜ਼ਮੀਨ ਦਾ ਨਾਸ਼ ਮਾਰਿਆ ਗਿਆ ਸੀ, 3 ਲੱਖ ਘਰਾਂ ਦਾ ਨੁਕਸਾਨ ਹੋਇਆ ਸੀ ਅਤੇ 15 ਲੱਖ ਤੋਂ ਜ਼ਿਆਦਾ ਲੋਕ ਬੇਘਰ ਹੋਏ ਸਨ।

-ਸੰਨ 2022 ਵਿਚ ਪਾਕਿਸਤਾਨ ਵਿਚ ਵੱਡੀ ਪੱਧਰ 'ਤੇ ਹੜ੍ਹ ਆਏ ਸਨ ਜਿਸ ਦੇ ਨਤੀਜੇ ਵਜੋਂ 3 ਕਰੋੜ 30 ਲੱਖ ਲੋਕ ਪ੍ਰਭਾਵਿਤ ਹੋਏ ਸਨ ਅਤੇ ਇਸ ਕਾਰਨ 30 ਅਰਬ (ਬਿਲੀਅਨ) ਅਮਰੀਕਨ ਡਾਲਰ ਦੇ ਬਰਾਬਰ ਦਾ ਨੁਕਸਾਨ ਹੋਇਆ ਸੀ।

ਆਲਮੀ ਤਪਸ਼ ਅਤੇ ਜਲਵਾਯੂ ਵਿਚ ਤਬਦੀਲੀ ਲਈ ਸੁਪਰ ਅਮੀਰਾਂ ਦੀ ਜ਼ਿੰਮੇਵਾਰੀ ਅਤੇ ਇਨ੍ਹਾਂ ਦੋਹਾਂ ਕਾਰਨ ਪੈਦਾ ਹੋਣ ਵਾਲੇ ਸੰਕਟਾਂ/ਬਿਪਤਾਵਾਂ ਦੀ ਗਰੀਬ ਲੋਕਾਂ 'ਤੇ ਪੈਂਦੀ ਮਾਰ ਦੀ ਸਥਿਤੀ 'ਤੇ ਟਿੱਪਣੀ ਕਰਦਿਆਂ ਔਕਸਫੈਮ ਇੰਟਰਨੈਸ਼ਨਲ ਦੇ ਅੰਤਰਿਮ ਐਗਜ਼ੈਕਟਿਵ ਡਾਇਰੈਕਟਰ ਅਮਿਤਾਬ ਬੇਹਾਰ ਨੇ ਕਿਹਾ, "ਸੁਪਰ ਅਮੀਰ ਧਰਤੀ ਨੂੰ ਤਬਾਹੀ ਦੀ ਹੱਦ ਤੱਕ ਲੁੱਟ ਅਤੇ ਪ੍ਰਦੂਸ਼ਤ ਕਰ ਰਹੇ ਹਨ ਜਿਸ ਕਾਰਨ ਅਤਿ ਦੀ ਗਰਮੀ, ਹੜ੍ਹਾਂ ਅਤੇ ਸੋਕੇ ਕਾਰਨ ਮਨੁੱਖਤਾ ਦਾ ਸਾਹ ਘੁਟ ਰਿਹਾ ਹੈ। ਕਈ ਸਾਲਾਂ ਤੋਂ ਅਸੀਂ ਫੌਸਿਲ ਫਿਊਲਜ਼ (ਤੇਲ, ਪੈਟਰੋਲ, ਕੋਲਾ ਆਦਿ) ਦਾ ਯੁੱਗ ਖਤਮ ਕਰਨ ਲਈ ਲੜਾਈ ਲੜ ਰਹੇ ਹਾਂ। ਇਹ ਸਾਫ ਹੈ ਕਿ ਇਹ ਉਨਾ ਚਿਰ ਨਹੀਂ ਹੋ ਸਕੇਗਾ, ਜਿੰਨਾ ਚਿਰ ਤੱਕ ਅਸੀਂ ਅਤਿ ਦੀ ਅਮੀਰੀ ਦਾ ਯੁੱਗ ਖਤਮ ਨਹੀਂ ਕਰਦੇ।"

# ਆਦਿਵਾਸੀ ਲੇਖਕਾ ਜਸਿੰਤਾ ਕੇਰਕੇਟਾ ਨੇ ਸਨਮਾਨ ਕਿਉਂ ਨਹੀਂ ਲਿਆ?

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342


ਪੱਤਰਕਾਰ ਅਤੇ ਕਵਿੱਤਰੀ ਜਸਿੰਤਾ ਕੇਰਕੇਟਾ ਨੇ ਭਾਰਤ ਦੇ ਅਖੌਤੀ ਮੁੱਖ ਧਾਰਾ ਮੀਡੀਆ ਨੂੰ ਸ਼ੀਸ਼ਾ ਦਿਖਾਉਂਦਿਆਂ ਇੰਡੀਆ ਟੂਡੇ ਗਰੁੱਪ ਦਾ ਸਨਮਾਨ ਠੁਕਰਾ ਦਿੱਤਾ ਹੈ। ਆਦਿਵਾਸੀਆਂ, ਹਾਸ਼ੀਏ 'ਤੇ ਧੱਕੇ ਭਾਈਚਾਰੇ ਦੀਆਂ ਔਰਤਾਂ ਦੇ ਮੁੱਦਿਆਂ, ਹਾਸ਼ੀਏ 'ਤੇ ਧੱਕੇ ਭਾਈਚਾਰੇ ਦੇ ਲੋਕਾਂ ਦੀ ਜ਼ਿੰਦਗੀ 'ਚ ਰੁੱਖਾਂ, ਪਹਾੜਾਂ ਅਤੇ ਦਰਿਆਵਾਂ ਦੀ ਮਹੱਤਤਾ ਨੂੰ ਆਪਣੀਆਂ ਖ਼ੂਬਸੂਰਤ ਅਤੇ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ ਦੇਸ਼ ਅਤੇ ਦੁਨੀਆ ਤੱਕ ਪਹੁੰਚਾਉਣ ਵਾਲੀ ਪੱਤਰਕਾਰ ਅਤੇ ਕਵਿੱਤਰੀ ਜਸਿੰਤਾ ਕੇਰਕੇਟਾ ਨੇ ਸਨਮਾਨ ਅਤੇ ਸਨਮਾਨ ਰਾਸ਼ੀ ਨਾਮਨਜ਼ੂਰ ਕਰਨ ਦੀ ਵਜ੍ਹਾ ਦੱਸਦਿਆਂ ਕਿਹਾ ਕਿ ਅਖੌਤੀ ਮੁੱਖ ਧਾਰਾ ਮੀਡੀਆ ਦੀ ਕਵਰੇਜ ਦਾ ਆਦਿਵਾਸੀਆਂ ਪ੍ਰਤੀ ਰਵੱਈਆ ਪ੍ਰੇਸ਼ਾਨ ਕਰਨ ਵਾਲਾ ਹੈ।

ਜਸਿੰਤਾ ਨੇ ਦੱਸਿਆ, "ਮੈਨੂੰ 20 ਨਵੰਬਰ ਨੂੰ ਬਹੁਤ ਸਾਰੇ ਫੋਨ ਆਏ ਪਰ ਮੈਂ ਗੱਲ ਨਹੀਂ ਕਰ ਸਕੀ ਕਿਉਂਕਿ ਮੈਂ ਪਿੰਡ ਤੋਂ ਸ਼ਹਿਰ ਜਾ ਰਹੀ ਸੀ। ਰਸਤੇ 'ਚ ਸੀ। ਉਨ੍ਹਾਂ ਨਾਲ 21 ਨਵੰਬਰ ਨੂੰ ਹੀ ਗੱਲ ਹੋ ਸਕੀ। ਮੈਨੂੰ ਇਹ ਦੱਸਿਆ ਗਿਆ ਕਿ ਮੈਨੂੰ ਮੇਰੇ ਕੰਮ 'ਈਸ਼ਵਰ ਔਰ ਬਾਜ਼ਾਰ' ਲਈ 'ਆਜ ਤਕ ਸਾਹਿਤ ਜਾਗ੍ਰਿਤੀ ਉਦਯਮਾਨ ਪ੍ਰਤਿਭਾ ਸਨਮਾਨ' ਲਈ ਚੁਣਿਆ ਗਿਆ ਹੈ। ਸਨਮਾਨ ਦੀ ਰਕਮ 50,000 ਹੈ; ਤੇ ਇਹ 26 ਨਵੰਬਰ ਨੂੰ ਦਿੱਲੀ ਵਿਚ ਸਾਹਿਤ ਆਜ ਤਕ ਸਮਾਗਮ ਵਿਚ ਦਿੱਤਾ ਜਾਵੇਗਾ।"

ਜਸਿੰਤਾ ਨੇ ਕਿਹਾ, "ਮੈਂ ਉਨ੍ਹਾਂ ਨੂੰ ਲਿਖਿਆ ਕਿ ਮੈਂ ਇਸ ਸਨਮਾਨ ਦੀ ਖ਼ਬਰ ਨਾਲ ਕੋਈ ਰੋਮਾਂਚ ਜਾਂ ਖ਼ੁਸ਼ੀ ਮਹਿਸੂਸ ਨਹੀਂ ਕਰ ਰਹੀ ਹਾਂ। ਅਜਿਹੇ ਸਮੇਂ ਜਦੋਂ ਮਨੀਪੁਰ ਦੇ ਆਦਿਵਾਸੀਆਂ ਦੀ ਜ਼ਿੰਦਗੀ ਦਾ ਸਨਮਾਨ ਖ਼ਤਮ ਹੋ ਰਿਹਾ ਹੈ, ਮੱਧ ਭਾਰਤ ਦੇ ਆਦਿਵਾਸੀਆਂ ਦੀ ਜ਼ਿੰਦਗੀ ਪ੍ਰਤੀ ਸਤਿਕਾਰ ਵੀ ਲੋਪ ਹੋ ਰਿਹਾ ਹੈ, ਇਸ ਦੇ ਨਾਲ ਹੀ ਆਲਮੀ ਸਮਾਜ ਵਿਚ ਦੂਜੇ ਭਾਈਚਾਰਿਆਂ ਦੇ ਲੋਕਾਂ ਦੀ ਜ਼ਿੰਦਗੀ 'ਤੇ ਵੀ ਲਗਾਤਾਰ ਹਮਲੇ ਹੋ ਰਹੇ ਹਨ, ਮੇਰਾ ਮਨ ਦੁਖੀ ਰਹਿੰਦਾ ਹੈ, ਮੈਂ ਇਹ ਸਨਮਾਨ ਨਹੀਂ ਲੈਣਾ।"

ਉਸ ਨੇ ਅੱਗੇ ਕਿਹਾ- "ਪੂਰਾ ਦੇਸ਼ ਇਸ ਗੱਲ ਤੋਂ ਜਾਣੂ ਹੈ ਕਿ ਕਿਵੇਂ ਕੁਝ ਅਖੌਤੀ ਮੁੱਖ ਧਾਰਾ ਮੀਡੀਆ ਘਰਾਣੇ ਅਤੇ ਨਿਊਜ਼ ਚੈਨਲ ਮਨੀਪੁਰ ਦੀਆਂ ਘਟਨਾਵਾਂ 'ਤੇ ਚੁੱਪ ਧਾਰੀ ਬੈਠੇ ਸਨ। ਅਖੌਤੀ ਮੁੱਖ ਧਾਰਾ ਮੀਡੀਆ ਨੇ ਕਦੇ ਵੀ ਕਬਾਇਲੀਆਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਦੇਸ਼ ਦੇ ਸਾਹਮਣੇ ਸਨਮਾਨਜਨਕ ਢੰਗ ਨਾਲ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਮੇਰੇ ਕਾਵਿ ਸੰਗ੍ਰਹਿ 'ਈਸ਼ਵਰ ਔਰ ਬਾਜ਼ਾਰ' ਵਿਚ ਸੰਗਠਿਤ ਧਰਮ ਅਤੇ ਸੱਤਾ ਵਿਰੁੱਧ ਕਵਿਤਾਵਾਂ ਹਨ। ਇਹ ਆਦਿਵਾਸੀਆਂ ਦੇ ਜ਼ਮੀਨੀ ਸੰਘਰਸ਼ ਦੀਆਂ ਕਵਿਤਾਵਾਂ ਹਨ। ਜਦੋਂ ਅਸੀਂ ਕਿਤਾਬ ਲਿਖਦੇ ਹਾਂ ਤਾਂ ਕਿਤਾਬ ਅਖੌਤੀ ਮੁੱਖ ਧਾਰਾ ਸਮਾਜ ਲਈ ਮਹੱਤਵਪੂਰਨ ਹੋ ਜਾਂਦੀ ਹੈ ਪਰ ਲੋਕ ਨਹੀਂ। ਇਹ ਚੀਜ਼ਾਂ ਨੂੰ ਦੇਖਣ ਦਾ ਸਾਡਾ (ਕਬਾਇਲੀ) ਨਜ਼ਰੀਆ ਨਹੀਂ ਹੈ। ਅਸੀਂ ਕਿਸੇ ਕੰਮ ਦਾ ਜਸ਼ਨ ਸਮੂਹਿਕ ਤੌਰ 'ਤੇ ਮਨਾਉਣਾ ਚਾਹੁੰਦੇ ਹਾਂ। ਜੋ ਲੋਕ ਕਵਿਤਾ ਵਾਂਗ ਧਰਤੀ 'ਤੇ ਜਿਊਂਦੇ ਹਨ ਜਦੋਂ ਉਨ੍ਹਾਂ ਦੀ ਜ਼ਿੰਦਗੀ ਦਾ ਮਾਣ-ਸਨਮਾਨ ਖ਼ਤਮ ਹੋ ਰਿਹਾ ਹੋਵੇ, ਉਨ੍ਹਾਂ ਦਾ ਜੀਣ ਦਾ ਹੱਕ ਖੋਹਿਆ ਜਾ ਰਿਹਾ ਹੋਵੇ ਤਾਂ ਇਕ ਲੇਖਕ ਜਾਂ ਕਵੀ ਸਿਰਫ਼ ਆਪਣੇ ਸਨਮਾਨ ਨੂੰ ਕੀ ਕਰੇ? ਇਨ੍ਹਾਂ ਸਾਰੀਆਂ ਗੱਲਾਂ ਕਰ ਕੇ ਮੈਂ ਇਸ ਸਨਮਾਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।"






ਆਦਿਵਾਸੀ ਲੇਖਕਾ ਜਸਿੰਤਾ ਕੇਰਕੇਟਾ ਅਤੇ ਉਸ ਦੀ ਕਿਤਾਬ 'ਈਸ਼ਵਰ ਔਰ ਬਾਜ਼ਾਰ' ਦਾ ਮੁਖੜਾ।

ਜਸਿੰਤਾ ਮੀਡੀਆ ਸਮੂਹ ਵੱਲੋਂ ਦਿੱਤੇ ਜਵਾਬ ਬਾਰੇ ਦੱਸਦੀ ਹੈ, "ਉਨ੍ਹਾਂ ਲਿਖਿਆ ਕਿ ਉਹ ਇਸ ਦਰਦ ਅਤੇ ਜ਼ਮੀਨੀ ਸੰਘਰਸ਼ ਲਈ ਉਨ੍ਹਾਂ ਦੇ ਮਨ 'ਚ ਬਹੁਤ ਸਤਿਕਾਰ ਹੈ। ਹਰ ਸੱਭਿਆ ਸਮਾਜ ਅਤੇ ਸੰਵੇਦਨਸ਼ੀਲ ਮਨੁੱਖ ਇਸੇ ਤਰ੍ਹਾਂ ਮਹਿਸੂਸ ਕਰਦਾ ਹੈ। ਮੇਰੀਆਂ ਲਿਖਤਾਂ ਨੇ ਇਨਸਾਫ਼ ਅਤੇ ਮਨੁੱਖਤਾ ਦੇ ਹੱਕ ਵਿਚ ਲਗਾਤਾਰ ਜ਼ੋਰਦਾਰ ਆਵਾਜ਼ ਉਠਾਈ ਹੈ। ਇਹ ਧਾਰ ਬਰਕਰਾਰ ਰਹੇ।"

ਕੀ ਜਸਿੰਤਾ ਦਾ ਇਹ ਫ਼ੈਸਲਾ ਵੱਡੇ ਮੀਡੀਆ ਸਮੂਹ ਲਈ ਹੀ ਹੈ ਜਾਂ ਉਸ ਦੀ ਕਿਸੇ ਵੀ ਭਾਰਤੀ ਮੁੱਖ ਧਾਰਾ ਮੀਡੀਆ ਤੋਂ ਪੁਰਸਕਾਰ ਲੈਣ 'ਚ ਸਮੱਸਿਆ ਹੈ, ਇਸ ਦੇ ਜਵਾਬ ਜਸਿੰਤਾ ਕਹਿੰਦੀ ਹੈ, "ਸਿਰਫ਼ ਵੱਡੇ ਮੀਡੀਆ ਸਮੂਹ ਦੀ ਗੱਲ ਨਹੀਂ ਹੈ। ਇਸ ਗੱਲ ਨਾਲ ਮੇਰਾ ਕੋਈ ਵੀ ਨਿਰਣਾ ਜ਼ਰੂਰ ਪ੍ਰਭਾਵਿਤ ਹੋਵੇਗਾ ਕਿ ਦੇਸ਼ ਦਾ ਅਖੌਤੀ ਮੁੱਖ ਧਾਰਾ ਮੀਡੀਆ ਹਾਸ਼ੀਏ 'ਤੇ ਧੱਕੇ ਲੋਕਾਂ ਪ੍ਰਤੀ ਆਪਣੀ ਭੂਮਿਕਾ ਕਿਵੇਂ ਨਿਭਾਉਂਦਾ ਹੈ। ਕੀ ਉਨ੍ਹਾਂ ਦਾ ਕੋਈ ਵੀ ਸਨਮਾਨ ਸਮੂਹਿਕ ਤੌਰ 'ਤੇ ਆਦਿਵਾਸੀ ਸਮਾਜ ਜਾਂ ਹਾਸ਼ੀਏ 'ਤੇ ਧੱਕੇ ਸਮਾਜ ਦੇ ਅੰਦਰ ਸਨਮਾਨ ਦਾ ਜਸ਼ਨ ਮਨਾਉਣ ਦੀ ਭਾਵਨਾ ਪੈਦਾ ਕਰੇਗਾ? ਜੇ ਨਹੀਂ, ਤਾਂ ਮੇਰਾ ਫ਼ੈਸਲਾ ਹਮੇਸ਼ਾ ਨਾਂਹ ਹੋਵੇਗਾ।"

ਜਸਿੰਤਾ ਨੇ ਕਿਹਾ, "ਮੈਂ ਆਪਣੇ ਲਈ ਬਹੁਤ ਸਾਰੇ ਸਨਮਾਨ ਨਹੀਂ ਚਾਹੁੰਦੀ। ਮੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਹੈ ਪਰ ਜੇਕਰ ਕੋਈ ਸਨਮਾਨ ਆਦਿਵਾਸੀਆਂ ਨੂੰ ਸਮੂਹਿਕ ਤੌਰ 'ਤੇ ਮਾਣ ਮਹਿਸੂਸ ਕਰਨ ਦਾ ਮੌਕਾ ਦਿੰਦਾ ਹੈ ਜਾਂ ਲੋਕਾਂ ਵਿਚ ਕੰਮ ਕਰਨ ਵਿਚ ਮਦਦ ਕਰਦਾ ਹੈ ਤਾਂ ਮੈਨੂੰ ਉਸ ਨੂੰ ਸਵੀਕਾਰ ਕਰਨ ਵਿਚ ਖ਼ੁਸ਼ੀ ਹੋਵੇਗੀ ਪਰ ਮੈਂ ਨਵੇਂ ਨੌਜਵਾਨਾਂ ਨੂੰ ਜਿਨ੍ਹਾਂ ਨੂੰ ਉਤਸ਼ਾਹਤ ਕਰਨ ਦੀ ਜ਼ਰੂਰਤ ਹੈ ਜੋ ਚੰਗਾ ਕੰਮ ਕਰ ਰਹੇ ਹਨ ਤੇ ਵਧੀਆ ਲਿਖ ਰਹੇ ਹਨ, ਉਨ੍ਹਾਂ ਨੂੰ ਸਨਮਾਨਿਤ ਅਤੇ ਉਤਸ਼ਾਹਤ ਕੀਤੇ ਜਾਂਦੇ ਦੇਖਣਾ ਜ਼ਿਆਦਾ ਜ਼ਰੂਰੀ ਸਮਝਦੀ ਹਾਂ। ਕਿਸ ਤੋਂ ਸਨਮਾਨ ਲੈਣਾ ਹੈ ਜਾਂ ਨਹੀਂ, ਇਹ ਮੇਰੀ ਚੇਤਨਾ ਕੀ ਕਹਿੰਦੀ ਹੈ, ਇਸ ਨਾਲ ਹੀ ਤੈਅ ਹੁੰਦਾ ਹੈ।"

## ਕੌਣ ਹੈ ਜੇਸਿੰਤਾ ਕੇਰਕੇਟਾ?

3 ਅਗਸਤ 1983 ਨੂੰ ਝਾਰਖੰਡ-ਉੜੀਸਾ ਸਰਹੱਦ ਦੇ ਨੇੜੇ ਪੱਛਮੀ ਸਿੰਘਭੂਮ ਜ਼ਿਲ੍ਹੇ ਦੇ ਪਿੰਡ ਖੁਦਾਪੋਸ਼ ਵਿਚ ਜਨਮੀ ਜਸਿੰਤਾ ਕੇਰਕੇਟਾ ਓਰਾਓਂ ਕਬੀਲੇ ਨਾਲ ਸਬੰਧਿਤ ਹੈ। ਉਸ ਦੇ ਪਿਤਾ ਮੈਰਾਥਨ ਅਥਲੀਟ ਸਨ ਜਿਨ੍ਹਾਂ ਨੇ ਸਥਾਨਕ ਚਰਚ ਦੇ ਸਕੂਲ ਵਿਚ ਸੁਰੱਖਿਆ ਗਾਰਡ ਵਜੋਂ ਕੰਮ ਕੀਤਾ ਅਤੇ ਫਿਰ ਅਸਥਾਈ ਤੌਰ 'ਤੇ ਪੁਲਿਸ ਫੋਰਸ ਵਿਚ ਕੰਮ ਕਰਦੇ ਰਹੇ। ਜਸਿੰਤਾ ਕੇਰਕੇਟਾ ਦੀ ਕਾਵਿ ਰਚਨਾ 'ਈਸ਼ਵਰ ਔਰ ਬਾਜ਼ਾਰ' ਨੇ ਆਪਣੀਆਂ ਜਾਨਦਾਰ ਕਵਿਤਾਵਾਂ ਰਾਹੀਂ ਵੱਡੇ ਹਿੱਸੇ ਦਾ ਧਿਆਨ ਖਿੱਚਿਆ। ਆਦਿਵਾਸੀਆਂ ਦੀ ਜ਼ਿੰਦਗੀ ਵਿਚਲੇ ਸੰਘਰਸ਼ਾਂ, ਪਾਖੰਡਾਂ ਅਤੇ ਅੰਧ-ਵਿਸ਼ਵਾਸਾਂ ਦਰਮਿਆਨ ਪਿਸਦੀਆਂ ਔਰਤਾਂ ਦੀਆਂ ਚੁਣੌਤੀਆਂ ਨੂੰ ਜਿਸ ਤਰੀਕੇ ਨਾਲ ਇਸ ਪੁਸਤਕ ਵਿਚ ਕਵਿਤਾ ਰਾਹੀਂ ਪੇਸ਼ ਕੀਤਾ ਗਿਆ ਹੈ, ਉਹ ਇਸ ਨੂੰ ਆਪਣੇ ਆਪ ਹੀ ਆਪਣੇ ਸਮੇਂ ਦੀਆਂ ਸਰਵੋਤਮ ਰਚਨਾਵਾਂ ਵਿਚ ਸ਼ਾਮਲ ਕਰ ਦਿੰਦਾ ਹੈ। ਉਸ ਦੀ ਕਿਤਾਬ ਆਦਿਵਾਸੀਆਂ ਵਿਰੁੱਧ ਵਰ੍ਹਿਆਂ ਤੋਂ ਹੋ ਰਹੇ ਜ਼ੁਲਮ, ਔਰਤਾਂ ਵਿਰੁੱਧ ਹਿੰਸਾ ਅਤੇ ਭਾਈਚਾਰੇ ਦੇ ਉਜਾੜੇ ਬਾਰੇ ਚਰਚਾ ਕਰਦੀ ਹੈ ਅਤੇ ਸਰਕਾਰਾਂ ਦੀ ਬੇਰੁਖੀ 'ਤੇ ਸਵਾਲ ਕਰਦੀ ਹੈ।

# ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਇਆ

**ਸਤਿਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਉਤੇ ਵਿਸੇਸ਼**

ਸਤਿਗੁਰੂ ਨਾਨਕ ਪਾਤਸ਼ਾਹ ਨੇ ਸਗਲ ਮਨੁੱਖਤਾ ਨੂੰ ਅਦੁੱਤੀ ਦੇਣ ਦਿੱਤੀ ਹੈ। ਉਨ੍ਹਾਂ ਨੇ ਮਨੁੱਖਤਾ ਨੂੰ ਨਵਾਂ ਆਤਮਿਕ ਗਿਆਨ (ਫਿਲਾਸਫੀ), ਨਵਾਂ ਧਰਮ, ਨਵਾਂ ਮਨੋਵਿਗਿਆਨ, ਨਵਾਂ ਸਮਾਜ ਸ਼ਾਸਤਰ ਤੇ ਨਵੇਂ ਰਾਜ ਦੀ ਰੂਪਰੇਖਾ ਦੱਸੀ ਹੈ। ਗੁਰੂ ਸਾਹਿਬ ਨੇ ਪੁਰਾਣੇ (ਮਨਮੁਖਿ) ਮਨੁੱਖ ਨੂੰ ਬਦਲ ਕੇ ਇਕ ਅਸਲੋਂ ਨਵਾਂ (ਗੁਰਮੁਖਿ) ਮਨੁੱਖ ਸਿਰਜਿਆ ਹੈ, ਜਿਹੜਾ ਨਵੇਂ ਆਤਮਿਕ ਗਿਆਨ ਨਾਲ ਲੈਸ ਹੋ ਕੇ ਨਵੇਂ ਧਰਮ, ਨਵੇਂ ਮਨੋ-ਵਿਗਿਆਨ, ਨਵੇਂ ਸਮਾਜ ਸ਼ਾਸਤਰ ਤੇ ਹਲੇਮੀ ਰਾਜ ਦਾ ਪੈਰੋਕਾਰ ਹੈ।

ਸ੍ਰੀ ਹਰਿਮੰਦਰ ਸਾਹਿਬ ਤੋਂ ਅੱਜ ਦਾ ਮਹਾਂਵਾਕ ਹੈ —

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥

ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ (ਪੰਨਾ 651)



ਕੁਦਰਤ ਦੀ ਅਨਮੋਲ ਦਾਤ ਤੁਹਾਡੇ ਆਪਣੇ ਸਰੀਰ ਅੰਦਰਲੇ ਤੁਹਾਡੇ ਮਨ ਨੂੰ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਤੇ ਇਹ ਕਾਲਾ ਸਿਆਹ ਹੋਇਆ ਪਿਆ ਹੈ। ਜਿਵੇਂ ਕੋਹਲੂ ਨੂੰ ਸਾਫ ਕਰਨ ਵਾਲਾ ਕੱਪੜਾ ਸੌ ਵਾਰ ਧੋਤਿਆਂ ਵੀ ਸਾਫ ਨਹੀਂ ਹੁੰਦਾ, ਇਸੇ ਤਰ੍ਹਾਂ ਇਸ ਮਨ ਦੀ ਹਾਲਤ ਹੈ। ਪਹਿਲਾ ਨੁਕਤਾ ਇਹ ਮੈਲ ਕਾਹਦੀ ਹੈ ਅਤੇ ਦੂਜਾ ਨੁਕਤਾ ਇਹ ਮੈਲ ਸਾਫ ਕਿਵੇਂ ਹੋਵੇ?

**ਗੁਰਬਚਨ ਸਿੰਘ**
**ਫੋਨ: +91-98156-98451**

1. ਮਨ ਨੂੰ ਲੱਗੀ ਇਹ ਮੈਲ ਬ੍ਰਾਹਮਣੀ ਭਰਮਜਾਲ ਤੇ ਕਰਮਕਾਂਡ ਦੀ ਹੈ, ਜਿਹੜੀ ਗੁਰਮਤਿ ਨਾਲ ਧੋਤਿਆਂ ਹੀ ਸਾਫ ਹੋ ਸਕਦੀ ਹੈ। ਬ੍ਰਾਹਮਣਵਾਦ ਨੇ ਆਪਣੇ ਧਾਰਮਿਕ ਭਰਮਜਾਲ ਤੇ ਕਰਮਕਾਂਡ ਨੂੰ ਸੱਚ ਸਾਬਤ ਕਰਨ ਲਈ ਬ੍ਰਹਮਾ, ਵਿਸ਼ਨੂੰ, (ਮਹੇਸ਼) ਸ਼ਿਵ ਜੀ ਦੇ ਜਿਹੜੇ ਕਲਪਿਤ ਮਨੂੰਵਾਦੀ ਮਿੱਥ ਘੜੇ ਸਨ, ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਮਿੱਥਾਂ ਦੀ ਕਰਤਾਰੀ ਹੋਂਦ ਦਾ ਪੂਰਨ ਰੂਪ ਵਿਚ ਖੰਡਨ ਕੀਤਾ। ਗੁਰੂ ਨਾਨਕ ਸਾਹਿਬ ਇਸ ਅੰਤਹੀਣ ਅਤੇ ਸਦੀਵੀ ਰਹਿਣ ਵਾਲੇ ਦ੍ਰਿਸ਼ਟ-ਅਦ੍ਰਿਸ਼ਟ 'ਏਕੋ' (ਬ੍ਰਹਮ) ਦੀ ਕਰਤਾਰੀ ਹੋਂਦ ਵਜੋਂ ਪਛਾਣ ਕਰਵਾਉਂਦੇ ਹਨ। ਇਹ 'ਏਕੋ' ਸਤਿ ਹੈ ਤੇ ਇਹ ਬ੍ਰਹਮੰਡੀ ਕੁਦਰਤ ਦੀ ਸਰਬ-ਸ਼ਕਤੀਮਾਨ ਸਿਰਜਣਹਾਰ ਹੋਂਦ ਨੂੰ ਪ੍ਰਗਟ ਕਰਦਾ ਹੈ। ਇਹ ਦਾਤਾ ਦਾਤਾਰ ਹੈ ਤੇ ਇਹ ਏਕੋ ਸਤਿ (ਬ੍ਰਹਮ) ਹੀ ਆਕਾਰ ਵਜੋਂ ਅਸੀਮ ਬ੍ਰਹਮੰਡੀ (ਕੁਦਰਤ) ਦੇ ਰੂਪ ਵਿਚ ਦ੍ਰਿਸਟਮਾਨ ਹੁੰਦਾ ਹੈ। ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292) ਗੁਰੂ ਸਾਹਿਬ ਇਹ ਵੀ ਜਾਣਕਾਰੀ ਦੇਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਕੋਈ ਗੀਤ ਜਾਂ ਕਵਿਤਾ ਨਹੀਂ ਬਲਕਿ ਬ੍ਰਹਮ ਬਾਰੇ ਕੀਤੀ ਹੋਈ ਵਿਚਾਰ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ (ਗੁਰੂ ਗ੍ਰੰਥ ਸਾਹਿਬ, ਪੰਨਾ 335)

ਇਸੇ ਮਨ ਕਲਪਿਤ ਬ੍ਰਹਮਾ ਦਾ ਕਲਪਿਤ ਪੁੱਤਰ ਮਨੂ ਹੈ। ਇਸੇ ਮਨੂ ਦੇ ਨਾਂ ਉਤੇ ਮਨੂ ਸਿਮ੍ਰਿਤੀ ਲਿਖੀ ਗਈ ਹੈ। ਮਨੂ ਸਿਮ੍ਰਿਤੀ ਵਿਚ ਹੀ ਵਰਣ ਵੰਡ ਦੇ ਰੂਪ ਵਿਚ ਜਾਤ-ਪਾਤ ਦੇ ਬੀਜ ਬੀਜੇ ਗਏ ਹਨ ਤੇ ਔਰਤਾਂ ਨੂੰ ਸ਼ੂਦਰ ਦਾ ਦਰਜਾ ਦਿੱਤਾ ਗਿਆ ਹੈ। ਇਹੀ ਮਨੂ ਸਿਮ੍ਰਿਤੀ ਮਨ-ਕਲਪਿਤ ਬ੍ਰਾਹਮਣਵਾਦ ਦੀ ਜਨਕ ਹੈ। ਗੁਰਮਤਿ ਨੇ ਬ੍ਰਹਮਾ ਦੀ 'ਕਰਤਾਰੀ' ਹੋਂਦ ਨੂੰ ਮੂਲੋਂ ਹੀ ਨਕਾਰ ਦਿਤਾ ਹੈ : ਬ੍ਰਹਮਾ ਬਿਸਨੁ ਮਹੇਸੁ ਨ ਕੋਈ। ਅਵਰੁ ਨ ਦੀਸੈ ਏਕੋ ਸੋਈ। (ਪੰਨਾ 1035)

2. ਗੁਰੂ ਨਾਨਕ ਸਾਹਿਬ ਨੇ ਆਪਣੇ ਨਵੇਂ ਧਰਮ ਦੀ ਸਪਸ਼ਟ ਵਿਆਖਿਆ ਕੀਤੀ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ (ਪੰਨਾ 471)

ਧੌਲੁ ਧਰਮੁ ਦਇਆ ਕਾ ਪੂਤੁ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਪੰਨਾ 3)

ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥ (ਪੰਨਾ 299)

ਮਨੁੱਖੀ ਧਰਮ ਦਇਆ ਦਾ ਪੁੱਤਰ ਹੈ ਤੇ ਸੰਤੋਖ ਇਸ ਨੂੰ ਸਮਾਜੀ ਜ਼ਾਬਤੇ ਵਿਚ ਬੰਨ੍ਹ ਕੇ ਰੱਖਦਾ ਹੈ। ਸੰਤੋਖੀ ਮਨ ਵਿਚ ਸਾਰੇ ਜੀਆਂ (ਸਰਬਤ) ਪ੍ਰਤੀ ਦਇਆ ਦੀ ਭਾਵਨਾ ਹੋਵੇ ਤਾਂ ਇਸ ਵਿਧੀ ਨਾਲ ਸਾਰੇ ਵਰਤ ਸੰਪੂਰਨ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਨੇ ਸਾਰੇ ਧਰਮਾਂ ਦਾ ਤਤਸਾਰ ਇਨ੍ਹਾਂ ਦੋ ਮਨੁੱਖੀ ਜਜ਼ਬਿਆਂ - ਦਇਆ ਤੇ ਸੰਤੋਖ - ਵਿਚ ਸਮੇਟ ਦਿੱਤਾ ਹੈ। ਤਥਾਗਤ ਬੁੱਧ ਨੇ ਆਪਣਾ ਸਾਰਾ ਧਰਮ ਦਇਆ ਤੇ ਤ੍ਰਿਸ਼ਨਾ ਨਾਲ ਸਪਸ਼ਟ ਕੀਤਾ ਹੈ। ਸੰਤੋਖ ਦਾ ਜਜ਼ਬਾ ਤ੍ਰਿਸ਼ਨਾ ਨੂੰ ਖਤਮ ਕਰਦਾ ਹੈ। ਨਿਆਇ ਭਾਸ਼ ਵਿਚ ਕਿਹਾ ਗਿਆ ਹੈ ਕਿ ਧਨ ਦੌਲਤ ਤੇ ਪਸ਼ੂ ਆਦਿ ਨਾਲ ਭਰਪੂਰ ਸਮੁੰਦਰ ਤੇ ਸਾਰੀ ਪ੍ਰਿਥਵੀ ਵੀ ਜੇਕਰ ਕਿਸੇ ਤ੍ਰਿਸ਼ਨਾਲੂ ਮਨੁੱਖ ਨੂੰ ਮਿਲ ਜਾਏ ਤਾਂ ਵੀ ਉਸ ਦੇ ਮਨ ਦੀ ਕਦੀ ਤ੍ਰਿਪਤੀ ਨਹੀਂ ਹੋ ਸਕਦੀ। ਇਸ ਲਈ ਉਹ ਕਦੇ ਵੀ ਸੁਖੀ ਨਹੀਂ ਹੋ ਸਕਦਾ।

॥ ਜਪੁ॥ ਸਾਹਿਬ ਦੇ ਮੁੱਢ ਵਿਚ ਹੀ ਗੁਰੂ ਨਾਨਕ ਸਾਹਿਬ ਇਹ ਨਿਰਣਾ ਕਰ ਕੇ ਤੁਰਦੇ ਹਨ ਕਿ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਭਾਵ ਤ੍ਰਿਸ਼ਨਾਲੂ ਮਨੁੱਖ ਦੇ ਮਨ ਦੀ ਭੁੱਖ ਕਦੇ ਤ੍ਰਿਪਤ ਨਹੀਂ ਹੋ ਸਕਦੀ ਭਾਵੇਂ ਸਾਰੇ ਸੰਸਾਰ ਦੇ ਪਦਾਰਥ ਉਸ ਨੂੰ ਮਿਲ ਜਾਣ। ਗੁਰੂ ਸਾਹਿਬ ਦਾ ਫੁਰਮਾਨ ਹੈ : ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥ ਜਿੰਨਾ ਚਿਰ ਮਨੁੱਖ ਦਾ ਮਨ, ਆਪਣੀਆਂ ਸੀਮਤ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਤ੍ਰਿਪਤ ਨਹੀਂ ਹੁੰਦਾ, ਓਨਾ ਚਿਰ ਉਹ ਭਟਕਦਾ ਹੀ ਰਹਿੰਦਾ ਹੈ।

3. ਗੁਰੂ ਨਾਨਕ ਸਾਹਿਬ ਦਾ ਨਵਾਂ ਮਨੋਵਿਗਿਆਨ

ਪੱਛਮੀ ਤਰਜ਼ ਦੇ ਅਧੂਰੇ ਗਿਆਨ ਦੀ ਸਭ ਤੋਂ ਉਘੜਵੀਂ ਮਿਸਾਲ ਪੱਛਮੀ ਮਨੋਵਿਗਿਆਨ ਹੈ। ਪੱਛਮੀ ਮਨੋਵਿਗਿਆਨ ਦਾ ਮੋਢੀ ਫਰਾਇਡ ਮੰਨਿਆ ਜਾਂਦਾ ਹੈ। ਪਰ ਫਰਾਇਡ ਮਨ ਦੇ ਤੱਤ ਤੋਂ ਅਸਲੋਂ ਅਣਜਾਣ ਹੈ। ਉਹ ਮਨ ਦੇ ਕੁਝ ਕੁ ਲੱਛਣਾਂ ਦੀ ਵਿਆਖਿਆ ਕਰਦਾ ਹੈ। ਮਨ ਦੀਆਂ ਅੱਡ ਅੱਡ ਅਵਸਥਾਵਾਂ ਦਾ ਜ਼ਿਕਰ ਕਰਦਾ ਹੈ ਪਰ ਉਹ ਜਿਹੜੇ ਮਨ ਦੇ ਲੱਛਣਾਂ ਜਾਂ ਮਨ ਦੀਆਂ ਅਵਸਥਾਵਾਂ ਦਾ ਜ਼ਿਕਰ ਕਰਦਾ ਹੈ, ਉਹ ਮਨ ਆਪਣੀ ਅਸਲੀ ਕੁਦਰਤੀ ਤੇ ਸਰੀਰੀ ਹੋਂਦ ਤੋਂ ਅਣਜਾਣ ਰੋਗੀ ਮਨ ਹੈ।


ਇਸ ਅਧੂਰੇ ਮਨੋਵਿਗਿਆਨ ਨੇ ਕਿਵੇਂ ਮਨੁੱਖ ਜਾਤੀ ਦਾ ਬੇੜਾ ਗਰਕ ਕੀਤਾ ਹੈ, ਇਸ ਦਾ ਪਤਾ ਕਰੋਨਾ ਵਾਇਰਸ ਦੀ ਫੈਲੀ ਮਹਾਂਮਾਰੀ ਦੌਰਾਨ ਉਦੋਂ ਲਗਿਆ ਜਦੋਂ ਕੁਝ ਸਿਆਣੇ ਡਾਕਟਰ ਇਸ ਰੋਗ ਦੇ ਮਰੀਜ਼ਾਂ ਨੂੰ ਆਪਣਾ ਮਨੋਬਲ ਕਾਇਮ ਰੱਖਣ ਦਾ ਸੁਝਾਅ ਦੇਂਦੇ ਰਹੇ। ਪਰ ਇਹ ਮਨੋਬਲ ਤੇ ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਬੰਦੇ ਨੂੰ ਆਪਣੇ ਮਨ ਦੀ ਕੁਦਰਤੀ ਸਰੀਰੀ ਹੋਂਦ ਤੇ ਇਸ ਦੀ ਅਸੀਮ ਤਾਕਤ ਦਾ ਅਹਿਸਾਸ ਹੋਵੇ।

ਮਨਿ ਅੰਧੇ ਜਨਮ ਗਵਾਇਆ॥ (ਪੰਨਾ 464)
ਮਨਿ ਅੰਧਾ ਨਾਉ ਸੁਜਾਣੁ॥ (ਪੰਨਾ 471)
ਮਨ ਅੰਧੇ ਕਉ ਮਿਲੈ ਸਜਾਇ॥ (ਪੰਨਾ 1256)
ਮਨ ਕਾ ਅੰਧਾ ਅੰਧੁ ਕਮਾਵੈ॥ (ਪੰਨਾ 832)
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥ (ਪੰਨਾ 1103)
ਮਨਮੁਖਿ ਅੰਧੇ ਸੁਧਿ ਨ ਕਾਈ॥ (ਪੰਨਾ 118)
ਮਨਮੁਖਿ ਅੰਧੇ ਦੁਖਿ ਵਿਹਾਣੀ॥ (ਪੰਨਾ 665)
ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ॥ (ਪੰਨਾ 747)

ਇਨ੍ਹਾਂ ਸਾਰੇ ਗੁਰਬਚਨਾਂ ਦਾ ਇਕੋ ਹੀ ਭਾਵ ਹੈ ਕਿ ਜਿਸ ਮਨੁੱਖ ਦਾ ਆਪਣਾ ਸਰੀਰੀ ਮਨ ਅੰਨ੍ਹਾਂ ਹੈ ਤਥਾ ਜਿਸ ਮਨੁੱਖ ਦੇ ਮਨ ਦੀਆਂ ਅੱਖਾਂ ਬੰਦ ਹਨ, ਉਹ ਆਪਣਾ ਸਾਰਾ ਜਨਮ ਐਵੇਂ ਬਿਰਥਾ ਗੁਆ ਕੇ ਮਰ ਜਾਂਦਾ ਹੈ। ਅੰਨ੍ਹੇ ਮਨ ਵਾਲੇ ਮਨੁੱਖ ਨੂੰ ਸਾਰਾ ਜਨਮ ਸਜ਼ਾ ਮਿਲਦੀ ਹੈ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਕਿੱਡਾ ਅਜੀਬ ਵਰਤਾਰਾ ਹੈ ਕਿ ਅੰਨ੍ਹੇ ਮਨ ਵਾਲਾ ਮਨੁੱਖ ਵੀ ਆਪਣੇ ਆਪ ਨੂੰ ਸਿਆਣਾ ਸਮਝਦਾ ਹੈ। ਮਨ ਦਾ ਅੰਨ੍ਹਾਂ ਮਨੁੱਖ ਤਾਂ ਆਪ ਕੁਝ ਵੀ ਨਹੀਂ ਜਾਣਦਾ, ਉਹ ਭਲਾ ਕਿਸੇ ਦੂਜੇ ਮਨੁੱਖ ਨੂੰ ਕੀ ਗਿਆਨ ਦੇ ਸਕਦਾ ਹੈ। ਮਨਮੁਖ ਭਾਵ ਆਪਣੇ ਮਨ ਦੀ ਮਰਜ਼ੀ ਕਰਨ ਵਾਲੇ ਬੰਦੇ ਨੂੰ ਕੋਈ ਸੂਝ ਨਹੀਂ ਹੁੰਦੀ। ਉਹ ਆਪਣੀ ਬੇਅਕਲੀ ਨਾਲ ਸਾਰੀ ਉਮਰ ਦੁਖ ਭੋਗਦਾ ਹੀ ਮਰ ਜਾਂਦਾ ਹੈ। ਮਨੁੱਖ ਦਾ ਭਾਵ ਹੀ ਮਨ ਦੀਆਂ ਖੁੱਲ੍ਹੀਆ ਅੱਖਾਂ ਵਾਲੇ ਵਿਅਕਤੀ ਤੋਂ ਹੈ। ਗੁਰਮਤਿ ਜਾਗਰਤ ਭਾਵ ਖੁੱਲ੍ਹੀਆਂ ਅੱਖਾਂ ਵਾਲੇ ਮਨ ਦੀ ਅਸੀਮ ਤਾਕਤ ਦਾ ਗਿਆਨ ਦੇਂਦੀ ਹੈ।

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ॥ (ਪੰਨਾ 469)

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ (ਆਸਾ ਦੀ ਵਾਰ)



ਜਿਹੜੇ ਮਨੁੱਖ ਗੁਰੂ ਦੀ ਦਿੱਤੀ ਚੇਤਨਾ ਭਾਵ ਗੁਰੂ ਦੇ ਦਿੱਤੇ ਆਤਮਿਕ ਗਿਆਨ ਨਾਲ ਆਪਣੀ ਬੁਧਿ ਨੂੰ ਚੇਤੰਨ ਕਰ ਕੇ ਆਪਣੇ ਸਰੀਰੀ ਮਨ ਵਿਚ ਨਹੀਂ ਵਸਾਉਂਦੇ, ਇਸ ਚੇਤਨਾ ਵਿਚਲੇ ਆਤਮਿਕ ਗਿਆਨ ਨਾਲ ਆਪਣੇ ਸਰੀਰੀ ਮਨ ਨੂੰ ਸੁਚੇਤ ਨਹੀਂ ਕਰਦੇ, ਉਸਨੂੰ ਸਦਜਾਗਤ ਨਹੀਂ ਕਰਦੇ ਅਤੇ ਆਪਣੇ ਨਿਤ ਦਿਨ ਦੇ ਕਾਰ-ਵਿਹਾਰ ਲਈ ਆਪਣੇ ਅਚੇਤ ਮਨ ਦੀ ਮਤਿ ਨੂੰ ਹੀ ਕਾਫੀ ਸਮਝਦੇ ਹਨ ਭਾਵ ਆਪਣੇ ਅਚੇਤ ਮਨ ਦੀ ਅਕਲ ਉਤੇ ਹੀ ਟੇਕ ਰੱਖਦੇ ਹਨ, ਉਹ ਉਨ੍ਹਾਂ ਤਿਲਾਂ ਵਾਂਗ ਹਨ ਜਿਹੜੇ ਉਜੜੇ ਹੋਏ ਸੁੰਞੇ ਪਏ ਖੇਤਾਂ ਅੰਦਰ ਆਪਣੀ ਹੋਂਦ ਤਾਂ ਰੱਖਦੇ ਹਨ, ਫਲਦੇ-ਫੁਲਦੇ ਵੀ ਹਨ ਪਰ ਜਿਨ੍ਹਾਂ ਤਿਲਾਂ ਵਿਚੋਂ ਤੇਲ ਨਿਕਲਣ ਦੀ ਥਾਂ ਸਿਰਫ ਸੁਆਹ ਹੀ ਨਿਕਲਦੀ ਹੈ। ਸੁਚੇਤ ਮਨ ਹੀ ਸਵੈਜ਼ਬਤ ਵਿਚ ਰਹਿ ਕੇ ਆਪਣੀਆਂ ਤਰਕਸੰਗਤ ਤੇ ਸੀਮਤ ਸਰੀਰੀ ਲੋੜਾਂ ਦੀ ਪਛਾਣ ਕਰ ਸਕਦਾ ਹੈ। ਸੁਚੇਤ ਸਰੀਰੀ ਮਨ ਹੀ ਸਦਾਚਾਰੀ ਬਣ ਕੇ ਆਪਣੇ ਨਿਜ ਤੋਂ ਉਚਾ ਉਠਦਾ ਹੈ ਅਤੇ ਸਰਬ-ਸਾਂਝੀਵਾਲਤਾ ਦੀ ਭਾਵਨਾ ਤੇ ਸਰਬਤ ਦੇ ਭਲੇ ਦਾ ਪੈਰੋਕਾਰ ਬਣਦਾ ਹੈ। ਇਹ ਗਿਆਨ ਹੀ ਸਾਨੂੰ ਸਦੀਆਂ ਤੋਂ ਇਕੱਤਰ ਹੁੰਦੀ ਆ ਰਹੀ ਅਨੁਭਵੀ ਸਿਆਣਪ ਦੇਂਦਾ ਹੈ, ਜਿਸ ਨੂੰ ਆਪਣੀ ਚੇਤੰਨ ਸੋਚ ਦਾ ਅੰਗ ਬਣਾਏ ਬਗੈਰ ਅਤੇ ਆਪਣੇ ਸਰੀਰੀ ਮਨ ਵਿਚ ਵਸਾਏ ਬਗੈਰ ਸਿਰਫ ਆਪਣੇ ਮਨ ਦੀ ਮਰਜ਼ੀ ਕਰਨ ਵਾਲਾ (ਮਨਮੁਖਿ) ਮਨੁੱਖ ਜੀਵਨ ਭਰ ਅਗਿਆਨਤਾ ਦੇ ਹਨ੍ਹੇਰੇ ਵਿਚ ਹੀ ਟੱਕਰਾਂ ਮਾਰਦਾ ਰਹਿੰਦਾ ਹੈ। ਉਹ ਆਪਣੇ ਅਚੇਤ ਮਨ ਦੀਆਂ ਬੇਲੋੜੀਆਂ ਇੱਛਾਵਾਂ ਭਾਵ ਤ੍ਰਿਸ਼ਨਾ ਵਿਚ ਭਟਕਦਾ ਹੋਇਆ ਪਸ਼ੂ ਦੀ ਪੱਧਰ ਉਤੇ ਹੀ ਆਪਣੀ ਸਾਰੀ ਜ਼ਿੰਦਗੀ ਬਤੀਤ ਕਰ ਜਾਂਦਾ ਹੈ। ਗੁਰਮਤਿ ਮਨੁੱਖੀ ਮਨ ਨੂੰ ਆਪਣੀ ਹੋਂਦ ਪਛਾਣਨ ਦੀ ਪ੍ਰੇਰਨਾ ਕਰਦੀ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ 441)

ਸਰਬ-ਵਿਆਪੀ ਪ੍ਰਗਟ ਹੋਇਆ ਸਚ ਇਹ ਹੈ ਕਿ ਸਰਬ-ਸ਼ਕਤੀਮਾਨ ਕੁਦਰਤ ਦੀ ਦੇਣ ਮਨੁੱਖ ਦਾ ਆਪਣਾ ਸਰੀਰ ਹੀ ਉਸ ਦੀ ਅਸਲੀ ਰਾਸ ਪੂੰਜੀ ਹੈ। ਸਰੀਰ ਵਿਚ ਸੁਭਾਇਮਾਨ ਮਨੁੱਖ ਦਾ ਆਪਣਾ ਅਦੁੱਤੀ ਮਨ ਸਰੀਰ ਦਾ ਰਾਜਾ ਭਾਵ ਉਸ ਨੂੰ ਹਰਕਤਸ਼ੀਲ ਰੱਖਣ ਵਾਲਾ ਹੈ। ਆਪਣੀਆਂ ਗਿਆਨ ਇੰਦ੍ਰੀਆਂ ਰਾਹੀਂ ਮਨ ਬਾਹਰੀ ਗਿਆਨ ਹਾਸਲ ਕਰਦਾ ਹੈ ਤੇ ਇਸ ਗਿਆਨ ਦੇ ਆਧਾਰ ਉਤੇ ਹੀ ਉਹ ਆਪਣੀਆਂ ਕਰਮ ਇੰਦ੍ਰੀਆਂ ਨੂੰ ਹਰਕਤ ਵਿਚ ਲਿਆਉਂਦਾ ਹੈ। ਆਪਣੀਆਂ ਗਿਆਨ ਇੰਦ੍ਰੀਆਂ ਰਾਹੀਂ ਹਾਸਲ ਹੋਇਆ ਗਿਆਨ ਸਹੀ ਹੈ ਜਾਂ ਨਹੀਂ, ਜੇ ਇਸ ਦੀ ਪਰਖ ਕਰਨ ਲਈ ਮਨੁੱਖੀ ਚੇਤਨਾ ਆਪਣੀ ਲਿਵ ਗੁਰਮਤਿ (ਫਿਲਾਸਫੀ) ਨਾਲ ਜੋੜ ਲਵੇ ਤਾਂ ਉਹ ਆਪਣੀਆਂ ਕਰਮ ਇੰਦ੍ਰੀਆਂ ਨੂੰ ਸਹੀ ਦਿਸ਼ਾ ਦੇ ਸਕਦੀ ਹੈ ਤੇ ਇਉਂ ਸਹਿਜ ਮਨੁੱਖੀ ਜ਼ਿੰਦਗੀ ਜੀਵੀ ਜਾ ਸਕਦੀ ਹੈ। ਨਹੀਂ ਤੇ ਮਨੁੱਖੀ ਮਨ ਐਵੇਂ ਬੇਲੋੜੀਆ ਇੱਛਾਵਾਂ (ਅਜੋਕੀ ਸਾਮਰਾਜੀ ਖਪਤਕਾਰੀ) ਦੇ ਮਗਰ ਲੱਗ ਕੇ ਭਟਕਦਾ ਰਹਿੰਦਾ ਹੈ ਅਤੇ ਨਾਲ ਹੀ ਆਪਣੇ ਸਰੀਰ ਨੂੰ ਵੀ ਫਜ਼ੂਲ ਕਿਸਮ ਦੀਆਂ ਇੱਛਾਵਾਂ ਦੀ ਭਟਕਣਾ ਵਿਚ ਪਾਈ ਰੱਖਦਾ ਹੈ। ਬਾਕੀ ਦਾ ਸਾਰਾ ਧਾਰਮਿਕ ਆਡੰਬਰ ਤੇ ਕਰਮਕਾਂਡ ਫਜ਼ੂਲ ਹੈ। ਇਹੀ ਮਨੁੱਖੀ ਮੁਕਤੀ (ਆਤਮਿਕ ਆਜ਼ਾਦੀ) ਦਾ ਭੇਦ ਹੈ।

ਮਨੁੱਖ ਦੀਆਂ ਤਿੰਨ ਭੁੱਖਾਂ ਹਨ। ਤਨ ਦੀ ਭੁੱਖ (ਸੰਤੁਲਤ ਭੋਜਨ), ਜਿਸਮਾਨੀ ਭੁੱਖ (ਸਹਿਜ ਜਿਸਮਾਨੀ ਰਿਸ਼ਤਾ) ਅਤੇ ਆਤਮਿਕ ਭੁੱਖ (ਸਭਿਆਚਾਰਕ ਵਿਕਾਸ)। ਇਹ ਤਿੰਨੇ ਭੁੱਖਾਂ ਸਹਿਜ ਕੁਦਰਤੀ ਵਿਕਾਸ ਵਿਚ ਹੀ ਤ੍ਰਿਪਤ ਹੋ ਸਕਦੀਆਂ ਹਨ।

4. ਗੁਰੂ ਨਾਨਕ ਸਾਹਿਬ ਦਾ ਨਵਾਂ ਸਮਾਜ ਸਾਸ਼ਤਰ — ਸਰਬ-ਸਾਂਝੀਵਾਲਤਾ ਤੇ ਸਰਬਤ ਦਾ ਭਲਾ

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ। (ਪੰਨਾ 611)

ਨ ਕੋਈ ਬੈਰੀ ਨਹੀ ਬਿਗਾਨਾ ਸਗਲ ਸੰਗ ਹਮਿ ਕਉ ਬਨਿ ਆਈ। (ਪੰਨਾ 1299)

ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ। (ਪੰਨਾ 97)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (ਪੰਨਾ 1349)

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।

5. ਗੁਰੂ ਨਾਨਕ ਸਾਹਿਬ ਦੀ ਨਵੇਂ ਰਾਜ ਦੀ ਰੂਪਰੇਖਾ

ਗੁਰੂ ਨਾਨਕ ਸਾਹਿਬ ਦੁਨਿਆਵੀ ਬਾਦਸ਼ਾਹੀ ਨੂੰ ਨਕਾਰ ਕੇ 'ਸਚੀ ਤੇਰੀ ਕੁਦਰਤਿ ਸਚੇ ਪਾਤਸਾਹਿ' ਦਾ ਐਲਾਨ ਕਰਦੇ ਹਨ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ (ਪੰਨਾ 966)

ਗੁਰੂ ਨਾਨਕ ਪਾਤਸ਼ਾਹ ਵਲੋਂ ਕਾਇਮ ਕੀਤੇ ਗਏ ਰਾਜ ਦੀ ਨੀਂਹ ਸਚ ਉਤੇ ਟਿਕੀ ਹੋਈ ਹੈ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ। (ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 45)

ਗੁਰੂ ਨਾਨਕ ਸਾਹਿਬ ਦੀ ਪਾਤਸਾਹੀ ਦਾ ਘੜਿਆ ਸਿਕਾ ਨਿਰਮਲ ਪੰਥ ਦੇ ਰੂਪ ਵਿਚ ਪ੍ਰਗਟ ਹੋਇਆ।

ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਸਾਹੁ ਜੁਹਾਰੀ। (ਭਾਈ ਗੁਰਦਾਸ ਜੀ, ਵਾਰ 11 ਵੀਂ)

ਸਤਿ ਦਾ ਅਨੁਭਵੀ ਗਿਆਨ ਕਰਵਾਉਣ ਵਾਲਾ ਗੁਰੂ ਸੱਚਾ ਪਾਤਸ਼ਾਹ ਹੈ। ਪਾਤਸ਼ਾਹਾਂ ਦੇ ਪਾਤਸ਼ਾਹ ਨੂੰ ਨਮਸਕਾਰ।

ਇਥੇ ਪਾਤਸ਼ਾਹੀ ਪੀਰੀ (ਧਰਮ) ਤਥਾ ਆਤਮਿਕ ਗਿਆਨ ਦੀ ਪ੍ਰਤੀਕ ਹੈ ਤੇ ਬਾਦਸ਼ਾਹੀ ਮੀਰੀ (ਰਾਜ) ਤਥਾ ਰਾਜਨੀਤੀ ਦੀ ਪ੍ਰਤੀਕ ਹੈ। ਪੀਰੀ (ਧਰਮ) ਨੇ ਹਮੇਸ਼ਾਂ ਲਈ ਮੀਰੀ (ਰਾਜਨੀਤੀ) ਦੀ ਅਗਵਾਈ ਕਰਨੀ ਹੈ। ਜੇ ਰਾਜਨੀਤੀ ਆਤਮਿਕ ਗਿਆਨ (ਧਰਮ) ਦੀ ਅਗਵਾਈ ਨਹੀਂ ਕਬੂਲਦੀ ਤਾਂ ਉਹ ਸਮਾਜ ਵਿਚ ਬੁਰਾਈਆਂ ਦੀ ਜਨਕ ਬਣਦੀ ਹੈ। ਗੁਰੂ ਨਾਨਕ ਸਾਹਿਬ ਦੀ ਪਾਤਸ਼ਾਹੀ ਦੇ ਸੰਕਲਪ ਦੀ ਨੀਂਹ ਆਤਮਿਕ ਗਿਆਨ ਆਧਾਰਿਤ ਹਲੇਮੀ ਰਾਜ ਤੇ ਅਕਾਲ ਪੁਰਖੀ ਸਚ ਉਤੇ ਟਿਕੀ ਹੋਈ ਹੈ।

ਕੁਦਰਤਿ ਤਖਤੁ ਰਚਾਇਆ ਸਚਿ ਨਬੇੜਣਹਾਰੋ॥ (ਪੰਨਾ 580)

---

## ਨਾਨਕ ਜੀ ਕਾਹਤੋਂ ਆਉਣਾ ਸੀ?

ਬਾਬਾ ਜੀ ਦੱਸਿਓ!
ਤੁਹਾਨੂੰ ਕੋਈ ਸੱਚਾ ਸਿੱਖ ਨਜ਼ਰ ਆਉਂਦਾ ਏ?

ਤੁਹਾਡੀ ਸ਼ਬਦਜੋਤ
ਕੀਮਤੀ ਰੁਮਾਲਿਆਂ 'ਚ ਦੁੱਬਕੀ
ਲੈ ਰਹੀ ਏ ਔਖੇ ਸਾਹ
ਕੋਈ ਨਹੀਂ ਸੁਣਦਾ ਉਸਦੀ ਆਹ
ਕਿਉਂਕਿ ਸ਼ਬਦ-ਜੋਤ ਦਾ ਸੱਚ
ਮਸੰਦਾਂ ਨੂੰ ਰਿਹਾ ਏ ਡਰਾਅ।

ਭਾਈ ਲਾਲੋ ਦੀ ਕੋਠੜੀ
ਸੰਗਮਰਮਰ 'ਚ ਲਪੇਟੀ
ਤੁਹਾਡੀ ਛੋਹ ਨੂੰ ਕਿੰਝ ਸੰਭਾਲੇ
ਲਾਲੋ ਸੰਗ ਬੋਲਾਂ ਦੇ ਚਿਰਾਗ ਕਿਵੇਂ ਬਾਲ਼ੇ
ਤਾਂ ਕਿ ਆਲੇ-ਦੁਆਲੇ ਛਾਏ
ਛੱਟ ਜਾਣ ਇਹ ਬੱਦਲ ਕਾਲੇ।

ਬਾਬਾ ਜੀ
ਤੁਹਾਡੀ ਆਰਤੀ
ਘੰਟੀਆਂ ਅਤੇ ਟੱਲਾਂ ਦੇ ਸ਼ੋਰ 'ਚ ਗਵਾਚੀ
ਭਾਲਦੀ ਏ ਆਪਣੀ ਹਯਾਤੀ
ਜੋ ਜਗਾਉਂਦੀ ਸੀ ਤਾਰੇ ਰਾਤੀਂ
ਤੇ ਮਨਾਂ ਦੇ ਵਿਹੜਿਆਂ 'ਚ
ਕਿਰਨਾਂ ਦੀ ਕਿਣਮਿਣ ਹੁੰਦੀ ਸੀ ਪ੍ਰਭਾਤੀ।

ਬਾਬਾ ਜੀ
ਤੁਸਾਂ ਤਾਂ ਗੋਸ਼ਟਿ ਪ੍ਰੰਪਰਾ ਨਾਲ
ਤਰਕ ਤੇ ਦਲ਼ੀਲ ਦਾ ਜਾਗ ਸੀ ਲਾਇਆ
ਪਰ ਅਜੋਕੇ ਸਾਧਾਂ ਕੇਹਾ ਜੱਗ ਭਰਮਾਇਆ
ਕਿ ਸ਼ਬਦ ਦਾ ਸੱਚ
ਭਰਮ-ਭੁਲੇਖਿਆਂ ਦੀ ਕਬਰੀਂ ਦਫਨ਼ਾਇਆ।

ਨਾਨਕ ਜੀ
ਤੁਸਾਂ ਲੋਕਾਈ ਦੇ ਮੱਥੇ 'ਚ ਲੋਅ ਧਰਨ ਲਈ
ਕਰਤਾਰਪੁਰ ਦੇ ਖੇਤੀਂ ਪਾਣੀ ਲਾਇਆ
ਮੂੜ ਮਨਾਂ ਨੂੰ ਬਹੁਤ ਸਮਝਾਇਆ
ਪਰ ਪਾਪੀਆਂ ਦੇ ਪਾਪ ਢੋਂਦੀ ਗੰਗਾ ਨੇ
ਦੇਖ ਲੈ ਆਪਣਾ ਹੀ ਵਜੂਦ ਗਵਾਇਆ।

ਬਾਬਾ ਜੀ
ਜੇ ਤੁਹਾਡੀ ਸ਼ਬਦ-ਜੋਤ ਨੂੰ
ਤੁਹਾਡੇ ਆਪਣਿਆਂ ਹੀ ਬੁਝਾਉਣਾ ਸੀ
ਤਾਂ ਤੁਸੀਂ ਕਾਹਤੋਂ ਆਉਣਾ ਸੀ?

*-ਡਾ. ਗੁਰਬਖਸ਼ ਸਿੰਘ ਭੰਡਾਲ*

# ਲਾਰਡਾਂ ਦੀ ਖੇਡ ਕ੍ਰਿਕਟ ਬਣੀ ਪੈਸੇ ਦੀ ਖੇਡ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਟਾਈਮ ਪਾਸ ਕਰਨ ਵਾਲੀ ਖੇਡ ਕ੍ਰਿਕਟ, ਨਿਰੀ ਪੈਸੇ ਦੀ ਖੇਡ ਬਣ ਗਈ ਹੈ। ਕ੍ਰਿਕਟ ਵਰਲਡ ਕੱਪ ਹੁਣ ਲੱਖਾਂ ਕਰੋੜਾਂ ਵਿਚ ਨਹੀਂ, ਅਰਬਾਂ ਖਰਬਾਂ 'ਚ ਪੈਰਿ ਹੈ। ਕਾਰੋਬਾਰੀ ਬੰਦੇ ਕ੍ਰਿਕਟ 'ਤੇ ਪੈਸੇ ਲਾਉਂਦੇ ਨੇ ਤੇ ਟੀਵੀ ਚੈਨਲਾਂ ਵਾਲੇ ਦਰਸ਼ਕਾਂ ਨੂੰ ਕ੍ਰਿਕਟ ਕਰੇਜ਼ੀ ਬਣਾਉਂਦੇ ਨੇ। ਕ੍ਰਿਕਟ ਦੇ ਐਡਿਕਟ। ਹਰ ਵੇਲੇ ਕ੍ਰਿਕਟ ਕ੍ਰਿਕਟ ਕ੍ਰਿਕਟ! ਉਂਜ ਤਾਂ ਕ੍ਰਿਕਟ ਦਾ ਤਾਪ ਥੋੜ੍ਹਾ ਬਹੁਤਾ ਚੜ੍ਹਿਆ ਹੀ ਰਹਿੰਦੈ ਪਰ ਵਰਲਡ ਕੱਪ ਦੇ ਦਿਨੀਂ ਇਹ ਭੱਠ ਵਾਂਗ ਤਪਣ ਲੱਗ ਪੈਂਦੈ। ਕਰੋੜਾਂ ਅਰਬਾਂ ਦਾ ਸੱਟਾ ਲੱਗਦੈ, ਸ਼ਰਤਾਂ ਲੱਗਦੀਐਂ ਤੇ ਅਰਬਾਂ ਖਰਬਾਂ ਰੁਪਏ ਏਧਰ-ਓਧਰ ਹੁੰਦੇ ਨੇ। ਨਾਲ ਅਰਬਾਂ ਖਰਬਾਂ ਕੰਮ ਦੇ ਘੰਟੇ ਖਰਾਬ। ਕੰਮ ਦੀਆਂ ਦਿਹਾੜੀਆਂ ਦਾ ਅਜਾਈਂ ਮਰਨ। ਕੱਪ ਦੇ ਦਿਨੀਂ ਵਿਦਿਆਰਥੀਆਂ ਦੀ ਪੜ੍ਹਾਈ ਤੇ ਇਮਤਿਹਾਨਾਂ ਵੱਲੋਂ ਬੇਧਿਆਨੀ ਹੋ ਜਾਂਦੀ ਹੈ। ਕੱਪ ਮੁੱਕੇ ਤੋਂ ਜਿੱਤਾਂ ਦੇ ਜਸ਼ਨ ਤੇ ਹਾਰਾਂ ਦੇ ਸੋਗ ਮਨਾਏ ਜਾਂਦੇ ਨੇ। ਹਾਰ ਨਾ ਸਹਿੰਦਾ ਕੋਈ ਟੀ ਵੀ ਸੈੱਟ ਭੰਨ ਦਿੰਦੈ, ਕੋਈ ਖ਼ੁਦਕਸ਼ੀ ਕਰ ਬਹਿੰਦੈ!

ਟੀਵੀ ਚੈਨਲਾਂ ਤੇ ਕਾਰੋਬਾਰੀਆਂ ਨੂੰ ਕ੍ਰਿਕਟ ਦੇ ਮੈਚ ਮੁਨਾਫ਼ਾ ਵੀ ਬੜਾ ਦਿੰਦੇ ਨੇ। ਇਹ ਕਿਹੜਾ ਹਾਕੀ, ਕਬੱਡੀ, ਬਾਸਕਟਬਾਲ, ਵਾਲੀਬਾਲ, ਹੈਂਡ ਬਾਲ ਜਾਂ ਫੁੱਟਬਾਲ ਦੇ ਮੈਚ ਨੇ ਜਿਹੜੇ ਘੰਟੇ ਡੇਢ ਘੰਟੇ 'ਚ ਮੁੱਕ ਜਾਂਦੇ ਨੇ। ਉਨ੍ਹਾਂ ਮੈਚਾਂ ਦੀ ਖੇਡ ਵਿਚ ਖੜੋਤ ਵੀ ਨਹੀਂ ਹੁੰਦੀ। ਕ੍ਰਿਕਟ ਦੀ ਖੇਡ ਵਿਚ ਖੜੋਤ ਹੀ ਖੜੋਤ ਹੈ ਜਿਥੇ ਜਿੰਨੀਆਂ ਮਰਜ਼ੀ ਐਡਾਂ ਭਰ ਦਿੱਤੀਆਂ ਜਾਣ। ਇਹ ਹੈ ਲਾਰਡਾਂ ਦੀ ਖੇਡ ਨੂੰ ਆਮ ਲੋਕਾਂ ਦੇ ਸਿਰਾਂ 'ਤੇ ਸਵਾਰ ਕਰਨ ਦਾ ਰਾਜ਼। ਕ੍ਰਿਕਟ ਰਾਹੀਂ ਕਾਲੇ ਧੰਦੇ ਦੇ ਮੁਨਾਫ਼ੇ ਨੇ ਕ੍ਰਿਕਟ ਖਿਡਾਰੀਆਂ ਦੀਆਂ ਜੇਬਾਂ ਵੀ ਭਰੀਆਂ ਤੇ ਸੱਟੇਬਾਜ਼ਾਂ ਦੇ ਵੀ ਵਾਰੇ ਨਿਆਰੇ ਕੀਤੇ ਨੇ!

ਕ੍ਰਿਕਟ ਜੋ ਕਦੇ ਸਿਰਫ਼ ਬਰਤਾਨੀਆ ਦੇ ਲਾਰਡਾਂ ਦੀ ਖੇਡ ਸੀ ਉਹ ਕਾਮਨਵੈੱਲਥ ਦੇਸ਼ਾਂ ਦੇ ਲੋਕਾਂ ਦੀ ਖੇਡ ਬਣ ਚੁੱਕੀ ਹੈ। ਓਲੰਪਿਕ ਖੇਡਾਂ 'ਚ ਵਧੇਰੇ ਤਗਮੇ ਜਿੱਤਣ ਵਾਲੇ ਅਮਰੀਕਾ, ਚੀਨ, ਰੂਸ, ਜਪਾਨ, ਕੋਰੀਆ ਤੇ ਜਰਮਨੀ ਵਰਗੇ ਮੁਲਕਾਂ ਨੇ ਕ੍ਰਿਕਟ ਆਪਣੇ ਵਿਹੜੇ 'ਚ ਨਹੀਂ ਵੜਨ ਦਿੱਤੀ। ਹੋਇਆ ਇੰਜ ਕਿ ਅੰਗਰੇਜ਼ ਲਾਰਡਾਂ ਨੇ ਜਿਨ੍ਹਾਂ ਮੁਲਕਾਂ 'ਤੇ ਰਾਜ ਕੀਤਾ ਉਥੇ ਆਪਣਾ ਟਾਈਮ ਪਾਸ ਕਰਨ ਵਾਲੀ ਖੇਡ ਕ੍ਰਿਕਟ ਵੀ ਪੁਚਾ ਦਿੱਤੀ। ਕ੍ਰਿਕਟ ਵਰਗੀ ਲੰਮਾ ਸਮਾਂ ਲੈਣ ਵਾਲੀ ਖੇਡ ਵਿਹਲੜ ਲਾਰਡਾਂ ਦੇ ਅਨੁਕੂਲ ਸੀ। ਕੰਮੀਂ-ਕਾਰੀਂ ਲੱਗੇ ਲੋਕਾਂ ਦੇ ਘੱਟ ਸਮਾਂ ਲੈਣ ਵਾਲੀਆਂ ਖੇਡਾਂ ਹੀ ਅਨੁਕੂਲ ਸਨ।



ਇੰਗਲੈਂਡ ਵਿਚ ਜਦ ਧੁੱਪ ਨਿਕਲਦੀ ਤਾਂ ਵਿਹਲੇ ਲਾਰਡ ਸਫੈਦ ਕਮੀਜ਼ਾਂ ਪਤਲੂਣਾਂ ਪਾ ਕੇ ਗੇਂਦ ਬੱਲੇ ਨਾਲ ਦਿਹਾੜੀਆਂ ਬੱਧੀ ਕ੍ਰਿਕਟ ਖੇਡੀ ਜਾਂਦੇ ਤੇ ਧੁੱਪ ਸੇਕੀ ਜਾਂਦੇ। ਜਦ ਉਹ ਹਿੰਦੋਸਤਾਨ ਵਿਚ ਆਏ ਤਾਂ ਉਨ੍ਹਾਂ ਨੇ ਇਥੋਂ ਦੇ ਰਈਸ ਆਪਣੇ ਨਾਲ ਖੇਡਣ ਲਾ ਲਏ। ਰਈਸਾਂ ਦੇ ਵੀ ਇਹ ਖੇਡ ਫਿੱਟ ਬੈਠਦੀ ਸੀ। ਨਵਾਬ ਤੇ ਰਾਜੇ-ਮਹਾਰਾਜੇ ਵੀ ਕ੍ਰਿਕਟ ਖੇਡਣ ਲੱਗੇ। ਜਿਹੜਾ ਕੁਝ ਅਮੀਰ ਵਰਗ ਕਰਨ ਲੱਗ ਪਵੇ ਉਹਦੀ ਰੀਸ ਮੱਧ ਵਰਗ ਤੇ ਗਰੀਬ ਵਰਗ ਵੀ ਕਰਨ ਲੱਗ ਪੈਂਦੈ। ਆਮ ਲੋਕ ਕ੍ਰਿਕਟ ਮਗਰ ਇਸ ਤਰ੍ਹਾਂ ਹੀ ਲੱਗੇ ਨੇ। ਕ੍ਰਿਕਟ ਹਿੰਦ ਮਹਾਂਦੀਪ ਦੇ ਖੇਡ ਪ੍ਰੇਮੀਆਂ ਨੂੰ ਪਹਿਲੇ ਤੋੜ ਦੇ ਹਾੜੇ ਵਾਂਗ ਚੜ੍ਹੀ ਐ। ਕ੍ਰਿਕਟ ਦੇ ਵਰਲਡ ਕੱਪ ਦੌਰਾਨ ਤਾਂ ਹਿੰਦ ਮਹਾਂਦੀਪ ਦੇ ਵਾਸੀ ਸੱਚੀਂ ਨਸ਼ੱਈਆਂ ਵਾਂਗ ਵਿਚਰਦੇ ਹਨ। ਮੀਡੀਏ ਦਾ ਰੋਲ ਵੀ ਆਮ ਲੋਕਾਂ ਨੂੰ ਹੋਰ ਨਸ਼ੱਈ ਕਰਨ ਵਾਲਾ ਹੀ ਹੁੰਦੈ। ਖ਼ਾਸ ਕਰਕੇ ਇਲੈਕਟ੍ਰਾਨਿਕ ਮੀਡੀਏ ਦਾ।

ਆਈ ਸੀ ਸੀ ਕ੍ਰਿਕਟ ਵਰਲਡ ਕੱਪ 1975 ਤੋਂ 2023 ਤੱਕ 13 ਵਾਰ ਖੇਡਿਆ ਗਿਆ ਹੈ। 6 ਵਾਰ ਆਸਟ੍ਰੇਲੀਆ ਜੇਤੂ ਰਿਹਾ, 2 ਵਾਰ ਇੰਡੀਆ, 2 ਵਾਰ ਵੈੱਸਟ ਇੰਡੀਜ਼, 1 ਵਾਰ ਇੰਗਲੈਂਡ, 1 ਵਾਰ ਸ੍ਰੀਲੰਕਾ ਤੇ 1 ਵਾਰ ਪਾਕਿਸਤਾਨ। ਕੁਲ 20 ਦੇਸ਼ ਇਹ ਕੱਪ ਖੇਡੇ ਹਨ। ਆਸਟ੍ਰੇਲੀਆ ਨੇ ਕ੍ਰਿਕਟ ਕੱਪ 1987, 1999, 2003, 2007, 2015 ਤੇ 2023 ਵਿਚ ਜਿੱਤਿਆ ਹੈ। ਇੰਡੀਆ 1983 ਤੇ 2011 ਅਤੇ ਵੈੱਸਟ ਇੰਡੀਜ਼ 1975 ਤੇ 1979 ਵਿਚ ਜੇਤੂ ਰਹੇ ਹਨ। 1 ਵਾਰ ਇੰਗਲੈਂਡ, 1 ਵਾਰ ਸ੍ਰੀਲੰਕਾ ਤੇ 1 ਵਾਰ ਪਾਕਿਸਤਾਨ ਨੇ ਕੱਪ ਜਿੱਤਿਆ ਹੈ। ਕੁਲ 6 ਮੁਲਕ ਹੀ ਹਨ ਜਿਨ੍ਹਾਂ ਕੋਲ ਆਈਸੀਸੀ ਦੀ ਅਸਲੀ ਟਰਾਫੀ ਦਾ ਨਕਲੀ ਨਮੂਨਾ ਹੈ ਜਿਸਨੂੰ ਰੈਪਲੀਕਾ ਕਿਹਾ ਜਾਂਦੈ। ਨਕਲੀ ਨਮੂਨੇ 'ਤੇ ਫਿਰ ਕੋਈ ਪੈਰ ਧਰ ਲਵੇ, ਹੱਥਾਂ 'ਚ ਚੁੱਕ ਲਵੇ ਜਾਂ ਸਿਰ ਉਤੇ ਧਰੀ ਰੱਖੇ, ਕੋਈ ਫਰਕ ਨਹੀਂ ਪੈਂਦਾ। ਕੋਈ ਅਦਬ ਜਾਂ ਬੇਅਦਬੀ ਨਹੀਂ ਹੁੰਦੀ। ਆਸਟ੍ਰੇਲੀਆ ਦੇ ਇਕ ਖਿਡਾਰੀ ਨੇ ਜੇ ਰਿਲੈਕਸ ਹੁੰਦਿਆਂ ਨਕਲੀ ਟਰਾਫੀ 'ਤੇ ਪੈਰ ਰੱਖ ਲਿਆ ਤਾਂ ਕੋਈ ਲੋਹੜਾ ਨਹੀਂ ਆ ਗਿਆ! ਇਸਦੇ ਫਜ਼ੂਲ ਅਰਥ ਨਹੀਂ ਕੱਢੇ ਜਾਣੇ ਚਾਹੀਦੇ। ਹਾਂ ਜਿਹੜੇ ਟਰਾਫੀ ਜਿੱਤਣ ਲਈ ਵਿਖਾਵੇ ਦੇ ਕਰਮ-ਕਾਂਡਾਂ ਦਾ ਸਹਾਰਾ ਲੈਂਦੇ ਰਹੇ, ਉਨ੍ਹਾਂ ਨੂੰ ਜ਼ਰੂਰ ਫਰਕ ਪਿਆ ਹੋਊ। ਜਾਂ ਫਿਰ ਜਿਨ੍ਹਾਂ ਨੇ ਕੱਪ ਜਿੱਤਣ ਨਾਲ ਸਿਆਸੀ ਲਾਹੇ ਲੈਣੇ ਸਨ ਉਨ੍ਹਾਂ ਨੂੰ ਫਰਕ ਪਿਆ ਹੋਊ!

ਖੇਡ 'ਚ ਹਾਰ-ਜਿੱਤ ਖੇਡ ਭਾਵਨਾ ਨਾਲ ਲੈਣੀ ਚਾਹੀਦੀ ਹੈ। ਜਿੱਤ ਜਾਣ 'ਤੇ ਆਫਰਨਾ ਨੀ ਚਾਹੀਦਾ ਤੇ ਹਾਰ ਜਾਣ 'ਤੇ ਢੇਰੀ ਨਹੀਂ ਢਾਹੁਣੀ ਚਾਹੀਦੀ। ਦੁਨੀਆ 'ਚ ਦਰਜਨਾਂ ਖੇਡਾਂ ਦੇ ਵਰਲਡ ਕੱਪ ਹੁੰਦੇ ਹਨ। ਕੋਈ ਸਾਲ ਬਾਅਦ, ਕੋਈ ਦੋ ਸਾਲ ਤੇ ਕੋਈ ਚਾਰ ਸਾਲਾਂ ਬਾਅਦ। ਭਾਗ ਲੈ ਰਹੀਆਂ ਟੀਮਾਂ 'ਚੋਂ ਜਿੱਤਣਾ ਕਿਸੇ ਇਕ ਨੇ ਹੀ ਹੁੰਦਾ। ਮੈਚਾਂ ਦੀਆਂ ਹਾਰਾਂ ਜਿੱਤਾਂ ਜੋੜ ਕੇ ਅਖ਼ੀਰ 'ਚ ਸੂਚੀ ਬਣ ਜਾਂਦੀ ਹੈ ਕਿ ਕਿਹੜੀ ਟੀਮ ਕਿਹੜੇ ਸਥਾਨ 'ਤੇ ਰਹੀ? 2023 ਦੇ ਕ੍ਰਿਕਟ ਕੱਪ ਵਿਚ ਆਸਟ੍ਰੇਲੀਆ ਦਾ ਪਹਿਲਾ ਸਥਾਨ ਹੈ, ਭਾਰਤ ਦਾ ਦੂਜਾ ਤੇ ਇੰਗਲੈਂਡ ਦਾ ਦਸਵਾਂ। 2017 ਦੇ ਵਰਲਡ ਕੱਪ ਵਿਚ ਇੰਗਲੈਂਡ ਪਹਿਲੇ ਸਥਾਨ 'ਤੇ ਸੀ। ਪਿੱਟਣਾ ਤਾਂ ਉਸਨੂੰ ਚਾਹੀਦਾ ਸੀ ਪਰ ਪਿੱਟੀ ਭਾਰਤ ਜਾਂਦੈ! ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਭਾਰਤ ਕ੍ਰਿਕਟ ਦਾ ਏਨਾ ਲਾਈ ਲੱਗ ਕਿਉਂ ਹੈ? ਹਾਕੀ ਜਾਂ ਹੋਰਨਾਂ ਖੇਡਾਂ ਦਾ ਕਿਉਂ ਨਹੀਂ?

ਭਾਰਤ ਕੋਲ ਹਾਕੀ ਦੀ ਖੇਡ ਹੀ ਹੈ ਜਿਸ ਵਿਚ ਇਸ ਨੇ ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਗੋਲਡ ਮੈਡਲ ਜਿੱਤੇ ਹਨ। 1928 ਤੋਂ ਹਾਕੀ ਦੀ ਖੇਡ ਵਿਚ ਭਾਰਤ ਦਾ ਵਿਸ਼ੇਸ਼ ਸਥਾਨ ਰਿਹੈ। ਪਰ ਇਨਾਮਾਂ ਸਨਮਾਨਾਂ ਤੇ ਮਸ਼ਹੂਰੀ ਪੱਖੋਂ ਹਾਕੀ ਦੇ ਓਲੰਪਿਕ ਜੇਤੂ ਕ੍ਰਿਕਟ ਖਿਡਾਰੀਆਂ ਦੇ ਪਾਪਾਸਕ ਵੀ ਨਹੀਂ ਸਮਝੇ ਜਾ ਰਹੇ। ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਨੂੰ ਭਾਰਤ ਸਰਕਾਰ ਨੇ ਪਦਮ ਸ਼੍ਰੀ ਨਾਲ ਹੀ ਸਨਮਾਨਿਤ ਕੀਤਾ ਹੈ ਜਦਕਿ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਨੂੰ ਭਾਰਤ ਰਤਨ ਨਾਲ ਨਿਵਾਜਿਆ ਹੈ। ਉਹ ਲਾਰਡਾਂ ਦੀ ਖੇਡ ਕ੍ਰਿਕਟ ਜੁ ਖੇਡਦਾ ਹੋਇਆ!

ਕੁਝ ਸੁਆਲ ਮਨ 'ਚ ਉਠਦੇ ਹਨ। ਕ੍ਰਿਕਟ ਦਾ ਵਰਲਡ ਕੱਪ ਭਾਰਤ ਨੇ ਦੋ ਵਾਰ ਜਿੱਤਿਆ ਹੈ ਤੇ ਕ੍ਰਿਕਟ ਦੀ ਆਈਪੀਐੱਲ ਵੀ ਕਰਾਈ ਜਾ ਰਿਹੈ। ਕੀ ਉਹ 140 ਕਰੋੜ ਭਾਰਤੀਆਂ ਦੀ ਜਨਸੰਖਿਆ ਨਾਲ 2024 ਦੀਆਂ ਪੈਰਿਸ ਵਿਖੇ ਹੋ ਰਹੀਆਂ ਓਲੰਪਿਕ ਖੇਡਾਂ 'ਚੋਂ ਹਿੱਸੇ ਬਹਿੰਦੇ ਮੈਡਲ ਹਾਸਲ ਕਰ ਸਕੇਗਾ? ਕੀ ਬਰਾਬਰ ਦੇ ਗੁਆਂਢੀ ਦੇਸ਼ ਚੀਨ ਤੋਂ ਚੌਥਾ ਹਿੱਸਾ ਹੀ ਮੈਡਲ ਜਿੱਤ ਸਕੇਗਾ? ਕੀ ਹਮੇਸ਼ਾਂ ਪਛੜੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਹੀ ਮੁਕਾਬਲਾ ਕਰੀ ਜਾਵੇਗਾ! ਫੁੱਟਬਾਲ ਦਾ ਵਰਲਡ ਕੱਪ ਖੇਡਣ ਲਈ ਕਦੋਂ ਕੁਆਲੀਫਾਈ ਕਰੇਗਾ ਤੇ ਹਾਕੀ ਦਾ ਵਰਲਡ ਕੱਪ ਦੂਜੀ ਵਾਰ ਕਦੋਂ ਜਿੱਤੇਗਾ? ਹੋਰ ਕਿਹੜੀਆਂ ਖੇਡਾਂ ਨੇ ਜਿਨ੍ਹਾਂ 'ਚ ਕੋਈ ਮਾਅਰਕਾ ਮਾਰੇਗਾ? ਪੰਜ ਸੱਤ ਨਹੀਂ, ਓਲੰਪਿਕ ਖੇਡਾਂ ਵਿਚ ਅਠਾਈ ਸਪੋਰਟਸ ਹਨ ਤੇ ਸੈਂਕੜੇ ਈਵੈਂਟਸ। ਭਾਰਤ ਕੋਲ ਕ੍ਰਿਕਟ ਲਈ ਤਾਂ ਅਰਬਾਂ ਖਰਬਾਂ ਰੁਪਏ ਹਨ, ਹੋਰਨਾਂ ਖੇਡਾਂ ਲਈ ਕਰੋੜਾਂ ਵੀ ਕਿਉਂ ਨਹੀਂ? ਇਹਦਾ ਕਾਰਨ ਕਿਤੇ ਕ੍ਰਿਕਟ ਦਾ ਲਾਰਡਾਂ ਦੀ ਮਹਿਬੂਬ ਖੇਡ ਤੇ ਅੰਡਰਵਰਲਡ ਦੇ ਵੈਲੀਆਂ ਦੀ ਰਖੇਲ ਹੋਣਾ ਤਾਂ ਨਹੀਂ?

---

# ਮਾਨਵੀ ਕਦਰਾਂ-ਕੀਮਤਾਂ ਦੇ ਸਰੋਕਾਰਾਂ ਦਾ ਸ਼ਾਇਰ ਮਲਵਿੰਦਰ

ਮਲਕੀਤ ਰਾਸੀ
ਫੋਨ: 84272-33744

ਪੰਜਾਬੀ ਕਵਿਤਾ ਹਰ ਦੌਰ ਅੰਦਰ ਹੱਕ-ਸੱਚ ਅਤੇ ਮਾਨਵਤਾ ਦੇ ਕਲਿਆਣ ਦੀ ਕਵਿਤਾ ਰਹੀ ਹੈ। ਏਸੇ ਲਈ ਪੰਜਾਬੀ ਕਵਿਤਾ ਦਾ ਤਖ਼ਤ ਨਸ਼ੀਨਾਂ ਅਤੇ ਲੋਟੂ ਧਿਰਾਂ ਨਾਲ ਕਦੇ ਬਰ ਮੇਚ ਨਹੀਂ ਆਇਆ। ਆਧੁਨਿਕ ਸਮੇਂ ਪੰਜਾਬੀ ਕਵਿਤਾ ਅੰਦਰ ਉੱਚ ਪਾਇ ਦੀ ਕਵਿਤਾ ਦੇ ਨਾਲ-ਨਾਲ ਪੁਰਸਕਾਰਾਂ ਅਤੇ ਅਹੁਦਿਆਂ ਨੂੰ ਪਰਨਾਈ ਕਵਿਤਾ ਵੀ ਪਨਪ ਰਹੀ ਹੈ। ਅਜਿਹੇ ਸਮੇਂ ਕਵਿਤਾ ਦੇ ਕਲਿਆਣਕਾਰੀ ਅਤੇ ਸੁਹਜਾਤਮਕ ਸੰਕਲਪਾਂ ਨੂੰ ਸਮਰਪਿਤ ਕਵੀਆਂ ਵਿਚ ਇਕ ਉੱਘਾ ਹਸਤਾਖ਼ਰ ਹੈ 'ਮਲਵਿੰਦਰ'।

'ਮਲਵਿੰਦਰ' ਜੀ ਇੱਕੀਵੀਂ ਸਦੀ ਦੇ ਪੰਜਾਬੀ ਕਵਿਤਾ ਦੀ ਪਹਿਲੀ ਪਾਲ ਦੇ ਕਵੀ ਹਨ। ਉਨ੍ਹਾਂ ਦੀ ਕਵਿਤਾ ਉਨ੍ਹਾਂ ਦੇ ਸੁਭਾਅ ਵਰਗੀ ਸਹਿਜਤਾ ਅਤੇ ਸੁਹਜਤਾ ਭਰਪੂਰ ਹੈ। ਉਨ੍ਹਾਂ ਦੀ ਕਵਿਤਾ ਅੰਦਰ ਕਵੀ, ਕਵਿਤਾ, ਨਿੱਜ, ਸਮੂਹ, ਕਲਪਨਾ, ਯਥਾਰਥ, ਧਰਤ, ਮਨੁੱਖ, ਲੋੜ, ਮੋਹ, ਚੇਤਨਾ, ਨਵੀਨਤਾ, ਦੇਸ਼ ਭਗਤੀ, ਸਾਹਿਤਕਾਰ ਦੀ ਹਸਤੀ, ਮਾਂ ਦਾ ਮੋਹ, ਪੱਛਮੀ ਪ੍ਰਭਾਵ ਦੇ ਦਿਹਾੜੇ, ਹਮਸਫ਼ਰ, ਪਰਵਾਸੀ ਮਜ਼ਦੂਰ, ਹੋਸਟਲਾਂ ਦੇ ਜੀਵਨ, ਭੁੱਖਮਰੀ ਆਦਿਕ ਬਾਰੇ ਬਿਲਕੁਲ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਗੱਲ ਹੋਈ ਹੈ।

ਵਿਸ਼ਿਆਂ ਦੀ ਚੋਣ ਪੱਖੋਂ ਉਨ੍ਹਾਂ ਅੰਦਰ ਇਕ ਸੰਵੇਦਨਸ਼ੀਲ ਮਨੁੱਖ ਅਤੇ ਯੁੱਗ ਚਿੰਤਕ ਦਾ ਝਲਕਾਰਾ ਪੈਂਦਾ ਹੈ। ਨਿਭਾਅ ਪੱਖੋਂ ਉਹ ਪ੍ਰੌੜ ਕਵੀ ਅਤੇ ਦਾਰਸ਼ਨਿਕ ਦੀ ਹਸਤੀ ਵਜੋਂ ਸਾਕਾਰ ਹੁੰਦੇ ਹਨ। ਉਹ ਪੂਰਬਕਾਲ ਅਤੇ ਸਮਕਾਲ ਨੂੰ ਸਮਾਂਤਰ ਲੈ ਕੇ ਚੱਲਣ ਵਾਲੇ ਕਵੀ ਹਨ। ਉਹ ਖੰਡਨ-ਮੰਡਨ ਅਤੇ ਸਵੀਕਾਰਨ-ਕਬੂਲਣ ਵਾਲੇ ਸਿਧਾਂਤਾਂ ਦੇ ਸਾਵੇਂ ਹਮਾਇਤੀ ਹਨ। ਉਨ੍ਹਾਂ ਦੀ ਕਵਿਤਾ ਤਰਕਮੂਲਕ ਵੀ ਹੈ ਤੇ ਰਹੱਸਾਤਮਕ ਵੀ।

ਹੁਣ ਤੱਕ 'ਮਲਵਿੰਦਰ' ਜੀ ਦੇ ਅੱਠ ਕਾਵਿ-ਸੰਗ੍ਰਿਹ ਛਪ ਚੁੱਕੇ ਹਨ। ਇਨ੍ਹਾਂ ਵਿਚੋਂ 'ਚਿੜੀਆਂ ਦਾ ਪਿੰਡ' ਹਾਇਕੂ ਅਤੇ 'ਫੁੱਲਝੜੀ' ਬਾਲ-ਕਵਿਤਾ ਦੇ ਸੰਗ੍ਰਿਹ ਹਨ। ਉਨ੍ਹਾਂ ਦਾ ਪਲੇਠਾ ਕਾਵਿ-ਸੰਗ੍ਰਿਹ 'ਗ਼ੈਰਹਾਜ਼ਰ ਪੈੜਾਂ ਦੀ ਕਥਾ' ਸੀ ਜੋ ਪਹਿਲੀ ਵਾਰ 2002 ਵਿਚ ਛਪਿਆ। ਇਸ ਕਿਤਾਬ ਨਾਲ ਪੰਜਾਬੀ ਕਾਵਿ-ਜਗਤ ਵਿਚ ਅਜਿਹੀ ਕਵਿਤਾ ਪ੍ਰਵੇਸ਼ ਹੋਈ ਜੋ ਇਨਕਲਾਬ, ਅਖੌਤੀ ਸਾਹਿਤਕ ਧੜੇਬੰਦੀ, ਰਸਮੀ ਦੇਸ਼ ਭਗਤੀ, ਦਿਖਾਵੇਬਾਜ਼ੀ ਅਤੇ ਪਦਾਰਥਵਾਦੀ ਭੁੱਖ ਜਿਹੇ ਗੰਭੀਰ ਵਿਸ਼ਿਆਂ ਨੂੰ ਬੜੀ ਸਹਿਜਤਾ ਅਤੇ ਕੋਮਲਤਾ ਨਾਲ ਪੇਸ਼ ਕਰਦੀ ਹੈ। ਇਸ ਪਿੱਛੋਂ ਉਨ੍ਹਾਂ ਦੇ ਕਾਵਿ ਸੰਗ੍ਰਿਹ 'ਕਾਇਆ ਦੇ ਹਰਫ਼', 'ਬਿਨ ਸਿਰਲੇਖ', 'ਸਵਾਲ ਨਾ ਕਰ', 'ਸੁਪਨਿਆਂ ਦਾ ਪਿੱਛਾ ਕਰਦਿਆਂ' ਅਤੇ 'ਚੁੱਪ ਦੇ ਬਹਾਨੇ' ਕਾਵਿ-ਸੰਗ੍ਰਿਹ ਛਪੇ। ਉਨ੍ਹਾਂ ਦੀਆਂ ਇਨ੍ਹਾਂ ਕਾਵਿ-ਪੁਸਤਕਾਂ ਨੇ ਪੰਜਾਬੀ ਕਵਿਤਾ ਦੇ ਪਾਠਕਾਂ ਨੂੰ ਅਜਿਹੀ ਕਵਿਤਾ ਦੇ ਰੂਬਰੂ ਕਰਵਾਇਆ ਜੋ ਆਪਣੀ ਸਹਿਜ ਤੋਰ ਤੁਰਦੀ ਇਕ ਨੁਕਤੇ ਦੁਆਲੇ ਘੁੰਮਦੀ ਹੋਈ ਬੌਧਿਕ ਅਤੇ ਕਲਾਮਈ ਕਲਾਵੇ ਸਿਰਜਦੀ ਹੈ। ਇਨ੍ਹਾਂ ਕਲਾਵਿਆਂ ਅੰਦਰੋਂ ਕਵਿਤਾ ਦਾ ਪਾਠਕ ਚੇਤਨਾ ਭਰਪੂਰ ਅਤੇ ਆਨੰਦਿਤ ਹੋ ਕੇ ਬਾਹਰ ਨਿਕਲਦਾ ਹੈ। ਅਜਿਹੀ ਕਵਿਤਾ ਦੀਆਂ ਕੁਝ ਸਤਰਾਂ ਵੇਖੋ:-

"ਨਾ ਅਸੀਂ ਬਣ ਸਕੇ ਘਰ ਦੀ ਗ਼ੁਰਬਤ ਖ਼ਿਲਾਫ਼ ਜਹਾਦ
ਤੇ ਨਾ ਸਾਡੇ ਹਿੱਸੇ ਆਇਆ ਲੋਕ-ਗੀਤ ਬਣਨਾ"।

'ਮਲਵਿੰਦਰ' ਜੀ ਦੀ ਕਵਿਤਾ ਭਾਰੀ-ਭਰਕਮ ਜਾਂ ਔਖੀ ਸ਼ਬਦਾਵਲੀ ਅਤੇ ਪ੍ਰਤੀਕਾਂ ਤੋਂ ਮੁਕਤ ਕਵਿਤਾ ਹੈ। ਉਹ ਹਲਕੇ ਪੱਧਰ ਦੀ ਕਾਵਿ-ਭਾਸ਼ਾ ਅਤੇ ਸ਼ਬਦ ਚਮਤਕਾਰ ਵਰਤ ਕੇ ਵਕਤੀ ਸ਼ੋਹਰਤ ਖੱਟਣ ਦਾ ਚਾਹਵਾਨ ਨਹੀਂ ਹੈ। ਉਨ੍ਹਾਂ ਦੀ ਕਵਿਤਾ ਅੰਦਰ ਛਿਣ, ਸਮਕਾਲ ਅਤੇ ਸਰਬਕਾਲ ਦਾ ਸੁਮੇਲ ਹੈ। ਕਵਿਤਾ ਅੰਦਰਲੇ ਮੋਟਿਫ਼ ਅਤੇ ਕਲਾਂ-ਜੁਗਤਾਂ ਅਜਿਹੇ ਸੌਖੇ ਸੰਵਾਦ ਰਚਾਉਂਦੇ ਹਨ ਜੋ ਸਧਾਰਨੀਕਰਨ ਦੇ ਸੰਕਲਪ ਉੱਪਰ ਪੂਰੇ ਖ਼ਰੇ ਉੱਤਰਦੇ ਹਨ। ਉਨ੍ਹਾਂ ਦੀ ਕਵਿਤਾ ਕਿਸੇ ਵਾਦ ਦੀ ਵਲਗਣ ਦਰਮਿਆਨ ਨਹੀਂ ਬੱਝਦੀ ਸਗੋਂ ਆਵੇਸ਼ਾਂ ਅਤੇ ਭਾਵਾਂ ਦੀ ਖੁੱਲ੍ਹੀ ਉਡਾਣ ਭਰਦੀ ਹੈ। ਕਵਿਤਾ ਪੜ੍ਹਦਿਆਂ ਇਵੇਂ ਲੱਗਦਾ ਹੈ ਜਿਵੇਂ ਸਿਆਲ ਦੀ ਮਿੱਠੀ ਰਾਤੇ ਕਿਸੇ ਪਿਆਰੇ ਸੰਗ ਸੈਰ ਕਰਦਿਆਂ ਗੱਲਾਂ ਕਰਦੇ ਹੋਈਏ ਅਤੇ ਰਸਮਈ ਮਾਹੌਲ ਵਿਚ ਗੜੁੱਚ ਸਮੇਂ-ਸਥਾਨ ਦੀ ਹੱਦਬੰਦੀ ਤੋਂ ਪਾਰ ਜਾ ਪਹੁੰਚੀਏ। ਅਜਿਹੀ ਕਵਿਤਾ ਦੀਆਂ ਕੁਝ ਉਦਾਹਰਨਾਂ ਵੇਖੋ:-



"ਤੂੰ ਉਹਲਾ ਸਿਰਜ
ਮੈਂ ਸੇਜ ਸਿਰਜਦੀ ਹਾਂ
ਕਾਵਿਕ ਤਰਲਤਾ
ਦੋਵੇਂ ਰਲ ਕੇ ਸਿਰਜਾਂਗੇ"।

"ਖੜਕੇ ਨੇ ਬਰਤਨ
ਕੰਬਿਆ ਹੈ ਸੁਹਜ
ਘਰ ਦੀ ਸ਼ਾਂਤੀ 'ਚ
ਦੁਬਕੀ ਬੈਠੀ ਪਹਿਚਾਣ ਤੜਪੀ ਹੈ"।

"ਦਲਾਲੀ ਦੇ ਕੁਹਜ ਚ ਡੁੱਬੇ
ਸੂਰਜ ਨਹੀਂ ਹੁੰਦੇ
ਨਾ ਹੀ ਚੰਨ
ਸਾਹਾਂ ਦੀ ਆਵਾਜਾਈ ਲਈ
ਜੁਗਾੜ ਜੁਟਾਉਂਦੇ
ਹੋਛੇ ਜਿਹੇ ਛਿਣ ਹੁੰਦੇ ਹਨ"

ਮਲਵਿੰਦਰ ਜੀ ਦੀ ਸ਼ਾਇਰੀ ਚਿੰਤਨਸ਼ੀਲਤਾ ਦੇ ਨਾਲ ਭੈੜੀਆਂ ਅਲਾਮਤਾਂ, ਨਿਘਾਰਾਂ ਨੂੰ ਵੰਗਾਰਦੀ ਅਤੇ ਜਨ-ਮਾਨਸ ਨੂੰ ਇਨ੍ਹਾਂ ਤੋਂ ਬਚਾਅ ਲਈ ਹੋੜਦੀ ਵੀ ਹੈ। ਉਨ੍ਹਾਂ ਦੀ ਕਵਿਤਾ ਮਲੀਨਤਾ ਦੇ ਪੱਧਰ ਤੱਕ ਡਿੱਗ ਚੁੱਕੀ ਭਾਰਤੀ ਰਾਜਨੀਤੀ ਅਤੇ ਸਿਆਸਤਦਾਨਾਂ ਦੇ ਘਟੀਆ ਆਚਰਣਾਂ, ਨੌਜਵਾਨ ਪੀੜ੍ਹੀ ਦੇ ਅੱਖਾਂ ਮੀਚ ਕੇ ਪੱਛਮੀਕਰਨ ਦੀ ਰਾਹੇ ਤੁਰਨ, ਸਰਮਾਇਦਾਰੀ ਦੀ ਵਹਿਸ਼ਿਆਨਾ ਭੁੱਖ ਅਤੇ ਸੰਪਰਦਾਇਕਤਾ ਜਿਹੇ ਅਹਿਮ ਮੁੱਦਿਆਂ ਨੂੰ ਵੰਗਾਰਦੀ ਹੈ।

"ਚੋਣ-ਨਿਸ਼ਾਨ ਪਛਾਣਨ ਜੋਗੀ ਦ੍ਰਿਸ਼ਟੀ
ਤ੍ਰੋਟ ਬਣ ਵਿਕਣ ਜੋਗੀ ਸੂਝ
ਗ਼ੁਰਬਤ ਨੂੰ ਪਿਛਲੇ ਜਨਮਾਂ ਦਾ
ਕਰਮ ਸਵੀਕਾਰਨ ਜੋਗੀ ਧਾਰਮਿਕਤਾ
ਜਾਤ ਨੂੰ ਜਨਮੋਂ ਬਖ਼ਸ਼ੀ ਦਾਤ ਮੰਨ ਲੈਣ ਦੀ ਹਲੀਮੀ
ਤੇ ਹੋਰ ਅਜਿਹਾ ਸਭ ਕੁਝ
ਸਰਮਾਇਦਾਰੀ ਦੇ ਮੇਚ ਆਉਂਦਾ"।

ਮਲਵਿੰਦਰ ਜੀ ਦੀ ਕਵਿਤਾ ਭੁੱਖ ਨੂੰ ਰਜੇਵਾਂ, ਨੰਗੇਜ਼ ਨੂੰ ਕੱਜਣ, ਨੰਗੇ ਸਿਰ ਨੂੰ ਛੱਤ ਤੇ ਸਰਪ੍ਰਸਤੀ ਦੇਣ ਦੀ ਇੱਛੁਕ ਹੈ। ਉਨ੍ਹਾਂ ਦੀ ਕਵਿਤਾ ਡਾ. ਹਰਿਭਜਨ ਸਿੰਘ ਜੀ ਦੇ ਕਥਨ "ਯੁੱਧ ਦੇ ਮੁਕਾਬਲੇ ਗ੍ਰੰਥ ਅਕਾਲ ਹੈ" ਉੱਪਰ ਪਹਿਰਾ ਦਿੰਦੀ ਹੈ। ਉਨ੍ਹਾਂ ਦੀ ਕਵਿਤਾ ਝਗੜਿਆਂ ਨੂੰ ਤਿਆਗਣ ਅਤੇ ਸੁਲਾਹਕੁਲ ਨੀਤੀਆਂ ਅਪਣਾਉਣ ਦੀ ਪੈਰਵਾਈ ਕਰਦੀ ਹੈ। ਉਨ੍ਹਾਂ ਦੀ ਕਵਿਤਾ ਅਜਿਹੇ ਆਦਰਸ਼ਵਾਦੀ ਅਤੇ ਯਤਨਸ਼ੀਲ ਮਨੁੱਖ ਦੀ ਕਾਮਨਾ ਕਰਦੀ ਹੈ ਜੋ ਨੇਕ ਦਿਲ ਅਤੇ ਰੌਸ਼ਨ ਦਿਮਾਗ ਹੋਵੇ। ਉਨ੍ਹਾਂ ਦੀ ਕਵਿਤਾ ਅਜਿਹੇ ਵਿਚਾਰਧਾਰਾ ਦੇ ਮਹਿਜ਼ ਸੁਪਨੇ ਈ ਨਹੀਂ ਲੈਂਦੀ ਬਲਕਿ ਪੂਰਤੀ ਲਈ ਰਾਹ ਵੀ ਸੁਝਾਉਂਦੀ ਹੈ:-

"ਦੇਸ਼
ਗੁਆਂਢੀ ਹੋਣ, ਦੋਸਤ ਹੋਣ
ਖ਼ੁਸ਼ਬੋਆਂ ਦਾ ਵਪਾਰ ਕਰਨ
ਸਾਂਝਾ ਦਾ ਕਾਰੋਬਾਰ ਕਰਨ
ਗੱਲਵੱਕੜੀ ਦਾ ਨਿੱਘ ਹੋਣ
ਦੁਸ਼ਮਣ ਨਾ ਹੋਣ"।

ਉਨ੍ਹਾਂ ਦੀ ਲੰਮੀ ਕਵਿਤਾ ਦੀ ਕਿਤਾਬ "ਚੁੱਪ ਦੇ ਬਹਾਨੇ", ਉਨ੍ਹਾਂ ਦੀ ਕਵਿਤਾ ਦਾ ਮੀਲ ਪੱਥਰ ਹੈ। 'ਚੁੱਪ' ਬਾਰੇ ਏਨਾ ਵਿਸਥਾਰਮਈ ਅਤੇ ਵਿਸਮਾਦੀ ਵਿਵਰਣ ਉਨ੍ਹਾਂ ਦੀ ਸਰੇਸ਼ਟ ਕਾਵਿ-ਪ੍ਰਤਿਭਾ ਦਾ ਪ੍ਰਮਾਣ ਹੈ। ਇਸ ਕਿਤਾਬ ਅੰਦਰ ਚੁੱਪ ਨੂੰ ਏਨੀ ਵਿਆਪਕਤਾ ਅਤੇ ਪ੍ਰਬੀਣਤਾ ਨਾਲ ਪੇਸ਼ ਕੀਤਾ ਕੀਤਾ ਗਿਆ ਹੈ ਕਿ ਕਵਿਤਾ ਨੂੰ ਪੜ੍ਹ ਕੇ ਇਵੇਂ ਲਗਦਾ ਹੈ ਜਿਵੇਂ ਪੂਰਾ ਬ੍ਰਹਿਮੰਡ ਹੀ ਚੁੱਪ ਦੀ ਗਲਵੱਕੜੀ ਵਿਚ ਆ ਗਿਆ ਹੋਵੇ। ਰੂਸੀ ਵਿਦਵਾਨ 'ਜੈਕਬਸਨ' ਅਨੁਸਾਰ "ਕਵੀ ਦੀ ਪ੍ਰਤਿਭਾ ਭਾਸ਼ਾ ਨੂੰ ਵਰਤਣ ਦੀ ਕੁਸ਼ਲਤਾ ਵਿਚ ਹੋਣੀ ਚਾਹੀਦੀ ਹੈ"। ਇਸ ਕਿਤਾਬ ਵਿਚਲੀ ਭਾਸ਼ਾ ਏਨੀ ਸਮਰੱਥ ਹੈ ਕਿ ਉਹ ਚੁੱਪ ਦੇ ਰੂਪਾਕਾਰ ਅੰਦਰ ਜੀਵਨ ਦੀ ਵਾਸਤਵਿਕਤਾ ਨੂੰ ਸਿਰਜਦੀ ਹੋਈ ਵੀ ਕਲਾਤਮਕਤਾ ਬਰਕਰਾਰ ਰੱਖਦੀ ਹੈ।

'ਮਲਵਿੰਦਰ' ਜੀ ਕਿਤਾਬਾਂ ਦੇ ਮੁੱਖ-ਬੰਦ ਵਿਚ ਸਵੈ-ਕਥਨ ਬਾਰੇ ਲਿਖਦੇ ਹਨ ਕਿ "ਇਸ ਵਿਚ ਲੇਖਕ ਜਾਂ ਕਵੀ ਆਪਣੇ ਬਾਰੇ ਜਾਣਕਾਰੀ ਸਾਂਝੀ ਕਰਦਾ ਹੈ। ਕਿਤਾਬ ਦੀ ਵਿਧਾ ਅਤੇ ਵਿਸ਼ਾ ਕੀ ਹੈ, ਇਹ ਕਿਉਂ ਤੇ ਕਦੋਂ ਲਿਖੀ ਅਤੇ ਕਿਤਾਬ ਲਿਖਣ ਦੀ ਲੋੜ ਕਿਉਂ ਪਈ ਬਾਰੇ ਵੀ ਗੱਲ ਕਰਦਾ ਹੈ। ਪੁਸਤਕ ਸਿਰਜਣ ਪ੍ਰਕਿਰਿਆ ਦੌਰਾਨ ਆਈਆਂ ਦੁਸ਼ਵਾਰੀਆਂ ਅਤੇ ਕੀਤੇ ਸੰਘਰਸ਼ ਨੂੰ ਵੀ ਪਾਠਕਾਂ ਸੰਗ ਸਾਂਝਾ ਕਰਦਾ ਹੈ"। ਉਨ੍ਹਾਂ ਦੀਆਂ ਉਪਰੋਕਤ ਸਤਰਾਂ ਤੋਂ ਸੁਭਾਵਿਕ ਇਹ ਕਿਆਸ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਹਰ ਕਵਿਤਾ ਦੇ ਜਨਮ ਪਿੱਛੇ ਉਨ੍ਹਾਂ ਦੀ ਮਨੋਦਸ਼ਾ ਨੇ ਕਿੰਨੀਆਂ ਪ੍ਰਸੂਤਾ ਜਿਹੀਆਂ ਪੀੜਾਂ ਜਰੀਆਂ ਹੋਣਗੀਆਂ। ਤਾਂ ਹੀ ਉਨ੍ਹਾਂ ਦੀਆਂ ਨਜ਼ਮਾਂ ਅੰਦਰ ਜਨਹਿੱਤ ਦੀਆਂ ਤਲਖ਼ੀਆਂ ਅਤੇ ਸੰਵੇਦਨਾਵਾਂ ਏਨੀਆਂ ਗਹਿਰੀਆਂ ਹਨ।

ਉਹ ਕਵਿਤਾ ਲਿਖਦੇ ਈ ਨਹੀਂ ਬਲਕਿ ਹੰਢਾਉਂਦੇ ਵੀ ਹਨ। ਇਸੇ ਸਦਕਾ ਉਨ੍ਹਾਂ ਦੀਆਂ ਕਵਿਤਾਵਾਂ ਦੇ ਕਿਸੇ ਵੀ ਵਿਸ਼ੇ ਵਿਚੋਂ ਓਪਰਾਪਨ ਨਹੀਂ ਝਲਕਦਾ। ਉਨ੍ਹਾਂ ਦੀ ਕਵਿਤਾ ਬਾਰੇ ਡਾ. ਮੋਹਨਜੀਤ ਜੀ ਦਾ ਕਥਨ "ਮਲਵਿੰਦਰ ਨੇ ਜੀਵਨ ਵਿਹਾਰ ਨੂੰ ਕਾਵਿ-ਵਿਹਾਰ ਬਣਾ ਲਿਆ ਹੈ", ਉਨ੍ਹਾਂ ਦੀਆਂ ਕਵਿਤਾਵਾਂ ਦੇ ਯਥਾਰਥ ਵਿਚੋਂ ਵਿਗਸਣ ਦਾ ਪ੍ਰਮਾਣ ਹੈ। ਅੰਤ ਵਿਚ ਇਹੀ ਕਾਮਨਾ ਕਰਦੇ ਹਾਂ ਕਿ ਉਹ ਆਪਣੀ ਅਨੁਭਵੀ ਅਤੇ ਇਕਾਗਰਤਾ ਨਾਲ ਲਬਰੇਜ਼ ਖ਼ੂਬਸੂਰਤ ਸ਼ਾਇਰੀ ਸੰਗ ਪੰਜਾਬੀ ਕਵਿਤਾ ਦੇ ਪਾਠਕਾਂ ਨੂੰ ਇਉਂ ਹੀ ਲਬਰੇਜ਼ ਕਰਦੇ ਰਹਿਣ।

# ਜ਼ਿੰਦਗੀ ਦੀ ਜੰਗ ਲੜ ਰਹੇ ਸ਼ਰਨਾਰਥੀ ਅਤੇ ਪ੍ਰਵਾਸੀ

ਦੁਨੀਆ ਭਰ ਵਿਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਘਰੋਂ ਬੇਘਰ ਹੋਣ ਕਾਰਨ ਸ਼ਰਨਾਰਥੀਆਂ ਨੂੰ ਅੰਤਾਂ ਦੇ ਦੁੱਖ ਝੱਲਣੇ ਪੈਂਦੇ ਹਨ। ਪ੍ਰਵਾਸੀਆਂ, ਸ਼ਰਨਾਰਥੀਆਂ ਦੀਆਂ ਭਾਰੀ ਗਿਣਤੀ ਵਿਚ ਹੋ ਰਹੀਆਂ ਮੌਤਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕੀਤਾ ਹੋਇਆ ਹੈ।

ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰਨ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਵਿਸ਼ਵ ਪੱਧਰੀ ਜੰਗਾਂ, ਅੰਦਰੂਨੀ ਟਕਰਾਅ, ਸੋਕਾ, ਹੜ੍ਹ, ਅਸੁਰੱਖਿਆ, ਗਰੀਬੀ, ਜ਼ਬਰਨ ਘਰੋਂ ਬੇਘਰ ਕੀਤੇ ਜਾਣਾ ਸ਼ਰਨਾਰਥ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਅਤੇ ਪ੍ਰਵਾਸ ਦੀਆਂ ਜੜ੍ਹਾਂ ਹਨ। ਇਸ ਸਮੇਂ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਗੰਭੀਰ ਟਕਰਾਅ ਚੱਲ ਰਹੇ ਹਨ। ਵੱਡੀ ਗਿਣਤੀ ਵਿਚ ਮਾਸੂਮ, ਬੇਦੋਸ਼ੇ ਮਰ ਰਹੇ ਹਨ। ਖਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

ਇਕ ਰਿਪੋਰਟ ਅਨੁਸਾਰ ਸਾਲ 2021 ਦੇ ਆਖਰੀ ਅੰਕੜਿਆਂ ਦੇ ਮੁਕਾਬਲੇ 2022 ਵਿਚ ਸ਼ਰਨਾਰਥੀਆਂ ਦੀ ਗਿਣਤੀ 1.9 ਕਰੋੜ ਤੋਂ ਜ਼ਿਆਦਾ ਹੋ ਗਈ। ਦੁਨੀਆ ਭਰ ਵਿਚ ਘਰੋਂ ਬੇਘਰ ਹੋਏ ਕੁੱਲ 10.84 ਕਰੋੜ ਲੋਕਾਂ ਵਿਚੋਂ 3.53 ਕਰੋੜ ਸ਼ਰਨਾਰਥੀ ਹਨ, ਜੋ ਜੀਵਨ ਸੁਰੱਖਿਆ ਲਈ ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰ ਗਏ। ਪਿਛਲੇ ਸਾਲ 2022 ਵਿਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਯੂਕਰੇਨ ਦੀ ਲੜਾਈ ਰਹੀ। ਹੁਣ ਫਲਸਤੀਨ ਅਤੇ ਇਜ਼ਰਾਈਲ ਕਾਰਨ ਹਜ਼ਾਰਾਂ ਲੋਕ ਤਬਾਹ ਹੋ ਰਹੇ ਹਨ, ਘਰ ਛੱਡ ਰਹੇ ਹਨ, ਪੀੜਤ ਹੋ ਰਹੇ ਹਨ ਅਤੇ ਵੱਡਾ ਦਰਦ ਹੰਢਾ ਰਹੇ ਹਨ। ਸਾਲ 2022 ਦੇ ਅਖੀਰ ਤੱਕ 1.6 ਕਰੋੜ ਯੂਕਰੇਨੀਆਂ ਨੂੰ ਆਪਣੇ ਘਰ ਛੱਡ ਕੇ ਹੋਰ ਥਾਵਾਂ 'ਤੇ ਪਨਾਹ ਲੈਣੀ ਪਈ, ਇਨ੍ਹਾਂ ਵਿਚ 59 ਲੱਖ ਆਪਣੇ ਦੇਸ਼ ਅੰਦਰ ਅਤੇ 57 ਲੱਖ ਗੁਆਂਢੀ ਦੇਸ਼ਾਂ ਵੱਲ ਤੁਰ ਗਏ।

ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਇਥੋਪੀਆ ਅਤੇ ਮੀਆਂਮਾਰ ਵਿਚੋਂ 10 ਲੱਖ ਤੋਂ ਵੱਧ ਲੋਕ, ਦੇਸ਼ ਦੇ ਆਪਸੀ ਸੰਘਰਸ਼ਾਂ ਕਾਰਨ ਘਰੋਂ ਬੇਘਰ ਹੋਏ। ਸੂਡਾਨ ਦੇ 11 ਕਰੋੜ ਲੋਕਾਂ ਨੂੰ ਘਰ ਛੱਡਣੇ ਪਏ।

ਜੰਗ ਤੋਂ ਬਿਨਾਂ ਕੁਦਰਤੀ ਆਫਤਾਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਹਨ, ਉਨ੍ਹਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ, ਉਨ੍ਹਾਂ ਦੇ ਘਰ ਤਬਾਹ ਕਰਦੀਆਂ ਹਨ, ਉਨ੍ਹਾਂ ਨੂੰ ਘਰ ਛੱਡਣ ਨੂੰ ਮਜਬੂਰ ਕਰਦੀਆਂ ਹਨ, ਕੁਦਰਤੀ ਆਫਤਾਂ ਕਾਰਨ ਬੇਘਰ ਹੋਣ ਵਾਲਿਆਂ ਦੀ ਗਿਣਤੀ 3.26 ਕਰੋੜ ਰਹੀ ਅਤੇ ਸਾਲ ਦੇ ਅੰਤ ਤੱਕ ਪੱਕੇ ਤੌਰ 'ਤੇ ਲਗਭਗ 87 ਲੱਖ ਲੋਕਾਂ ਦੇ ਘਰ ਤਬਾਹ ਹੋ ਗਏ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ 90 ਫੀਸਦੀ ਆਬਾਦੀ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲੋਕਾਂ ਦੀ ਹੈ। ਇਨ੍ਹਾਂ ਲੋਕਾਂ ਦੀ ਬਾਂਹ ਵੀ ਗਰੀਬ ਦੇਸ਼ਾਂ ਨੇ ਹੀ ਫੜੀ। ਲਗਭਗ 76 ਫੀਸਦੀ ਸ਼ਰਨਾਰਥੀਆਂ ਨੇ ਇਨ੍ਹਾਂ ਦੇਸ਼ਾਂ ਵਿਚ ਹੀ ਸ਼ਰਨ ਲਈ। ਪਰ ਇਨ੍ਹਾਂ ਦੇਸ਼ਾਂ ਵਿਚ ਰਹਿ ਕੇ ਉਨ੍ਹਾਂ ਨੂੰ ਨਾ ਸਿਹਤ ਸਹੂਲਤਾਂ ਮਿਲੀਆਂ, ਨਾ ਹੀ ਉਨ੍ਹਾਂ ਦੀ ਸਿਖਿਆ ਦਾ ਕੋਈ ਪ੍ਰਬੰਧ ਹੋਇਆ, ਨਾ ਰੁਜ਼ਗਾਰ ਮਿਲਿਆ ਅਤੇ ਇਹ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਅਤਿ ਤਰਸਯੋਗ ਹਾਲਾਤ ਵਿਚ ਰਹਿਣ ਲਈ ਮਜਬੂਰ ਹੋ ਗਏ। ਅਮੀਰ ਦੇਸ਼ਾਂ ਨੇ ਇਨ੍ਹਾਂ ਸ਼ਰਨਾਰਥੀਆਂ ਦੀ ਬਾਂਹ ਨਹੀਂ ਫੜੀ। ਇਥੇ ਕਿਸੇ ਨਾ ਕਿਸੇ ਕਾਰਨ ਪ੍ਰਵਾਸ ਹੰਢਾਉਣ ਲਈ ਸਰਹੱਦਾਂ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਤ ਦੇ ਮੂੰਹ ਵਿਚ ਜਾਣਾ ਪਿਆ। ਉਹ ਏਜੰਟਾਂ ਦੇ ਹੱਥੀਂ ਚੜ੍ਹੇ ਜਾਂ ਨਿੱਜੀ ਕੋਸ਼ਿਸ਼ਾਂ ਨਾਲ ਸਰਹੱਦਾਂ ਪਾਰ ਕਰਦੇ ਆਪਣੀ ਜਾਨ ਜੋਖ਼ਮ ਵਿਚ ਪਾਉਂਦੇ ਰਹੇ।

ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ (ਆਈ.ਓ.ਐਮ) ਦੇ ਇਕ ਅੰਦਾਜ਼ੇ ਮੁਤਾਬਕ ਸਾਲ 2014 ਤੋਂ ਬਾਅਦ ਅਮਰੀਕਾ ਤੇ ਯੂਰਪ ਸੰਘ ਦੇ ਦੇਸ਼ਾਂ ਵਿਚ ਪਹੁੰਚਣ ਦੇ ਚਾਹਵਾਨ 50 ਹਜ਼ਾਰ ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਜੰਗਲਾਂ, ਸਮੁੰਦਰਾਂ ਵਿਚ ਲਾਪਤਾ ਹੋ ਚੁੱਕੇ ਹਨ। ਅਮਰੀਕਾ-ਮੈਕਸੀਕੋ ਸਰਹੱਦ 'ਤੇ ਮਨੁੱਖੀ ਤਸਕਰ ਸਰਹੱਦ ਪਾਰ ਕਰਾਉਂਦੇ ਹਨ ਅਤੇ ਇੰਜ ਕਰਦਿਆਂ ਕਰਾਉਂਦਿਆਂ 3000 ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਮੈਕਸੀਕੋ ਸਰਹੱਦਾਂ 'ਤੇ ਜਾਂ ਮੈਕਸੀਕੋ ਦੇ ਜੰਗਲਾਂ ਵਿਚ ਮਾਰੇ ਜਾ ਚੁੱਕੇ ਹਨ।

ਭਾਰਤ ਵਿਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਵਿਕਾਸ ਦੀਆਂ ਪ੍ਰਯੋਜਨਾਵਾਂ ਹਨ। ਕੇਂਦਰ ਅਤੇ ਸੂਬਾ ਸਰਕਾਰ ਵੱਡੇ-ਵੱਡੇ ਹਾਈਵੇਅ, ਦਰਿਆ 'ਤੇ ਬੰਨ, ਬਿਜਲੀ ਪੈਦਾ ਕਰਨ ਲਈ ਡੈਮ ਆਦਿ ਉਸਾਰੀ 'ਤੇ ਜ਼ੋਰ ਦਿੰਦੀਆਂ ਹਨ। ਖਣਨ ਦੀਆਂ ਯੋਜਨਾਵਾਂ ਵੀ ਲੋਕਾਂ ਨੂੰ ਆਪਣੇ ਘਰ ਛੱਡਣ 'ਤੇ ਮਜਬੂਰ ਕਰਦੀਆਂ ਹਨ।

ਇਨ੍ਹਾਂ ਯੋਜਨਾਵਾਂ ਦੇ ਚਲਦਿਆਂ ਦੇਸ਼ ਭਰ ਦੇ ਕੁੱਲ ਪੇਂਡੂ ਖੇਤਰਾਂ ਦੇ 10 ਫੀਸਦੀ ਲੋਕ ਪ੍ਰਭਾਵਿਤ ਹੋ ਰਹੇ ਹਨ। ਉਨ੍ਹਾਂ ਦੀਆਂ ਜ਼ਮੀਨਾਂ, ਘਰ ਇਨ੍ਹਾਂ ਪ੍ਰਯੋਜਨਾਵਾਂ ਦੀ ਭੇਟ ਚੜ੍ਹ ਰਹੇ ਹਨ। ਵੱਡੀ ਗਿਣਤੀ ਦੇਸ਼ ਦੇ ਜਨਜਾਤੀ ਕਬੀਲਿਆਂ ਨੂੰ ਆਪਣੇ ਮੂਲ ਥਾਵਾਂ ਤੋਂ ਪਲਾਇਨ ਕਰਨਾ ਪਿਆ ਹੈ। ਇਸ ਨਾਲ ਵਾਤਾਵਰਨ ਦਾ ਬੇਤਹਾਸ਼ਾ ਵਿਨਾਸ਼ ਹੋ ਰਿਹਾ ਹੈ।



ਆਦਿਵਾਸੀਆਂ ਦਾ ਜੀਵਨ ਅਤੇ ਉਪਜੀਵਕਾ ਜੰਗਲ ਦੀ ਸੰਸਕ੍ਰਿਤੀ 'ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਜੰਗਲਾਂ, ਕਬੀਲਿਆਂ ਦੀ ਸੁਰੱਖਿਆ ਦਾ ਕਾਨੂੰਨ "ਓਪਨ ਨਿਵੇਸ਼ ਭੂਮੀ ਅਧਿਗ੍ਰਹਿਣ ਅਧਿਨਿਯਮ 1894" ਦਾ ਕਾਨੂੰਨ ਬਣਿਆ ਹੈ ਪਰ ਉਹ ਵੀ ਵਿਕਾਸ ਦੀ ਅੰਧਾ-ਧੁੰਦ ਦੌੜ ਦੀ ਭੇਟ ਚੜ੍ਹ ਚੁੱਕਾ ਹੈ। ਦਲਿਤ, ਪਛੜੇ ਅਤੇ ਆਦਿ ਵਾਸੀਆਂ ਦੇ ਆਪਣੇ ਮੂਲ ਰਵਾਇਤੀ ਢਿੱਡ ਭਰਨ ਦੇ ਢੰਗ ਤਰੀਕੇ ਇਨ੍ਹਾਂ ਪ੍ਰਯੋਜਨਾਵਾਂ ਨੇ ਖ਼ਤਮ ਕਰ ਦਿੱਤੇ ਹਨ ਅਤੇ ਇਨ੍ਹਾਂ ਜਨਜਾਤੀ ਦੇ ਲੋਕਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਗਈ ਹੈ।

ਦੇਸ਼ ਭਾਰਤ ਵਿਚ ਕਈ ਥਾਵਾਂ ਉਤੇ ਆਪਸੀ ਸੰਘਰਸ਼ ਅਤੇ ਹਿੰਸਾ ਨਾਲ ਭਗਦੜ ਮੱਚੀ ਹੈ। ਸੂਬਾ ਮਨੀਪੁਰ ਇਸਦੀ ਉਦਾਹਰਨ ਹੈ। ਕੁਝ ਲੋਕ ਗਰੀਬੀ ਤੋਂ ਤੰਗ ਆ ਕੇ ਬਿਹਤਰ ਜ਼ਿੰਦਗੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਘਰ ਛੱਡਦੇ ਹਨ। ਵੱਡੀ ਸਮੱਸਿਆ ਇਹ ਹੈ ਕਿ ਬੇਰੁਜ਼ਗਾਰੀ ਤੋਂ ਪੀੜਤ ਲੋਕ ਕੰਮ ਕਾਜ ਦੀ ਤਲਾਸ਼ 'ਚ ਦੂਜੇ ਸੂਬਿਆਂ ਵੱਲ ਪਲਾਇਨ ਕਰਦੇ ਹਨ। ਬਿਹਾਰ, ਯੂ.ਪੀ. ਆਦਿ ਰਾਜਾਂ ਦੇ ਪ੍ਰਵਾਸੀ ਪੰਜਾਬ, ਹਰਿਆਣਾ, ਦਿੱਲੀ, ਮਹਾਰਾਸ਼ਟਰ ਆਦਿ ਸੂਬਿਆਂ ਵੱਲ ਕੰਮ ਦੀ ਤਲਾਸ਼ 'ਚ ਜਾਂਦੇ ਹਨ ਅਤੇ ਉਥੋਂ ਦੇ ਬਾਸ਼ਿੰਦੇ ਬਣ ਰਹੇ ਹਨ। ਇਸ ਨਾਲ ਉਥੋਂ ਦੇ ਸਮਾਜ ਉਤੇ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਭਾਵ ਪਿਆ ਹੈ। ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਤੋਂ ਵੱਡੀ ਗਿਣਤੀ 'ਚ ਲੋਕ ਪ੍ਰਵਾਸ ਦੇ ਰਾਹ ਪਏ ਹਨ। ਜ਼ਮੀਨਾਂ, ਜਾਇਦਾਦਾਂ ਵੇਚ ਕੇ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ ਆਦਿ ਦੇਸ਼ਾਂ 'ਚ ਪੱਕੇ ਬਾਸ਼ਿੰਦੇ ਬਣ ਗਏ ਹਨ ਅਤੇ ਵੱਡੀ ਗਿਣਤੀ ਅਰਬ ਦੇਸ਼ਾਂ ਵੱਲ ਗਏ ਹਨ ਜਾਂ ਜਾ ਰਹੇ ਹਨ।

ਰਿਫਿਊਜੀ ਜਾਂ ਸ਼ਰਨਾਰਥੀ ਸ਼ਬਦ ਲਾਚਾਰੀ ਦਾ ਦੂਜਾ ਨਾਂ ਹੈ। ਸ਼ਰਨਾਰਥੀ ਰੱਖਿਆ ਚਾਹੁਣ ਵਾਲੇ ਸਮੂਹ ਗਿਣੇ ਜਾਂਦੇ ਹਨ, ਜੋ ਮਜਬੂਰੀ ਵੱਸ ਘਰ-ਬਾਰ ਤਿਆਗਣ ਲਈ ਮਜਬੂਰ ਹੁੰਦੇ ਹਨ ਜਾਂ ਕਰ ਦਿੱਤੇ ਜਾਂਦੇ ਹਨ। ਭਾਰਤ ਵਿਚ ਸ਼ਰਨਾਰਥੀਆਂ ਦਾ ਇਤਿਹਾਸ ਪੁਰਾਣਾ ਹੈ ਅਤੇ ਭਾਰਤ ਵਿਚ ਵਸੇ ਕਾਨੂੰਨੀ, ਗੈਰ-ਕਾਨੂੰਨੀ ਸ਼ਰਨਾਰਥੀਆਂ ਦੀ ਜਨਸੰਖਿਆ ਕਈ ਵਿਕਸਤ ਦੇਸ਼ਾਂ ਦੀ ਜਨਸੰਖਿਆ ਤੋਂ ਵੀ ਵੱਧ ਹੈ। ਭਾਰਤ ਦੀ ਵੰਡ ਵੇਲੇ ਪਾਕਿਸਤਾਨੋਂ ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਹ ਇਸ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਜਿਥੇ ਹਿੰਸਾ ਦੌਰਾਨ, ਬੇਬਸ ਲੋਕ ਮਾਰੇ ਗਏ, ਜ਼ਖ਼ਮੀ ਹੋਏ, ਔਰਤਾਂ ਉਧਾਲੀਆਂ ਗਈਆਂ, ਲੋਕ ਆਪਣੇ ਰੁਜ਼ਗਾਰ, ਜ਼ਮੀਨਾਂ, ਘਰ ਗੁਆ ਬੈਠੇ।

ਇਹੋ ਹਾਲਾਤ ਭਾਰਤ ਤੋਂ ਪਰਵਾਸ ਹੰਢਾਉਣ ਵਾਲੇ ਲੋਕਾਂ ਦੇ ਹਨ। ਜਦੋਂ ਵੱਡੀ ਗਿਣਤੀ ਵਿਚ ਲੋਕ ਰੁਜ਼ਗਾਰ ਦੀ ਭਾਲ ਵਿਚ ਮਜਬੂਰ ਜਾਂ ਆਪਣੇ ਚੰਗੇ ਭਵਿੱਖ ਲਈ ਆਪਣੀ ਮਰਜ਼ੀ ਨਾਲ ਜਾ ਰਹੇ ਹਨ, ਪਰ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੂੰ ਹਾਲਾਤ ਤੋਂ ਮਜਬੂਰ ਹੋ ਕੇ ਆਪਣਾ ਘਰ, ਆਪਣਾ ਦੇਸ਼, ਆਪਣੇ ਬੋਲੀ, ਆਪਣਾ ਸੱਭਿਆਚਾਰ ਤੱਕ ਤਿਆਗਣਾ ਪੈਂਦਾ ਹੈ। ਹਰ ਸਾਲ 25 ਲੱਖ ਭਾਰਤੀ ਆਪਣਾ ਦੇਸ਼ ਛੱਡ ਕੇ ਪ੍ਰਦੇਸਾਂ ਵਿਚ ਵਸ ਰਹੇ ਹਨ। ਇਹ ਗਿਣਤੀ ਦੁਨੀਆ ਵਿਚ ਸਭ ਤੋਂ ਵੱਧ ਹੈ।

ਅਸਲ ਵਿਚ ਸ਼ਰਨਾਰਥੀ ਅਤੇ ਪ੍ਰਵਾਸੀ ਜ਼ਿੰਦਗੀ ਦੀ ਜੰਗ ਲੜਦੇ ਹਨ। ਇਹ ਜੰਗ ਉਜਾੜੇ ਤੋਂ ਬਾਅਦ ਮੁੜ ਸਥਾਪਿਤ ਹੋਣ ਦੀ ਹੈ। ਇਸ ਜੰਗ ਵਿਚ ਵੱਡੀਆਂ ਔਕੜਾਂ, ਦੁਸ਼ਵਾਰੀਆਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਥਾਵਾਂ 'ਤੇ ਮਜਬੂਰਨ ਜਾਣਾ ਪੈਂਦਾ ਹੈ ਜਿਥੇ ਉਨ੍ਹਾਂ ਦਾ ਆਪਣਾ ਘਰ ਨਹੀਂ, ਆਪਣੀ ਬੋਲੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਜਿੱਥੇ ਉਨ੍ਹਾਂ ਲਈ ਕੁਝ ਵੀ ਪਰੋਸ ਕੇ ਨਹੀਂ ਰੱਖਿਆ ਹੁੰਦਾ, ਸਭ ਕੁਝ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ। ਸਧਾਰਨ ਰੋਟੀ ਤੋਂ ਲੈ ਕੇ ਚੰਗੇ ਭਵਿੱਖ ਲਈ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਤੱਕ, ਇਸ ਸਮੇਂ ਦੌਰਾਨ ਉਸ ਦੇ ਸੁਪਨੇ ਕਿੰਤ ਟੁੱਟਦੇ ਹਨ। ਕਈ ਹਾਲਾਤ ਵਿਚ ਉਹ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ। ਇਸ ਤੋਂ ਵੱਡਾ ਮਨੁੱਖੀ ਜ਼ਿੰਦਗੀ ਦਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ?

ਸ਼ਰਨਾਰਥ ਅਤੇ ਪ੍ਰਵਾਸ ਨੂੰ ਰੋਕਣ ਦੇ ਸਾਰੇ ਉਪਾਅ ਅੰਤਰਰਾਸ਼ਟਰੀ ਪੱਧਰ 'ਤੇ ਫੇਲ੍ਹ ਹੋ ਰਹੇ ਹਨ। ਨਾ ਜੰਗਾਂ ਰੁਕ ਰਹੀਆਂ, ਨਾ ਹਿੰਸਾ ਰੁਕ ਰਹੀ, ਨਾ ਜੰਗਲਾਂ ਦਾ ਉਜਾੜਾ ਰੁਕ ਰਿਹਾ ਅਤੇ ਨਾ ਹੀ ਅੰਨ੍ਹੇਵਾਹ ਹੁੰਦੀਆਂ ਬੇਲੋੜੀਆਂ ਵਿਕਾਸ ਯੋਜਨਾਵਾਂ ਨੂੰ ਨੱਥ ਪਾਈ ਜਾ ਰਹੀ ਹੈ। ਬੇਰੁਜ਼ਗਾਰੀ ਦਾ ਦੈਂਤ ਸਾਂਭਿਆ ਹੀ ਨਹੀਂ ਜਾ ਰਿਹਾ ਹੈ। ਉਹ ਸਾਰੇ ਕਾਰਕ ਜਿਹੜੇ ਸ਼ਰਨਾਰਥ ਅਤੇ ਪ੍ਰਵਾਸ ਵਿਚ ਵਾਧਾ ਕਰ ਰਹੇ ਹਨ, ਉਨ੍ਹਾਂ ਨੂੰ ਰੋਕਣ ਲਈ ਨਾ ਯੂ.ਐਨ.ਓ. ਅਤੇ ਨਾ ਹੀ ਕੋਈ ਹੋਰ ਸੰਸਥਾਵਾਂ ਸਫਲ ਹੋ ਰਹੀਆਂ ਹਨ।

ਹਾਂ, ਆਪੋ-ਆਪਣੇ ਦੇਸ਼ਾਂ ਵਿਚ ਪ੍ਰਵਾਸ ਤੇ ਸ਼ਰਨਾਰਥੀਆਂ ਦੀ ਸੰਖਿਆ ਨੂੰ ਕਾਬੂ ਵਿਚ ਰੱਖਣ ਲਈ ਜ਼ਰੂਰ ਇਹ ਦੇਸ਼ ਯਤਨ ਕਰ ਰਹੇ ਹਨ। ਜਰਮਨ ਅਤੇ ਯੂਰਪ ਦੇਸ਼ਾਂ ਦੀਆਂ ਸਰਹੱਦਾਂ 'ਤੇ 2 ਲੱਖ ਤੋਂ ਵੱਧ ਸ਼ਰਨਾਰਥੀ ਪ੍ਰਵਾਸੀ ਬੈਠੇ ਹਨ, ਜੋ ਹਰ ਹੀਲਾ ਵਸੀਲਾ ਵਰਤ ਕੇ ਸਰਹੱਦਾਂ ਪਾਰ ਕਰਦੇ ਹਨ। ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਂਝੇ ਯਤਨ ਨਾਲ ਸੰਭਵ ਹੈ। ਅੰਤਰਰਾਸ਼ਟਰੀ ਸ਼ਰਨਾਰਥੀ ਕਾਨੂੰਨ, ਮਨੁੱਖ ਅਧਿਕਾਰ ਸੁਰੱਖਿਆ ਕਾਨੂੰਨ, ਸ਼ਰਨਾਰਥ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਹੋ ਸਕਦੇ ਹਨ।

---

# ਮਾਤਾ ਧਰਤਿ ਮਹਤੁ

ਪਾਣੀ ਦੀ ਸੱਚ ਹੋਂਦ ਅਸਾਂ ਵੇਖੀ, ਹੁਣ ਮਿੱਟੀ ਨੂੰ ਵੇਖ ਲਈਏ। ਮਿੱਟੀ ਕਿਵੇਂ ਆਦਿ ਜੁਗਾਦਿ ਦੇ ਸੱਚ ਨਾਲ ਜੁੜਦੀ ਹੈ। ਫਰੀਦ ਨੇ ਮਿੱਟੀ ਦੀ ਵਡਿਆਈ ਕੀਤੀ ਏ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥
(ਪੰਨਾ 1378, ਬਾਬਾ ਫਰੀਦ ਜੀ)

ਫਰੀਦ ਦਾ ਦੋਹੜਾ ਮਿੱਟੀ ਦੀ ਵਡਿਆਈ ਕਰੇਂਦਾ ਹੈ। ਮਿੱਟੀ ਉਪਰ ਆਕੜ ਆਕੜ ਕੇ ਟੁਰਨ ਵਾਲੇ ਭੁੱਲ ਵੈਂਦੇ ਨੇਂ ਜੋ ਮੋਇਆਂ ਏਸ ਮਿੱਟੀ ਹੇਠ ਈ ਜਾਣਾ ਹੈ ਅਸਾਂ। ਏਹਾ ਮਿੱਟੀ ਈ ਹੈ ਜਿਸ ਸਾਡੀ ਸਾਂਭ ਕਰਨੀ



ਡਾ. ਆਸਮਾ ਕਾਦਰੀ

ਹੈ। ਮਿੱਟੀ ਨਾਲ ਮਿੱਟੀ ਹੋਏ ਜਿਉਂਦੇ ਜੀ ਹਨ ਯਾਂ ਪੈਰਾਂ ਹੇਠ ਦੀ ਮਿੱਟੀ, ਦੋਵੇਂ ਈ ਬੇ ਜ਼ਬਾਨ ਹੋਏ। ਦੋਹਾਂ ਦੀ ਕਰਨੀ ਬੋਲਦੀ ਹੈ, ਇਹ ਆਪ ਨਹੀਂ ਬੋਲਦੇ। ਮਿੱਟੀ ਏਸ ਕਾਇਨਾਤ ਦੀ ਸਭ ਤੋਂ ਹੇਠਲੀ ਹੋਂਦ ਹੈ। ਪੈਰਾਂ ਹੇਠ ਆਉਂਦੀ ਇਹ ਮਿੱਟੀ ਕਿਸ ਕਿਸ ਰੰਗ ਵਿਚ ਸੇਵਾ ਕਰੇਂਦੀ ਹੈ। ਮਿੱਟੀ ਨਿਮਾਣਤਾ ਦਾ ਨਿਸ਼ਾਨ ਹੈ, ਆਜਜ਼ੀ ਦਾ, ਚੁੱਪ ਦਾ। ਮਿੱਟੀ ਹਰ ਪਲ ਆਪਣੇ ਆਹਰੇ ਲੱਗੀ ਹੈ, ਪਰ ਕਦੀਂ ਏਸ ਦੀ ਵਾਜ ਨਹੀਂ ਸੁਣੀ ਕਿਸੇ। ਬੱਸ ਮਿੱਟੀ ਦੀ ਕਰਨੀ ਬੋਲਦੀ ਹੈ। ਮਿੱਟੀ ਪਾਣੀ ਦਾ ਸੰਗ ਹੋਇਆ ਆਦਿ ਜੁਗਾਦਿ ਦਾ। ਮਿੱਟੀ ਦੀ ਕੁੱਖ ਸਾਂਭਦੀ ਹੈ ਹਰ ਬੀ ਨੂੰ। ਰਾਖੀ ਕਰੇਂਦੀ ਹੈ ਤੇ ਰੁੱਤ ਆਵਣ 'ਤੇ ਬੂਟਾ ਬਣਾ ਕੇ ਅਪਣਾ ਢਿੱਡ ਪਾੜ ਕੇ ਉਸ ਨੂੰ ਜੰਮਦੀ ਹੈ। ਮਿੱਟੀ ਦਾ ਉਗਾਇਆ ਕੁੱਲ ਜਿਉਂਦੀ ਹੋਂਦ ਦਾ ਜੀਵਕਾ ਹੋਇਆ। ਮਿੱਟੀ ਵਿਚੋਂ ਉਗਿਆ ਨਿੱਕਾ ਜਿਤਨਾ ਬੂਟਾ ਹੌਲੀ ਹੌਲੀ ਵੱਡਾ ਹੋ ਕੇ ਉਚਾ ਲੰਮਾ ਰੁੱਖ ਬਣ ਕੇ ਅੰਬਰ ਨਾਲ ਗੱਲਾਂ ਕਰੇਂਦਾ ਹੈ। ਮਿੱਟੀ ਅੰਦਰ ਕੋਈ ਈਰਖਾ ਜਾਂ ਹਸਦ ਨਹੀਂ ਪੈਦਾ ਹੁੰਦਾ ਜੋ ਮੇਰਾ ਜੰਮਿਆ ਅੱਜ ਕਿੱਥੇ ਉਚਿਆਈਆਂ ਵਿਚ ਹੈ। ਮਿੱਟੀ ਰੁੱਖ ਦੀਆਂ ਜੜ੍ਹਾਂ ਦੀ ਸਾਂਭ ਕਰੇਂਦੀ ਉਸ ਦੀ ਸਿਖਰ ਨੂੰ ਵੀ ਵੱਤਰਦੀ ਹੈ। ਮਿੱਟੀ ਜਿਉਂਦਿਆਂ ਨੂੰ ਪਾਲਦੀ ਤੇ ਮੋਇਆਂ ਨੂੰ ਸਾਂਭਦੀ ਹੈ। ਮਿੱਟੀ ਮੋਏ ਵਜੂਦ ਦੀ ਸਾਂਭ ਨਾ ਕਰੇ ਤਾਂ ਧਰਤ ਉਪਰ ਜੀਵਨ ਮੁੱਕ ਜਾਵੇ। ਮਿੱਟੀ ਦਾ ਆਪਣਾ ਫਿੱਕਾ ਜਿਹਾ ਭੂਰਾ ਰੰਗ ਹੈ, ਪਰ ਮਿੱਟੀ ਦੀ ਉਪਜ ਵੰਨੋ-ਵੰਨ ਰੰਗਾਂ ਵਿਚ ਖਿੜਦੀ ਹੱਸਦੀ ਹੈ। ਮਿੱਟੀ ਵਿਚੋਂ ਹੀ ਉਗਿਆ ਹੈ ਸਰ੍ਹੋਂ ਦਾ ਹਰਾ ਬੂਟਾ, ਪੀਲੇ ਫੁੱਲਾਂ ਵਿਚ ਹੱਸਦਾ ਵੱਸਦਾ ਵੇਖੋ ਮਿੱਟੀ ਦਾ ਸੁਨੇਹਾ ਪਿਆ ਦਿੰਦਾ ਹੈ:

ਸਰ੍ਹੋਂ ਦੀ ਪੀਲਕ ਦੇ ਵਿਚ ਸਾਵਾ
ਜਿਸ ਪੜ੍ਹਿਆ
ਤਿਸ ਨੈਣ ਕੀਤੇ ਸਿਰ ਸਾਵੇ
ਹੈ ਦੂਈ ਆਪ ਮਿਲਾਵਾ
ਤਨ ਮਨ ਵਿਛੜਿਆਂ ਦਾ (4)

ਮਿੱਟੀ ਦੀ ਕਰਨੀ ਸੁਨੇਹਾ ਦਿੰਦੀ ਹੈ ਇਕਾਈ ਦਾ। ਜੋ ਵੇਖੋ ਇੱਕ ਨਿੱਕੇ ਜਿਤਨੇ ਬੀ ਵਿਚੋਂ ਕਿਤਨੇ ਰੰਗ ਨਿਕਲੇ ਨੇਂ ਤੇ ਮੁੜ ਆਪਣੇ ਬੀ ਵਿਚ ਸਮਾ ਗਏ ਨੇਂ। ਇੱਕ ਬੀ ਨੇ ਆਪਣੀ ਹੋਂਦ ਗਵਾਈ ਏ ਤੇ ਬੂਟਾ ਬਣਿਆ ਹੈ। ਇੱਕ ਹੋਂਦ ਮੁਕਾਵਨ ਪਾਰੋਂ ਹੀ ਅਨੇਕਾਂ ਬੀ ਜੰਮੇ ਨੇਂ। ਮਿੱਟੀ ਹੀ ਤੱਤ ਹੈ ਮਨੁੱਖ ਦਾ। ਮਿੱਟੀ ਉਪਜਾਉਂਦੀ ਹੈ ਆਪਣੀ ਸੱਤ ਸੱਤਿਆ ਵਰਤ ਕੇ। ਜੇ ਮਿੱਟੀ ਉਪਜ ਨਾ ਕਰੇ, ਤਾਂ ਉਹ ਮਿੱਟੀ ਸੱਚ ਨਾ ਰਹਿਸੀ। ਵੇਖੋ,"ਆਦਿ"ਦੇ ਅਰਥਾਂ ਨਾਲ ਜੋੜ ਮਿੱਟੀ ਦੀ ਕਰਨੀ ਦਾ। ਮਿੱਟੀ ਹੀ ਪਉਂਦ ਹੈ, ਮੁੱਢ ਹੈ। ਮਿੱਟੀ ਆਦਿ ਵੀ ਹੈ ਖ਼ੁਰਾਕ, ਰਿਜ਼ਕ। ਮਿੱਟੀ ਬੀ ਲੈਂਦੀ ਹੈ ਤੇ ਬੂਟਾ ਬਣਾ ਪਰਤਾਉਂਦੀ ਹੈ। ਸਾਵਾਂ ਲੈਣ ਦੇਣ ਈ ਜੀਵਨ ਟੋਰਾ ਹੈ ਕੁਦਰਤ ਦਾ। ਇਨਸਾਨੀ ਹੋਂਦ ਵੀ ਮਿੱਟੀ ਨਾਲ ਬਣੀ ਹੈ, ਤਾਹੀ" ਤਾਂ ਮਰ ਮੁੱਕ ਕੇ ਮਿੱਟੀ ਨਾਲ ਮਿੱਟੀ ਹੋ ਵੇਂਹਦੀ ਹੈ। ਹਰ ਸ਼ੈਅ ਆਪਣੇ ਅਸਲੇ ਨਾਲ ਈ ਇੱਕ-ਮਿੱਕ ਹੁੰਦੀ ਏ। ਬੱਸ ਵਿੱਥ ਇਤਨੀ ਹੈ ਜੋ ਪੈਰਾਂ ਹੇਠ ਦੀ ਮਿੱਟੀ ਜਵਾਲਦੀ, ਪਾਲਦੀ, ਸਾਂਭਦੀ ਹੈ ਜੋ ਮਿੱਟੀ ਤਨ ਉਪਰ ਲੱਗੀ ਹੈ ਉਹ ਬੱਝ ਕੇ ਮੈਂ ਬਣ ਜਾਂਦੀ ਹੈ। ਮੈਂ ਦਾ ਕੰਮ ਮਾਰਨਾ ਮੁਕਾਉਣਾ ਹੋਇਆ, ਉਹ ਉਪਜ ਕਰ ਈ ਨਹੀਂ ਸਕਦੀ। ਮਿੱਟੀ ਦਾ ਕੰਮ ਤਾਂ ਮਿਲਣ ਹੋਇਆ। ਬੰਦੇ ਦੇ ਤਨ ਵਿਚ ਕੈਦ ਹੋਈ ਮਿੱਟੀ ਮਿਲਣ ਭੁੱਲੀ ਤਾਂ ਵਿਸ ਬਣੀ। ਏਹਾ ਗੱਲ ਚੇਤੇ ਕਰਵਾਈ ਆਹੀ ਫ਼ਰੀਦ ਨੇ, ਜੋ ਬਾਬੇ ਨਾਨਕ ਨੇ ਲਿੱਖ ਸਾਂਭੀ:

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥
(ਪੰਨਾ1378 ਸਲੋਕ, ਸੇਖ ਫਰੀਦ ਜੀ)

ਮਿਲਣ ਸਕਤ, ਉਪਜ ਸਕਤ ਜਦੋਂ ਬੱਝ ਜਾਵੇ। ਆਪਣੀ ਸੱਤ ਸੱਤਿਆ ਸਾਂਝੀ ਨਾ ਕਰ ਸਕੇ ਕੁੱਲ ਕੁਦਰਤ ਨਾਲ ਤਾਂ ਉਹ ਵੱਸ ਬਣ ਵੇਂਹਦੀ ਏ। ਮਿੱਟੀ ਮਿਲਦੀ ਹੈ ਹਰ ਪਲ ਵਾਅ ਨਾਲ, ਪਾਣੀ ਨਾਲ, ਸਿੰਜ ਨਾਲ ਤਾਹੀਓਂ ਉਪਜਾਉਂਦੀ ਹੈ। ਮਿੱਟੀ ਦਾ ਵਰਤਾਰਾ ਕੁੱਲ ਹੋਂਦ ਨਾਲ ਸਾਵਾਂ ਹੈ। ਮਿੱਟੀ ਨੂੰ ਕੋਈ ਨਿੰਦੇ ਰੱਦੇ, ਉਹ ਪਰਤਾਵਾ ਪਿਆਰ ਦਾ ਹੀ ਦਿੰਦੀ ਹੈ। ਮਿੱਟੀ ਨੂੰ ਕੋਈ ਵਡਿਆਏ ਤਾਂ ਵੀ ਉਹ ਮਾਣ ਨਹੀਂ ਕਰੇਂਦੀ, ਸਗੋਂ ਹੋਰ ਨਿਉਂਦੀ ਹੈ। ਮਿੱਟੀ ਜੁੜਨਾ ਸਿਖਾਉਂਦੀ ਹੈ। ਹੁਣ ਵੇਖੋ ਆਦਿ ਦੀ ਜ਼ੇਰ ਜ਼ਬਰ ਤੋਂ ਵੱਖ ਕੁਦਰਤ ਦੀ ਕਰਨੀ। ਪੈਰਾਂ ਥੱਲੇ ਜ਼ੇਰ ਹੋਈ ਮਿੱਟੀ ਹੀ ਮੋਏ ਵਜੂਦ ਦੀ ਜ਼ਬਰ ਬਣ ਵੈਂਹਦੀ ਏ। ਉਲਮਾਈ ਦੀ ਜ਼ੇਰ ਜ਼ਬਰ ਵਿਚ ਫਾਤਾ ਜੀਅ ਕੁਦਰਤ ਦੀ ਦਾਨ ਹੋਈ ਸ਼ੱਕਰ ਨੂੰ ਅੰਦਰੋ ਅੰਦਰ ਜੋੜ ਕੇ ਵਿੱਸ ਬਣਾ ਕੇ ਪਿਆ ਵੰਡਦਾ ਹੈ ਤੇ ਵਿਰਾਨ ਥੇਂਦਾ ਹੈ। ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ।

## ਹਰੀ ਕ੍ਰਾਂਤੀ

ਕਣਕ, ਕਮਾਦ, ਸਰ੍ਹੋਂ ਤੇ ਛੋਲੇ,
ਬੀਜਦੇ ਲੋਕ ਵਧੇਰੇ ਸੀ।
ਹਾਲ਼ੋਂ, ਤਾਰਾਮੀਰਾ, ਤੋਰੀਆ,
ਜੌਂ ਅਤੇ ਮਸਰ ਬਥੇਰੇ ਸੀ।
ਸ਼ਾਰਖ,ਚਿੜੀ, ਕਬੂਤਰ, ਘੁੱਗੀ,
ਹੁੰਦੇ ਤਿੱਤਰ ਬਟੇਰੇ ਸੀ।
ਚਰ੍ਹੀ, ਬਾਜਰਾ, ਮੱਕੀ, ਕੰਗਣੀ,
ਮੂੰਗੀ, ਮਾਂਹ, ਮੋਠ ਚੁਫ਼ੇਰੇ ਸੀ।
ਗਿੱਦੜ, ਬਘਿਆੜ, ਲੂੰਬੜ,
ਮਾਰਦੇ ਖੇਤਾਂ 'ਚ ਗੇੜੇ ਸੀ।
ਬਹਾਰਾਂ ਲਿਆਈ 'ਹਰੀ ਕ੍ਰਾਂਤੀ',
ਵਕਤੀ ਫਸਲੀ ਚੱਕਰ ਤੋੜ ਦਿੱਤਾ।
ਬਦਲ ਦਿਤਾ ਜੀਵਨ ਢੰਗ,
ਸਭ ਜੀਵ ਜੰਤੂ ਵੀ ਰੋੜ੍ਹ ਦਿੱਤਾ।

ਖਾਂਦੇ ਦੁੱਧ ਦਹੀਂ ਲੱਸੀ ਤੇ ਮੱਖਣ,
ਨਿੱਤ ਡੰਡ ਬੈਠਕਾਂ ਕੱਢਦੇ ਸੀ।
ਬੀਮਾਰੀ ਨੂੰ ਆਖਦੇ 'ਹੱਟ ਪਰਾਂਹ,
ਦਵਾਈਆਂ ਤੋਂ ਨੱਕ ਵੱਟਦੇ ਸੀ।
ਜਿੱਦਣ ਦੀ ਆਈ ਖੁਸ਼ਹਾਲੀ,
ਬੱਸ ਭੁੰਜੇ ਪੈਰ ਨਹੀਂ ਲੱਗਦੇ ਸੀ।

ਕਰਜ਼ੇ ਚੁੱਕ ਕੰਗਾਲ ਹੋ ਗਏ,
ਨਸ਼ਿਆਂ ਦੀ ਖੱਟੀ ਖੱਟਦੇ ਸੀ।
ਹੁਣ ਗਰਜ਼ਾਂ ਨਾ ਹੋਣ ਪੂਰੀਆਂ,
ਹਰ ਪਾਸੇ ਦਰਵਾਜ਼ੇ ਬੰਦ ਹੋਏ।
ਕਰਜ਼ੇ ਮੋੜਨ ਦੀ ਰਹੀ ਨਾ ਹਿੰਮਤ,
ਲੁਕ ਲੁਕ ਅੰਦਰ ਵੜ ਰੋਏ।
ਜਦੋਂ ਤੱਕਦਾ ਚੱਲਦੀ ਪੇਸ਼ ਕੋਈ ਨਾ,
ਖੁਦਕੁਸ਼ੀਆਂ ਕਰ ਕਰ ਜੱਟ ਮੋਏ।

ਪਾਣੀ ਧਰਤੀ ਦਾ ਕੱਢ ਮੁਕਾ ਦਿੱਤਾ,
ਬੰਜਰ ਹੋਣ ਖੇਤ ਨਿਆਂਈ ਦੇ ਆਏ।
ਪਾ ਪਾ ਕੇ ਨਿੱਤ ਜ਼ਹਿਰੀ ਦਵਾਈਆਂ,
ਪਾਣੀ ਪੀਣ ਨੂੰ ਭੀ ਨੇ ਹੋਏ ਤਿਰਹਾਏ।
ਕਦੇ ਅੰਮ੍ਰਿਤ ਪਾਣੀ ਸੀ ਸ਼ਹਿਦੋਂ ਮਿੱਠਾ,
ਪਿੰਡ ਮਾਲਵੇ ਦੇ ਕੈਂਸਰ ਨੇ ਆ ਢਾਏ।
ਲੋਕੀਂ ਤੱਕਦੇ ਹਾਕਮ ਦੇ ਹੱਥਾਂ ਕੰਨੀ,
ਖਾਲੀ ਹੱਥ ਸਰਕਾਰ ਵੀ ਨਜ਼ਰ ਆਏ।
ਧਰਮ ਬੱਸ ਰਹਿ ਗਿਆ ਨਾਮ ਜੋਗਾ,
ਕੰਮ ਹੋਰ ਨ ਪੈਸੇ 'ਕੱਠੇ ਕਰਨ ਸਿਵਾਏ।
ਹੁਣ ਜਾਣ ਪੰਜਾਬੀ ਤਾਂ ਜਾਣ ਕਿੱਥੇ,
ਨਾ ਕੋਈ ਬਾਂਹ ਫੜ ਬਚਾਉਣ ਆਏ।

*-ਸੇਵਾ ਸਿੰਘ 'ਨੂਰਪੁਰੀ'*

# ਕੌਮ ਅਤੇ ਕੌਮੀਅਤ ਦੇ ਸੰਕਲਪ

ਬਰਤਾਨਵੀ ਬਸਤੀਵਾਦੀਆਂ ਨੂੰ ਭਾਰਤ ਵਿਚੋਂ ਕੱਢਣ ਲਈ ਭਾਰਤ ਵਿਚ ਵਸਦੀਆਂ ਅਨੇਕਾਂ ਕੌਮੀਅਤਾਂ ਦੀ ਜਨਤਾ ਨੇ ਸਾਂਝੇ ਸੰਘਰਸ਼ ਲੜੇ ਸਨ। ਸਿੱਟੇ ਵਜੋਂ ਵੱਖ ਵੱਖ ਕੌਮੀਅਤਾਂ ਵਿਚਕਾਰ ਆਪਸੀ ਸਾਂਝ ਪੈਦਾ ਹੋਈ ਅਤੇ ਇਕ ਲੰਮੇ ਦੌਰ ਦੇ ਸਾਂਝੇ ਘੋਲਾਂ ਵਿਚੋਂ ਉਨ੍ਹਾਂ ਅੰਦਰ ਇਕ ਦੇਸ਼ (ਭਾਰਤ) ਅੰਦਰ ਰਲ ਕੇ ਰਹਿਣ ਦੀ ਭਾਵਨਾ ਵੀ ਜਾਗੀ। ਸਾਮਰਾਜ ਵਿਰੋਧੀ ਕੌਮੀ ਮੁਕਤੀ ਲਹਿਰ ਵਿਚ ਭਾਰਤੀ ਕੌਮ ਦੇ ਰੂਪ ਦੀ ਸਿਰਜਣਾ ਬਹੁਤ



**ਕਰਮ ਬਰਸਟ**
ਫੋਨ: +91-94170-73831

ਮੱਧਮ ਰਫ਼ਤਾਰ ਨਾਲ ਸ਼ੁਰੂ ਤਾਂ ਹੋਈ ਪਰ ਬਸਤੀਵਾਦੀਆਂ ਦੀਆਂ ਪਾੜੂ ਨੀਤੀਆਂ ਅਤੇ ਕਾਂਗਰਸੀ ਤੇ ਮੁਸਲਿਮ ਲੀਗੀ ਆਗੂਆਂ ਦੀਆਂ ਤੰਗ ਤੇ ਨਿੱਜੀ ਸੋਚਾਂ/ਇੱਛਾਵਾਂ ਨੇ 'ਭਾਰਤੀਅਤਾ' ਦੇ ਉੱਭਰਦੇ ਬਿੰਬ ਨੂੰ ਲੀਰੋ-ਲੀਰ ਕਰ ਦਿੱਤਾ। ਧਰਮ ਦੇ ਆਧਾਰ 'ਤੇ 'ਦੋ ਕੌਮਾਂ' ਦੀ ਗ਼ੈਰ-ਵਿਗਿਆਨਕ ਧਾਰਨਾ ਨੂੰ ਮਾਨਤਾ ਦੇ ਕੇ ਭਾਰਤੀ ਜਨਤਾ ਵਿਚ ਵੰਡੀਆਂ ਪਾ ਦਿੱਤੀਆਂ ਗਈਆਂ।

ਧਰਮ ਦੇ ਆਧਾਰ 'ਤੇ ਕੌਮਾਂ ਦੀ ਵੰਡ ਦੇ ਪੈਂਤੜੇ ਤੋਂ ਸਿੱਖਾਂ ਨੂੰ ਵੀ ਵੱਖਰੇ ਰਾਜ ਦੀ ਪੇਸ਼ਕਸ਼ ਹੋਈ ਦੱਸੀ ਜਾਂਦੀ ਹੈ ਪਰ ਦੂਰ ਦੂਰ ਸਥਿਤ ਦੋ ਤਹਿਸੀਲਾਂ ਨੂੰ ਛੱਡ ਕੇ ਕਿਸੇ ਇਲਾਕੇ ਵਿਚ ਵੀ ਸਿੱਖ ਭਾਰੂ ਗਿਣਤੀ ਵਿਚ ਨਹੀਂ ਸਨ। ਸਮੇਂ ਦੀ ਸਿੱਖ ਲੀਡਰਸ਼ਿਪ ਵੀ ਇਸ ਦੇ ਹੱਕ ਵਿਚ ਨਹੀਂ ਸੀ ਲੇਕਿਨ ਇਹ ਸੱਚ ਹੈ ਕਿ ਉਦੋਂ ਦੇ ਸਿੱਖ ਆਗੂਆਂ ਨੇ ਭਾਰਤ ਦੀ ਵੰਡ ਨੂੰ ਰੋਕਣ ਅਤੇ ਦਬਾਓ ਪਾਉਣ ਦੇ ਪੈਂਤੜੇ ਤੋਂ ਕਦੇ ਵੱਖਰੇ ਸਿੱਖ ਰਾਜ ਦੀ ਅਤੇ ਕਦੇ ਪਾਕਿਸਤਾਨ ਨਾਲ ਜਾਣ ਦੀ ਪੈਂਤੜੇਬਾਜ਼ੀ ਵਾਲੀਆਂ ਖੇਡਾਂ ਜ਼ਰੂਰ ਖੇਡੀਆਂ ਸਨ। ਅੰਤ ਵਿਚ ਕਾਂਗਰਸੀ ਆਗੂਆਂ ਵੱਲੋਂ ਸਿੱਖਾਂ ਨੂੰ ਭਾਰਤ ਵਿਚ ਸਨਮਾਨਯੋਗ ਥਾਂ ਦੇਣ ਦੇ ਵਾਅਦੇ ਨਾਲ ਅਤੇ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਦੀ ਦੂਰਅੰਦੇਸ਼ੀ ਸਦਕਾ, ਸਿੱਖਾਂ ਨੇ ਵੱਖਰੇ ਰਾਜ ਦੀ ਬਜਾਇ ਭਾਰਤ ਵਿਚ ਹੀ ਰਹਿਣ ਨੂੰ ਤਰਜੀਹ ਦਿੱਤੀ। ਸਿੱਖ ਲੀਡਰਸ਼ਿਪ ਦਾ ਇਹ ਚੰਗਾ ਫੈਸਲਾ ਸੀ ਪਰ ਧਰਮ ਨੂੰ ਕੌਮ ਦੇ ਆਧਾਰ ਵਜੋਂ ਇਕ ਵਾਰ ਮਾਨਤਾ ਦੇ ਦੇਣ ਨਾਲ, ਅਜਿਹੀ ਪਿਛਾਖੜੀ ਵਿਚਾਰਧਾਰਾ ਦੇ ਬੀਅ ਬੀਜ ਦਿੱਤੇ ਗਏ ਸਨ ਜੋ ਅੱਜ ਤੱਕ ਵੀ ਵਾਰ ਵਾਰ ਉੱਗਦੇ, ਵਧਦੇ, ਫੈਲਦੇ, ਉੱਭਰਦੇ ਅਤੇ ਜਵਾਨ ਹੁੰਦੇ ਆ ਰਹੇ ਹਨ।

ਆਖਰ ਇਹ 'ਕੌਮ' ਕਿਸ ਸ਼ੈਅ ਦਾ ਨਾਮ ਹੈ। ਇਹ ਸੰਕਲਪ ਕਿਵੇਂ ਉੱਭਰਿਆ ਅਤੇ ਕੌਮ ਕਿਵੇਂ ਹੋਂਦ ਵਿਚ ਆਉਂਦੀ ਹੈ? ਕੌਮ ਬੁਰਜੂਆ-ਸਰਮਾਏਦਾਰੀ ਸੰਕਲਪ ਹੈ ਜੋ ਜਗੀਰੂ ਸਮਾਜ ਦੇ ਵਿਨਾਸ਼ ਅਤੇ ਸਨਅਤੀ ਸਰਮਾਏਦਾਰੀ ਸਮਾਜ ਦੇ ਵਿਕਾਸ ਵਿਚੋਂ ਪੈਦਾ ਹੋਇਆ ਹੈ। ਸਰਮਾਏਦਾਰੀ ਦੇ ਵਿਕਾਸ ਲਈ ਜਗੀਰਦਾਰੀ ਦਾ ਟੁੱਟਣਾ/ਹਾਰਨਾ ਲਾਜ਼ਮੀ ਸ਼ਰਤ ਹੈ, ਇਸ ਲਈ ਕੌਮੀ ਲਹਿਰ ਦਾ ਮੁੱਖ ਧੁਰਾ ਜਗੀਰਦਾਰੀ ਵਿਰੋਧੀ ਸੀ। ਬੁਰਜੂਆਜ਼ੀ ਦੀ ਅਗਵਾਈ ਹੇਠਾਂ ਚੱਲੀਆਂ ਲਹਿਰਾਂ ਦੀਆਂ ਜਿੱਤਾਂ ਕਾਰਨ ਯੂਰੋਪ ਵਿਚ ਕੌਮੀ ਰਿਆਸਤਾਂ ਹੋਂਦ ਵਿਚ ਆਈਆਂ। ਇਸ ਦੌਰ ਤੱਕ ਬੁਰਜੂਆਜ਼ੀ ਅਗਾਂਹਵਧੂ ਸਮਾਜਿਕ ਸ਼ਕਤੀ ਸੀ। ਫਿਰ ਅਜਿਹਾ ਦੌਰ ਆਇਆ ਜਦੋਂ ਪੂੰਜੀਵਾਦ ਆਰਥਿਕ ਖੁੱਲ੍ਹੇ ਮੁਕਾਬਲੇ ਵਿਚੋਂ ਨਿਕਲ ਕੇ ਇਜਾਰੇਦਾਰਾ ਪੂੰਜੀਵਾਦ, ਯਾਨੀ ਸਾਮਰਾਜ ਵਿਚ ਤਬਦੀਲ ਹੋ ਗਿਆ। ਇਸ ਤਰ੍ਹਾਂ ਇਹ ਪੂੰਜੀਵਾਦ ਜੋ ਅਗਾਂਹਵਧੂ ਰਿਹਾ ਸੀ, ਹੁਣ ਦੂਜੇ ਦੇਸ਼ਾਂ/ਕੌਮਾਂ ਨੂੰ ਲੁੱਟਣ, ਗ਼ੁਲਾਮ ਬਣਾਉਣ ਵੱਲ ਹੋ ਤੁਰਿਆ। ਸਿੱਟੇ ਵਜੋਂ ਅਨੇਕਾਂ ਬਸਤੀਆਂ ਹੋਂਦ ਵਿਚ ਆਈਆਂ। ਇਨ੍ਹਾਂ ਬਸਤੀਆਂ ਵਿਚ ਕਿਹੋ ਜਿਹੇ ਪੂੰਜੀਵਾਦ ਦੀ ਉਸਾਰੀ ਹੋਈ ਅਤੇ ਕੌਮੀ ਮੁਕਤੀ ਲਹਿਰਾਂ ਨੇ ਕਿਹੋ ਜਿਹੀ ਸ਼ਕਲ ਅਖਤਿਆਰ ਕੀਤੀ, ਇਸ ਨੂੰ ਭਾਰਤੀ ਪ੍ਰਸੰਗ ਵਿਚ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ।

ਕੌਮ ਦੀ ਪਰਿਭਾਸ਼ਾ ਬਹੁਤ ਸਾਰੇ ਵਿਦਵਾਨਾਂ ਨੇ ਵੱਖੋ-ਵੱਖ ਢੰਗ ਨਾਲ ਕੀਤੀ ਹੈ। ਇਸ ਦੀ ਸਭ ਤੋਂ ਸਟੀਕ ਪਰਿਭਾਸ਼ਾ ਜੋਸਫ ਸਟਾਲਿਨ ਦੀ ਮੰਨੀ ਜਾਂਦੀ ਹੈ। ਉਸ ਅਨੁਸਾਰ, "ਕੌਮ ਕਿਸੇ ਨਿਸ਼ਚਤ ਇਲਾਕੇ ਵਿਚ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਇਆ, ਇਕ ਜ਼ਬਾਨ ਬੋਲਣ ਵਾਲਾ ਨਸਲੀ ਸਮੂਹ ਹੈ ਜਿਸ ਦਾ ਆਪਣਾ ਆਰਥਿਕ ਪ੍ਰਬੰਧ ਅਤੇ ਉਸ ਉੱਪਰ ਉਸਰਿਆ ਸਭਿਆਚਾਰ ਹੁੰਦਾ ਹੈ।" ਇਸ ਪਰਿਭਾਸ਼ਾ ਵਿਚੋਂ ਪੰਜ ਤੱਤ ਉੱਭਰਦੇ ਹਨ- ਲੋਕਾਂ ਦਾ ਨਸਲੀ ਸਮੂਹ, ਸਾਂਝੀ ਜ਼ਬਾਨ, ਇਲਾਕਾ, ਸਭਿਆਚਾਰ ਅਤੇ ਅਰਥਚਾਰਾ। ਕੌਮ ਦੀ ਇਸ ਘਾੜਤ ਵਿਚ ਧਰਮ ਦਾ ਕਿਤੇ ਵੀ ਜ਼ਿਕਰ ਨਹੀਂ ਕਿਉਂਕਿ ਇਹ ਦੋਵੇਂ ਸੰਕਲਪ ਵੱਖਰੇ ਵੱਖਰੇ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਵਿਚਲੇ ਅੰਤਰਾਂ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਕੌਮ ਦੀ ਘਾੜਤ ਵਿਚ ਧਰਮ ਦੀ ਭੂਮਿਕਾ ਨਹੀਂ ਮੰਨੀ ਗਈ। ਕਾਰਨ ਸ਼ਾਇਦ ਇਹ ਹੈ ਕਿ ਕਿਸੇ ਕੌਮੀ ਸਮਾਜ ਵਿਚ ਧਰਮ ਕਿਸੇ ਵੇਲੇ ਵੀ ਪੈਦਾ ਹੋ ਸਕਦਾ ਹੈ ਜਾਂ ਕਿਸੇ ਹਾਲਤ ਵਿਚ ਲੁਪਤ ਹੋ ਸਕਦਾ ਹੈ। ਮਿਸਾਲ ਵਜੋਂ ਪੰਦਰਵੀਂ ਸਦੀ ਤਕ ਸਿੱਖ ਧਰਮ (ਲਹਿਰ) ਦੀ ਕੋਈ ਹੋਂਦ ਨਹੀਂ ਸੀ ਪਰ ਜਿਸ ਪੰਜਾਬੀ ਸਮਾਜ (ਕੌਮ) ਵਿਚ ਇਹ ਪਨਪਿਆ, ਇਹ ਪਹਿਲਾਂ ਤੋਂ ਹੀ ਮੌਜੂਦ ਸੀ। ਇਸੇ ਤਰ੍ਹਾਂ ਭਾਰਤ ਵਿਚ ਈਸਾਈ ਧਰਮ ਦੀ ਆਮਦ ਵੀ ਮੋਟੇ ਤੌਰ 'ਤੇ ਯੂਰੋਪੀਅਨ ਬਸਤੀਵਾਦੀਆਂ ਦੇ ਆਉਣ ਨਾਲ ਹੋਈ ਜਦੋਂ ਕਿ ਇਸ ਨੂੰ ਅਪਣਾਉਣ ਵਾਲੇ ਵੱਖ ਵੱਖ ਕੌਮੀਅਤਾਂ ਦੇ ਲੋਕ ਸਦੀਆਂ ਤੋਂ ਭਾਰਤ ਵਿਚ ਵਸਦੇ ਆ ਰਹੇ ਸਨ। ਇਸੇ ਤਰ੍ਹਾਂ ਕਿਸੇ ਵੇਲੇ ਦੇਸ਼ ਦੇ ਪ੍ਰਮੁੱਖ ਧਰਮ ਵਜੋਂ ਹੋਂਦ ਵਿਚ ਆਇਆ ਬੁੱਧ ਧਰਮ ਸਮਾਂ ਪੈ ਕੇ, ਭਾਰਤ ਦੇ ਵੱਡੇ ਭਾਗਾਂ ਵਿਚੋਂ ਲਗਭਗ ਲੋਪ ਹੋ ਗਿਆ।

ਭਾਰਤ ਵਿਚ ਦੋ ਦਰਜਨ ਦੇ ਕਰੀਬ ਕੌਮੀਅਤਾਂ ਹਨ ਜਿਨ੍ਹਾਂ ਦੀ ਭਾਰੀ ਗਿਣਤੀ ਹਿੰਦੂ ਧਰਮ ਨੂੰ ਮੰਨਦੀ ਹੈ ਪਰ ਇਕ ਹੀ ਧਰਮ ਨੂੰ ਮੰਨਣ ਦੇ ਬਾਵਜੂਦ ਉਨ੍ਹਾਂ ਦੀ ਵਸੋਂ/ਜਨਤਾ 'ਹਿੰਦੂ ਕੌਮ' ਨਹੀਂ ਬਣ ਜਾਂਦੀ। ਸਾਂਝੇ ਧਰਮ ਦੇ ਹੁੰਦਿਆਂ ਵੀ ਉਹ ਬੰਗਾਲੀ, ਮਲਿਆਲੀ, ਤਾਮਿਲ, ਤੈਲਗੂ, ਪੰਜਾਬੀ ਆਦਿ ਕੌਮੀਅਤਾਂ ਦੇ ਅੰਗ ਹਨ। ਇਕ ਕੌਮੀਅਤ ਦੇ ਲੋਕਾਂ ਨੂੰ ਜੋੜਨ ਲਈ ਧਰਮ ਕੋਈ ਭੂਮਿਕਾ ਨਹੀਂ ਨਿਭਾਉਂਦਾ। ਜੇ ਅਜਿਹਾ ਹੁੰਦਾ ਤਾਂ ਈਸਾਈ ਧਰਮ ਨੂੰ ਮੰਨਣ ਵਾਲੇ ਅਨੇਕਾਂ ਹੀ ਅਲੱਗ ਅਲੱਗ ਦੇਸ਼ ਨਾ ਹੁੰਦੇ। ਉਨ੍ਹਾਂ ਵਿਚ ਵਸਣ ਵਾਲੇ ਲੋਕ ਆਪਣੇ ਆਪ ਨੂੰ ਬਰਤਾਨਵੀ, ਫਰਾਂਸੀਸੀ, ਸਪੇਨੀ, ਪੁਰਤਗਾਲੀ, ਰੂਸੀ, ਜਰਮਨ, ਅਮਰੀਕਨ ਆਦਿ ਕਹਿਣ ਦੀ ਬਜਾਇ 'ਈਸਾਈ ਕੌਮ' ਕਹਾਉਂਦੇ ਪਰ ਅਜਿਹਾ ਨਹੀਂ ਹੁੰਦਾ। ਦੋ ਕੌਮਾਂ ਦੇ ਸਿਧਾਂਤ ਦੇ ਆਧਾਰ 'ਤੇ ਵੱਖ ਹੋਏ ਪਾਕਿਸਤਾਨ ਵਿਚ ਵੀ 'ਮੁਸਲਮਾਨ ਕੌਮ' ਨਾਂ ਦੀ ਕੋਈ ਚੀਜ਼ ਨਹੀਂ ਮਿਲਦੀ; ਜੇ ਅਜਿਹਾ ਹੁੰਦਾ ਤਾਂ ਬੰਗਾਲੀ ਕੌਮ ਦੇ ਮੁਸਲਮਾਨਾਂ ਨੂੰ ਬੰਗਲਾਦੇਸ਼ ਬਣਾਉਣ ਦੀ ਕੋਈ ਲੋੜ ਹੀ ਨਹੀਂ ਸੀ। ਮੌਜੂਦਾ ਪਾਕਿਸਤਾਨ ਅੰਦਰ ਹੀ ਇਸ ਵੇਲੇ ਮੁੱਖ ਚਾਰ ਕੌਮਾਂ ਹਨ- ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਣ ਜਿਨ੍ਹਾਂ ਦੀਆਂ ਕੌਮੀ ਮੰਗਾਂ/ਮਸਲਿਆਂ ਦੇ ਆਧਾਰ ਉੱਪਰ ਆਪੋ



ਵਿਚ ਤਿੱਖੀਆਂ ਵਿਰੋਧਤਾਈਆਂ ਹਨ।

ਸਿੱਖ ਗੁਰੂ ਜਿੱਥੇ ਵੀ ਗਏ, ਉੱਥੇ ਸਿੱਖੀ ਦਾ ਫੈਲਾਓ ਹੋਇਆ, ਭਾਵੇਂ ਪੰਜਾਬ ਦੇ ਮੁਕਾਬਲੇ ਭਾਰਤ ਦੇ ਬਾਕੀ ਸੂਬਿਆਂ ਵਿਚ ਇਹ ਬਹੁਤ ਹੀ ਘੱਟ ਹੈ। ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਪੰਜਾਬੀ, ਮਰਾਠੇ, ਬਿਹਾਰੀ, ਬੰਗਾਲੀ, ਅਸਾਮੀ ਆਦਿ ਮਿਲਦੇ ਹਨ। ਸਾਂਝੇ ਧਰਮ ਨੂੰ ਮੰਨਣ ਦੇ ਬਾਵਜੂਦ ਉਹ ਵੱਖ ਵੱਖ ਕੌਮੀਅਤਾਂ ਦੇ ਭਾਗ ਹਨ। ਪੰਜਾਬ ਵਿਚ ਵਸਦੇ ਸਿੱਖ ਵੀ ਪੰਜਾਬੀ ਕੌਮੀਅਤ ਦਾ ਉਵੇਂ ਹੀ ਅੰਗ ਹਨ ਜਿਵੇਂ ਹਿੰਦੂ ਪੰਜਾਬੀ ਜਾਂ ਮੁਸਲਮਾਨ ਪੰਜਾਬੀ। ਇਨ੍ਹਾਂ ਸਭਨਾਂ ਦਾ ਜ਼ਬਾਨ, ਸਾਹਿਤ, ਸਭਿਆਚਾਰ, ਇਲਾਕਾ, ਨਸਲ, ਇਤਿਹਾਸ ਅਤੇ ਆਰਥਿਕਤਾ ਸਾਂਝੀ ਹੈ। ਇਨ੍ਹਾਂ ਦੇ ਗੀਤ, ਗਿੱਧੇ, ਭੰਗੜੇ, ਮੌਤ 'ਤੇ ਪੈਣ ਵਾਲੇ ਵੈਣ, ਸਮਾਜਿਕ ਵਰਤੋਂ ਵਿਹਾਰ, ਰਸਮੋ-ਰਿਵਾਜ਼, ਮੇਲੇ ਤਿਓਹਾਰ ਆਦਿ ਸਭ ਸਾਂਝੇ ਹਨ। ਪੰਜਾਬ ਵਿਚ ਰਹਿਣ ਵਾਲੇ ਹਿੰਦੂ ਹੋ ਸਕਦੇ ਹਨ, ਸਿੱਖ ਹੋ ਸਕਦੇ ਹਨ, ਮੁਸਲਮਾਨ ਹੋ ਸਕਦੇ ਹਨ ਪਰ 'ਹਿੰਦੂ ਕੌਮ', 'ਸਿੱਖ ਕੌਮ' ਤੇ 'ਮੁਸਲਮਾਨ ਕੌਮ' ਨਹੀਂ ਹੋ ਸਕਦੇ। ਉਹ ਪੰਜਾਬੀ ਹਨ ਅਤੇ ਪੰਜਾਬੀ ਕੌਮੀਅਤ ਦਾ ਹੀ ਅੰਗ ਰਹਿਣਗੇ।


ਪੰਜਾਬੀ ਕੌਮੀਅਤ ਅੰਦਰ ਦੋ ਮਸਲੇ ਹਨ; ਇਕ ਪੰਜਾਬੀ ਕੌਮੀਅਤ ਦੇ ਅਗਲੇਰੇ ਵਿਕਾਸ ਦਾ, ਇਹਦੇ ਵਿਰੁੱਧ ਕੀਤੇ ਜਾਂਦੇ ਵਿਤਕਰਿਆਂ ਦਾ; ਦੂਜਾ ਸਿੱਖ ਧਾਰਮਿਕ ਘੱਟ ਗਿਣਤੀ ਦੇ ਮੰਗਾਂ ਮਸਲਿਆਂ ਦਾ। ਇਨ੍ਹਾਂ ਲਈ ਦੋ ਵੱਖ ਵੱਖ ਹੱਲਾਂ ਦੀ ਲੋੜ ਹੈ। ਪੰਜਾਬੀ ਕੌਮੀਅਤ ਵੱਲੋਂ ਭਾਰਤ ਨਾਲੋਂ ਵੱਖਰੇ ਹੋਣ ਦੀ ਮੰਗ ਪੰਜਾਬੀਆਂ ਦੀ ਨਹੀਂ ਤੇ ਨਾ ਹੀ ਪੰਜਾਬੀ ਕੌਮੀਅਤ ਦੇ ਭਾਰੂ ਹਿੱਸੇ ਸਿੱਖਾਂ ਦੀ। ਪੰਜਾਬੀ ਕੌਮੀਅਤ ਦੀ ਅਸਲ ਮੰਗ ਸੱਚੀਮੁੱਚੀ ਦੇ ਫੈਡਰਲ ਭਾਰਤ ਦੀ ਹੈ। ਇਹ ਮੰਗ ਹੱਕੀ ਵੀ ਹੈ, ਜਮਹੂਰੀ ਵੀ। ਪੰਜਾਬੀ ਸਭ ਤੋਂ ਵੱਧ ਵਿਕਸਤ ਕੌਮੀਅਤ ਹਨ ਤੇ ਇਨ੍ਹਾਂ ਦੀ ਪ੍ਰਤੀ ਜੀਅ ਆਮਦਨ ਵੀ ਹੋਰਨਾਂ ਨਾਲੋਂ ਜ਼ਿਆਦਾ ਹੈ। ਪੰਜਾਬੀਆਂ ਦੀ ਕੇਂਦਰੀ ਰਿਆਸਤ ਦੇ ਸਿਆਸੀ ਆਰਥਿਕ ਕਲ-ਪੁਰਜ਼ਿਆਂ 'ਤੇ ਵੀ ਬਰਾਬਰ ਦੀ ਪੁੱਗਤ ਹੈ। ਫਿਰ ਵੀ ਪੰਜਾਬ ਦਾ ਆਰਥਿਕ ਵਿਕਾਸ ਨਹੀਂ ਕੀਤਾ ਗਿਆ। ਖੇਤੀ ਪੈਦਾਵਾਰ ਖੜੋਤ ਦਾ ਸ਼ਿਕਾਰ ਹੈ। ਵੱਡੀਆਂ ਅਤੇ ਦਰਮਿਆਨੀਆਂ ਸਨਅਤਾਂ ਦੀ ਕਮੀ ਹੈ, ਪੰਜਾਬ ਨੂੰ ਐਗਰੋ ਇੰਡਸਟਰੀ ਚਾਹੀਦੀ ਹੈ। ਪੰਜਾਬ ਨਾਲ ਸਿਆਸੀ ਧੱਕੇਸ਼ਾਹੀਆਂ ਹੋਈਆਂ ਹਨ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ ਗਏ। ਪੰਜਾਬੀ ਭਾਸ਼ਾ ਦੇ ਵਿਕਾਸ ਵੱਲ, ਇਸ ਨੂੰ ਰਾਜ ਭਾਸ਼ਾ ਵਜੋਂ ਹਕੀਕੀ ਰੂਪ ਵਿਚ ਲਾਗੂ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ। ਸਭ ਤੋਂ ਵੱਡੀ ਗੱਲ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਅਜੇ ਤੱਕ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ। ਪੰਜਾਬ ਦੇ ਦਰਿਆਈ ਪਾਣੀਆਂ ਦੀ ਨਿਆਈਂ ਵੰਡ ਨਹੀਂ ਕੀਤੀ ਗਈ, ਪਣ-ਬਿਜਲੀ ਤੇ ਹੈੱਡ-ਵਰਕਸਾਂ ਦਾ ਕੰਟਰੋਲ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਨੂੰ ਹਰਿਆਣਾ, ਹਿਮਾਚਲ ਅਤੇ ਦਿੱਲੀ ਵਿਚ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਤੋਂ ਇਨਕਾਰ ਕੀਤਾ ਗਿਆ। ਇਨ੍ਹਾਂ ਸਾਰੀਆਂ ਜਮਹੂਰੀ ਮੰਗਾਂ ਦੇ ਪੂਰੇ ਹੋਣ ਨਾਲ ਹੀ ਪੰਜਾਬੀ ਕੌਮੀਅਤ ਨਾਲ ਕੀਤੇ ਵਿਤਕਰਿਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਅੱਜ ਇਹ ਸਮਝਣ ਦੀ ਲੋੜ ਹੈ। ਕੀ ਕੌਮੀਅਤਾਂ ਨੇ ਮਿਲ ਕੇ ਕੌਮੀ ਰੂਪ ਵਿਚ ਇਕਜੁੱਟ ਹੋ ਕੇ ਆਜ਼ਾਦੀ ਤੇ ਮੁਕਤੀ ਦਾ ਮਸਲਾ ਹੱਥ ਲਿਆ ਹੈ? ਇਹ ਮਸਲਾ ਉਨਾ ਚਿਰ ਹੱਲ ਨਹੀਂ ਹੋ ਸਕਦਾ ਜਿੰਨਾ ਚਿਰ ਸਾਰੀਆਂ ਵਿਕਸਤ ਅਤੇ ਵਿਕਾਸ ਦੇ ਰਾਹ ਪਈਆਂ ਕੌਮੀਅਤਾਂ ਵੱਲੋਂ ਦੇਸ਼ ਵਿਆਪੀ ਪੱਧਰ ਉਤੇ ਇਕ ਜੁਟ ਨਹੀਂ ਹੋਇਆ ਜਾਂਦਾ। ਇਸ ਦੀ ਵੱਡੀ ਮਿਸਾਲ 1917 ਦੇ ਸੋਵੀਅਤ ਰੂਸੀ ਇਨਕਲਾਬ ਤੋਂ ਪਹਿਲਾਂ ਸ਼ੁਰੂਆਤ ਹੋਈ ਸੀ ਗਦਰ ਪਾਰਟੀ ਕੌਮਾਂਤਰੀਵਾਦ ਦੀ ਮਿਸਾਲ ਬਣੀ। ਫੇਰ ਕਮਿਊਨਿਸਟ ਪਾਰਟੀਆਂ ਨੇ ਕੌਮਾਂਤਰੀਵਾਦ ਦੀ ਮਿਸਾਲ ਪੇਸ਼ ਕਰ ਕੇ ਸੰਘਰਸ਼ਾਂ ਦਾ ਬਾਨ੍ਹਣੂੰ ਬੰਨ੍ਹਿਆ। ਅਸਲ ਵਿਚ ਇਹ ਸੰਸਾਰ ਪੱਧਰ ਉੱਤੇ ਪੂੰਜੀ ਦਾ ਸਾਮਰਾਜੀ ਤਾਕਤਾਂ ਦੇ ਹੱਥਾਂ ਵਿਚ ਇਕੱਤਰੀਕਰਣ ਤੇ ਕੇਂਦਰੀਕ੍ਰਿਤ ਹੋਣਾ ਸੀ। ਉਸ ਵਿਰੁੱਧ ਸੰਘਰਸ਼ ਵੀ ਲੁਟੀਦੀਆਂ ਜਮਾਤਾਂ ਵਲੋਂ ਕੀਤਾ ਗਿਆ। ਸੋਵੀਅਤ ਰੂਸੀ ਇਨਕਲਾਬ ਨੇ ਆਜ਼ਾਦੀ ਤੇ ਜਮਹੂਰੀਅਤ ਲਈ ਰਸਤੇ ਸਾਫ਼ ਕੀਤੇ। 1947 ਵਿਚ ਜਦੋਂ ਆਜ਼ਾਦੀ ਇਥੋਂ ਦੀ ਕੌਮੀ ਪਾਰਟੀ ਨੇ ਲੈ ਕੇ ਦਿੱਤੀ ਉਸ ਅਧੂਰੀ ਆਜ਼ਾਦੀ ਦਾ ਸਿੱਟਾ ਸਭ ਦੇ ਸਾਹਮਣੇ ਹੈ। ਜੇਕਰ ਅਜੇਹੀ ਆਜ਼ਾਦੀ ਵੱਖ ਵੱਖ ਕੌਮੀਅਤਾਂ ਆਪੋ ਆਪਣੇ ਰਾਹ ਚੱਲ ਕੇ ਲੈਣਾ ਚਾਹੁੰਦੀਆਂ ਉਹ ਖ਼ੁਆਬ ਕਦੇ ਪੂਰਾ ਨਾ ਹੁੰਦਾ। ਸੋ ਅੱਜ ਦੀ ਅਹਿਮ ਲੋੜ ਪਹਿਲਾਂ ਕੌਮੀ ਪੱਧਰ ਉਤੇ ਪਿਛਾਖੜੀ ਸੱਤਾ ਨੂੰ ਉਖਾੜਨਾ ਹੈ। ਉਸ ਤੋਂ ਬਾਅਦ ਹੀ ਸੂਬਾਈ ਪੱਧਰ ਦੇ ਮਸਲੇ ਤੇ ਇਲਾਕਾਈ ਜਮਹੂਰੀਅਤ ਬਹਾਲ ਕੀਤੀ ਜਾ ਸਕਦੀ ਹੈ ਕਿਉਂਕਿ ਹਰ ਮਸਲਾ ਕੌਮੀ ਹਕੂਮਤ ਨਾਲ ਬੱਝਿਆ ਹੋਇਆ ਹੈ। ਉਸ ਵਿਰੁੱਧ ਵੱਖ ਵੱਖ ਸੂਬਿਆਂ ਦੀਆ ਕੌਮੀਅਤਾਂ ਅਲੱਗ ਅਲੱਗ ਘੋਲ ਕਰੀ ਜਾਣ ਕੇਂਦਰ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ। ਇਹ ਮਸਲਿਆਂ ਨੂੰ ਇਕੋ ਇਕ ਮਜ਼ਦੂਰ ਜਮਾਤ ਦੀ ਪਾਰਟੀ ਹੀ ਹੱਲ ਕਰ ਸਕਦੀ ਹੈ। ਉਸ ਦੀ ਅਗਵਾਈ ਵਿਚ ਨਿੱਕ ਬੁਰਜੂਆ ਕੌਮੀਅਤਾਂ ਨਿਜਾਤ ਪਾ ਸਕਦੀਆਂ ਹਨ। ਉਨ੍ਹਾਂ ਨੂੰ ਸਾਂਝੇ ਫਰੰਟ ਵਿਚ ਸ਼ਾਮਲ ਕਰ ਕੇ ਪਹਿਲਾਂ ਕੌਮੀ ਪਿਛਾਖੜੀ ਸੱਤਾ ਨੂੰ ਉਖਾੜਨਾ ਮੁੱਖ ਕਾਰਜ ਹੈ ਨਾ ਕਿ ਇਸ ਦੇ ਉਲਟ ਸੂਬਾਈ ਜਮਹੂਰੀਅਤ ਨੂੰ ਲੈ ਕੇ ਘੋਲ ਲੜੇ ਜਾਣ। ਇਹੋ ਜਿਹੀ ਦੁਨੀਆ ਭਰ ਵਿਚ ਇਕ ਵੀ ਮਿਸਾਲ ਨਹੀਂ ਮਿਲਦੀ ਕਿ ਪਹਿਲਾਂ ਸੂਬਾਈ ਸਿਆਸੀ ਤੇ ਆਰਥਿਕ ਮਸਲੇ ਹੱਲ ਕੀਤੇ ਗਏ ਹੋਣ। ਅਸਲ ਵਿਚ ਸਾਡੇ ਦੇਸ਼ ਦੀ ਨਿੱਕ ਬੁਰਜੂਆ ਜਮਾਤ ਕੌਮੀ ਅਤੇ ਖੇਤਰੀ ਮਸਲਿਆਂ ਨੂੰ ਅਗਵਾਈ ਦੇਣ ਦੇ ਯੋਗ ਨਹੀਂ ਹੈ। ਇਸ ਕਰਕੇ ਉਹ ਕੌਮੀ ਪਾਰਟੀਆਂ ਦੀ ਪੂਛ ਬਣਦੀਆਂ ਹਨ। ਹੁਣ ਤਾਜ਼ਾ ਮਿਸਾਲ ਕਿਸਾਨ ਮਸਲਿਆਂ ਤੇ ਸੰਘਰਸ਼ ਦੀ ਲਵੋ। ਇਹ ਪ੍ਰਮੁੱਖ ਤੌਰ ਉੱਤੇ ਕੌਮੀ ਪੱਧਰ ਦਾ ਮਸਲਾ ਹੈ। ਇਸ ਲਈ ਇਹ ਸੰਘਰਸ਼ ਕੇਂਦਰ ਸਰਕਾਰ ਵਿਰੁੱਧ ਹੈ। ਇਸ ਤੋਂ ਅੱਗੇ ਮਜ਼ਦੂਰ ਜਮਾਤ ਦੇ ਮਸਲੇ ਵੀ ਮੁੱਖ ਰੂਪ ਵਿਚ ਕੌਮੀ ਅਤੇ ਕੌਮਾਂਤਰੀ ਹਨ। ਹੁਣ ਲਵੋ ਪੰਜਾਬ ਦੀ ਪੰਜਾਬੀ ਬੋਲੀ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਹਾਸਲ ਕਰਨੇ ਤੇ ਸਿੱਖ ਬੰਦੀਆਂ ਨੂੰ ਛੁਡਾਉਣ ਦੇ ਮਸਲੇ। ਉਨ੍ਹਾਂ ਨੂੰ ਕਿਸਾਨ ਤੇ ਮਜ਼ਦੂਰਾਂ ਨੇ ਪ੍ਰਮੁੱਖ ਕਿਉਂ ਨਹੀਂ ਬਣਾਇਆ? ਕੀ ਉਹ ਪਹਿਲਾਂ ਸੂਬਾਈ ਜਮਹੂਰੀਅਤ ਹਾਸਲ ਕਰ ਲੈਂਦੇ? ਉਲਟਾ ਕਿਸਾਨ ਯੂਨੀਅਨਾਂ ਨੇ ਮੁੜ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਵਿੱਢ ਲਿਆ ਹੈ। ਕਿਉਂ? ਕੀ ਕੋਈ ਵੀ ਸੂਬਾਈ ਜਮਹੂਰੀਅਤ ਤੇ ਖੇਤਰੀ ਮੰਗਾਂ ਲਈ ਘੋਲ ਵਗੈਰ ਮਜ਼ਦੂਰਾਂ ਕਿਸਾਨਾਂ ਦੀ ਵਿਸ਼ਾਲ ਸ਼ਮੂਲੀਅਤ ਤੋਂ ਜਿੱਤਿਆ ਜਾ ਸਕਦਾ ਹੈ? ਕੀ ਪੰਜਾਬ ਦੀਆਂ ਕੌਮੀ ਖੇਤਰੀ ਸਿਆਸੀ ਪਾਰਟੀਆਂ ਉਹ ਵੀ ਧਰਮ ਤੇ ਜਾਤ ਪਾਤ ਆਧਾਰਤ ਵਿਸ਼ਾਲ ਮਜ਼ਦੂਰਾਂ ਤੇ ਕਿਸਾਨਾਂ ਨੂੰ ਖੇਤਰੀ ਮੁੱਦਿਆਂ ਨੂੰ ਲੈ ਕੇ ਲਾਮਬੰਦ ਕਰ ਸਕਦੀਆਂ ਹਨ? ਇਸ ਦਾ ਜਵਾਬ ਦੇਣਾ ਬਣਦਾ ਹੈ। ਅਸਲ ਵਿਚ ਖੇਤਰੀ ਸਿਆਸੀ ਪਾਰਟੀਆਂ ਮਜ਼ਦੂਰਾਂ ਕਿਸਾਨਾਂ ਦੇ ਅਹਿਮ ਮਸਲਿਆਂ ਨੂੰ ਅੱਖੋਂ ਪਰੋਖੇ ਕਰ ਕੇ ਉਨ੍ਹਾਂ ਦੀ ਲਾਮਬੰਦੀ ਤੋਂ ਬਗੈਰ ਹੀ ਕੇਂਦਰ ਨਾਲ ਹੱਥੋਪਾਈ ਹੁੰਦੀਆਂ ਹਨ ਅਤੇ ਹਰ ਵਾਰ ਹੀ ਮੂੰਹ ਦੀ ਖਾਂਦੀਆਂ ਹਨ। ਸੋ ਸੂਬਾਈ ਸਿਆਸੀ ਤੇ ਆਰਥਿਕ ਮਸਲੇ ਮਜ਼ਦੂਰਾਂ-ਕਿਸਾਨਾਂ, ਨੌਜਵਾਨਾਂ ਦੀ ਤਾਕਤ ਬਿਨਾਂ ਹੱਲ ਨਹੀਂ ਕੀਤੇ ਜਾ ਸਕਦੇ। ਸੋ ਮੌਜੂਦਾ ਸਮੇਂ ਮੁੱਖ ਸੰਘਰਸ਼ ਪਿਛਾਖੜੀ ਕੇਂਦਰ ਵੱਲ ਸੇਧਤ ਹੁੰਦੇ ਜਾ ਰਹੇ ਹਨ। ਖੇਤਰੀ ਸਿਆਸੀ ਪਾਰਟੀਆਂ ਦਾ ਉਨ੍ਹਾਂ ਪ੍ਰਤੀ ਕੀ ਰੋਲ ਹੈ, ਇਹ ਸਭ ਦੇ ਸਾਹਮਣੇ ਹੈ। ਜੇਕਰ ਕੋਈ ਨਵੀਂ ਖੇਤਰੀ ਸਿਆਸੀ ਪਾਰਟੀ ਬਣਾ ਕੇ ਇਹ ਕੰਮ ਕਰੇਗਾ ਸਿਰੇ ਨਹੀਂ ਲਗੇਗਾ। ਮੌਜੂਦਾ ਸਮੇਂ ਦੀ ਲੋੜ ਹੈ ਮਜ਼ਦੂਰਾਂ ਕਿਸਾਨਾਂ ਦੇ ਅਹਿਮ ਮਸਲਿਆਂ ਨੂੰ ਹੱਲ ਕਰਨ ਲਈ ਕੇਂਦਰ ਪੱਧਰ ਉਤੇ ਸੇਧਤ ਹੋਇਆ ਜਾਵੇ।

ਭਾਰਤ ਵਿਚ ਕੌਮੀ ਸਵਾਲ ਨੂੰ ਵਿਗਿਆਨਕ ਜਮਹੂਰੀ ਢੰਗ ਨਾਲ ਹੱਲ ਕੀਤੇ ਬਿਨਾਂ ਕੌਮੀਅਤਾਂ ਦੇ ਗਿਲੇ-ਸ਼ਿਕਵੇ ਦੂਰ ਨਹੀਂ ਕੀਤੇ ਜਾ ਸਕਦੇ, ਨਾ ਹੀ ਉਨ੍ਹਾਂ ਦਾ ਇਕਸਾਰ ਬਰਾਬਰ ਵਿਕਾਸ ਸੰਭਵ ਹੈ। ਨਾਲ ਹੀ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕੌਮੀਅਤਾਂ ਦੇ ਘੋਲਾਂ ਨੂੰ ਮੌਜੂਦਾ ਅਗਵਾਈ ਦੇ ਰਹੀਆਂ ਸ਼ਕਤੀਆਂ ਆਪਣੀ ਇਤਿਹਾਸਕ ਕਮਜ਼ੋਰੀ ਅਤੇ ਜਮਾਤੀ ਹਿੱਤਾਂ ਸਕਦਾ ਜਿੱਤ ਤੱਕ ਨਹੀਂ ਪਹੁੰਚਾ ਸਕਦੀਆਂ। ਅਵਿਕਸਤ ਅਤੇ ਸਾਮਰਾਜ ਦੇ ਸਿੱਧੇ ਜਾਂ ਅਸਿੱਧੇ ਗਲਬੇ ਵਾਲੇ ਦੇਸ਼ਾਂ ਵਿਚ ਕੌਮੀ ਸਵਾਲ ਨਵੀਂ ਤਰ੍ਹਾਂ ਦੇ ਲੋਕ ਜਮਹੂਰੀ ਇਨਕਲਾਬ ਨਾਲ ਜੁੜਿਆ ਹੋਇਆ ਹੈ। ਇਹ ਕਾਰਜ ਸਿਰਫ਼ ਧਰਮ ਨਿਰਪੱਖ, ਇਨਕਲਾਬੀ ਅਤੇ ਜਮਹੂਰੀ ਜਥੇਬੰਦੀਆਂ ਹੀ ਨੇਪਰੇ ਚਾੜ੍ਹ ਸਕਦੀਆਂ ਹਨ। ਕੌਮੀਅਤਾਂ ਦੇ ਘੋਲ ਨੂੰ ਬੁਨਿਆਦੀ ਸਮਾਜਿਕ ਤਬਦੀਲੀ ਦੇ ਅੰਗ ਵਜੋਂ ਲੈਣਾ ਪਵੇਗਾ ਪਰ ਫੌਰੀ ਤੌਰ 'ਤੇ ਕੌਮੀਅਤਾਂ/ਰਾਜਾਂ ਨੂੰ ਵੱਧ ਅਧਿਕਾਰ ਦਿੰਦੇ ਹੋਏ ਵਿਵਸਥਾ ਨੂੰ ਹਕੀਕੀ ਫੈਡਰਲ ਰੂਪ ਦੇ ਕੇ ਹੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਜਾ ਸਕਦਾ ਹੈ।

## ਮਰਦਾਨਾ ਜੀ ਕਹਿਤ ਰਹੇ...

ਸਚਖੰਡ ਵਿਖੇ ਬਾਬਾ ਨਾਨਕ, ਭਾਈ ਬਾਲਾ ਜੀ ਅਤੇ ਮਰਦਾਨਾ ਜੀ ਵਿਚ ਇਸ ਗੁਰਪੁਰਬ 'ਤੇ ਮਾਤਲੋਕ ਦਾ ਦੌਰਾ ਕਰਨ ਬਾਰੇ ਵਿਚਾਰ ਚਰਚਾ ਹੋ ਰਹੀ ਹੈ। ਭਾਈ ਮਰਦਾਨਾ ਜੀ ਇਸ ਫੇਰੀ ਦੇ ਸਖ਼ਤ ਵਿਰੁੱਧ ਹਨ। ਜਦ ਗੁਰੂ ਸਾਹਿਬ ਉਸ ਤੋਂ ਇਸ ਦਾ ਕਾਰਨ ਜਾਨਣਾ ਚਾਹਿਆ ਤਾਂ ਮਰਦਾਨਾ



**ਹਰਜੀਤ ਦਿਓਲ**

ਪਹਿਲਾਂ ਮੁਸਕਰਾਇਆ ਤੇ ਫੇਰ ਕਹਿਣ ਲੱਗਾ "ਗੁਰੂ ਜੀ ਆਪ ਸਭ ਜਾਨਣਹਾਰ ਹੋ ਆਪ ਤੋਂ ਕੀ ਲੁਕਿਆ ਹੈ। ਫੇਰ ਵੀ ਜੇਕਰ ਆਪ ਨੇ ਮੇਰੇ ਮੂੰਹੋਂ ਹੀ ਸੁਣਨ ਦੀ ਸੇਵਾ ਲਾਈ ਹੈ ਤਾਂ ਸੁਣੋ "ਮਾਤਲੋਕ ਵਿਚ ਧਾਡੇ ਸਿੱਖ ਹੁਣ ਧਾਡੀਆਂ ਸਿਖਿਆਵਾਂ ਤੋਂ ਪੂਰੀ ਤਰ੍ਹਾਂ ਬੇਮੁੱਖ ਹਨ। ਹੁਣ ਹਾਲਾਤ ਇਹ ਹੋ ਗਏ ਹਨ ਕਿ ਜੇਕਰ ਆਪ ਜਾਣਾ ਵੀ ਚਾਹੋ ਤਾਂ ਆਪ ਨੂੰ ਜ਼ੈੱਡ ਪਲੱਸ ਸੁਰੱਖਿਆ ਲੈ ਕੇ ਜਾਣਾ ਪਵੇਗਾ।"

ਬਾਬਾ ਜੀ ਸਭ ਜਾਣਦਿਆਂ ਵੀ ਮਰਦਾਨੇ ਮੂੰਹੋਂ ਸੁਣਨਾ ਲੋਚਦੇ ਸਨ ਸੋ ਪੁੱਛਿਆ "ਜ਼ੈੱਡ ਪਲੱਸ ਸੁਰੱਖਿਆ? ਇਹ ਕੀ?"।

ਮਰਦਾਨੇ ਫਰਮਾਇਆ "ਮਾਤਲੋਕ ਵਿਚ ਸਾਰੇ ਵੀ ਆਈ ਪੀ ਆਪਣੇ ਔਹਦੇ ਅਨੁਸਾਰ ਸੁਰੱਖਿਆ ਲੈ ਕੇ ਚਲਦੇ ਹਨ ਤਾ ਕਿ ਉਨ੍ਹਾਂ 'ਤੇ ਕੋਈ ਹਮਲਾ ਨਾ ਕਰ ਸਕੇ"।

"ਮੇਰੇ 'ਤੇ ਕੋਈ ਹਮਲਾ ਕਿਉਂ ਕਰੂ? ਮੈਂ ਤਾਂ ਆਪਣੀਆਂ ਉਦਾਸੀਆਂ ਦੌਰਾਨ ਸਾਰੀ ਦੁਨੀਆਂ ਘੁੰਮ ਆਪਣਾ ਉਪਦੇਸ਼ ਦੇ ਆਇਆ ਹਾਂ ਕੋਈ ਕੁਸਕਿਆ ਤੱਕ ਨਹੀਂ?" ਬਾਬੇ ਕਿਹਾ ਤਾਂ ਮਰਦਾਨੇ ਖੁਲਾਸਾ ਕੀਤਾ-

"ਉਹ ਦਿਨ ਗਏ ਬਾਬਾ ਜੀ ਹੁਣ ਕਲਯੁਗ ਹੈ। ਧਾਡੀ ਕਿਸੇ ਨਹੀਂ ਸੁਣਨੀ। ਗੁਰਦਵਾਰਿਆਂ ਵਿਚ ਗੋਲਕ ਦੀ ਮਾਇਆ ਪਿੱਛੇ ਧਾਡੇ ਸ਼ਰਧਾਲੂ ਪੱਗੋ ਲੱਥੀ ਹੋ ਰਹੇ ਹਨ। ਚੜ੍ਹਾਵੇ ਦਾ ਦੁਰਉਪਯੋਗ ਹੋ ਰਿਹਾ ਹੈ। ਹੇਰਾ-ਫੇਰੀਆਂ ਹੋ ਰਹੀਆਂ ਹਨ। ਅਣਗਿਣਤ ਪਾਖੰਡ ਕੀਤੇ ਜਾ ਰਹੇ ਹਨ। ਸਰਬ-ਸਾਂਝੀਵਾਲਤਾ ਤਾਰ ਤਾਰ ਹੋ ਰਹੀ ਹੈ। ਜੇ ਕੁਝ ਕੁ ਸੱਚੇ ਸ਼ਰਧਾਲੂ ਟੋਕਣ ਦਾ ਹੌਸਲਾ ਕਰਦੇ ਹਨ ਤਾਂ ਉਨ੍ਹਾਂ ਦਾ ਸੋਧਾ ਲੱਗ ਜਾਂਦਾ ਹੈ"।

"ਸੋਧਾ? ਇਹ ਕੀ?" ਬਾਬੇ ਜਾਨਣਾ ਚਾਹਿਆ ਤਾਂ ਮਰਦਾਨੇ ਦੱਸਿਆ-

" ਧਰਮ 'ਤੇ ਕਾਬਜ਼ ਇਨ੍ਹਾਂ ਸਿੱਖਾਂ ਦੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਗੱਡੀ ਚੜ੍ਹਾ ਉਨ੍ਹਾਂ ਦਾ ਮੂੰਹ ਬੰਦ ਕਰ ਦਿੱਤਾ ਜਾਂਦਾ ਹੈ ਇਸ ਨੂੰ ਹੀ ਅੱਜ ਦੇ ਸਿੱਖ ਸੋਧਾ ਕਹਿੰਦੇ ਹਨ"। ਮਰਦਾਨੇ ਕਿਹਾ।

"ਗੱਡੀ ਚੜ੍ਹਾਉਣਾ?" ਜਦ ਬਾਬੇ ਹੈਰਾਨੀ ਜਤਾਈ ਤਾਂ ਮਰਦਾਨੇ ਦਾ ਸਬਰ ਟੁੱਟ ਗਿਆ ਤੇ ਕਹਿਣ ਲੱਗਾ "ਬਾਬਾ ਜੀ ਕਿਉਂ ਮੇਰੇ ਨਾਲ ਚਹੇਡਾਂ ਕਰਦੇ ਹੋ ਜਦਕਿ ਸਭ ਜਾਣਦੇ ਹੋ। ਚਲੋ ਛੱਡੋ ਮਾਤਲੋਕ ਦੀ ਚਿੰਤਾ ਤੇ ਕੋਈ ਸ਼ਬਦ ਉਚਾਰੋ"। ਇਹ ਕਹਿ ਮਰਦਾਨੇ ਰਬਾਬ ਵਜਾਉਣੀ ਆਰੰਭ ਕਰ ਦਿੱਤੀ ਤੇ ਰਸਭਿੰਨਾਂ ਇਲਾਹੀ ਕੀਰਤਨ ਫਿਜ਼ਾ ਵਿਚ ਛਾ ਗਿਆ।

# ਪਰਦੇਸੀ ਹੋ ਰਹੇ ਪੁੱਤਾਂ ਦੀ ਕਹਾਣੀ 'ਡੰਕੀ'

ਕੁਦਰਤ ਕੌਰ

21 ਦਸੰਬਰ ਨੂੰ ਰਿਲੀਜ਼ ਹੋ ਰਹੀ ਫਿਲਮ 'ਡੰਕੀ' ਵਿਦੇਸ਼ ਜਾਣ ਲਈ ਜਫਰ ਜਾਲ ਰਹੇ ਨੌਜਵਾਨਾਂ ਦੀ ਕਹਾਣੀ ਹੈ। ਇਸ ਫਿਲਮ ਦਾ ਮੁੱਖ ਵਿਸ਼ਾ ਗੈਰ-ਕਾਨੂੰਨੀ ਢੰਗ ਨਾਲ ਕੀਤਾ ਜਾ ਰਿਹਾ ਪਰਵਾਸ ਹੈ। ਪਿਛਲੇ ਕੁਝ ਸਾਲਾਂ ਤੋਂ ਵਿਦੇਸ਼ ਜਾਣ ਲਈ ਗੈਰ-ਕਾਨੂੰਨੀ ਢੰਗ-ਤਰੀਕੇ ਵਰਤਣ ਬਾਰੇ 'ਡੌਂਕੀ ਲਾਉਣਾ' ਸ਼ਬਦ ਬਹੁਤ ਮਸ਼ਹੂਰ ਹੋਇਆ ਹੈ। ਇਸ ਸ਼ਬਦ ਦੇ ਆਧਾਰ 'ਤੇ ਹੀ ਇਸ ਫਿਲਮ ਦਾ ਨਾਂ ਰੱਖਿਆ ਗਿਆ ਹੈ।


ਫਿਲਮ ਦੇ ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਹਨ ਜੋ ਇਸ ਤੋਂ ਪਹਿਲਾਂ 'ਸੰਜੂ' (2018), 'ਪੀ.ਕੇ.' (2014), '3 ਇਡੀਅਟਸ' (2009), 'ਲਗੇ ਰਹੋ ਮੁੰਨਾ ਭਾਈ' (2006) ਅਤੇ 'ਮੁੰਨਾ ਭਾਈ ਐੱਮਬੀ.ਬੀ.ਐੱਸ.' (2003) ਵਰਗੀਆਂ ਫਿਲਮਾਂ ਬਣਾ ਕੇ ਫਿਲਮੀ ਦੁਨੀਆ ਵਿਚ ਆਪਣੀ ਚਰਚਾ ਕਰਵਾ ਚੁੱਕੇ ਹਨ। ਇਸੇ ਕਰ ਕੇ ਹੁਣ ਸਭ ਦੀਆਂ ਨਜ਼ਰਾਂ ਉਸ ਦੀ ਨਵੀਂ ਫਿਲਮ 'ਡੰਕੀ' ਉਤੇ ਹਨ। ਸਭ ਇਹੀ ਦੇਖਣ ਲਈ ਉਤਸੁਕ ਹਨ ਕਿ ਉਸ ਨੇ ਆਪਣੀ ਇਸ ਫਿਲਮ ਵਿਚ ਗੈਰ-ਕਾਨੂੰਨੀ ਪਰਵਾਸ ਦੇ ਮਸਲੇ ਨੂੰ ਕਿਸ ਢੰਗ ਨਾਲ ਪੇਸ਼ ਕੀਤਾ ਹੈ। ਇਸ ਫਿਲਮ ਦੀ ਪਟਕਥਾ ਲਿਖਣ ਵਿਚ ਰਾਜ ਕੁਮਾਰ ਹਿਰਾਨੀ ਦਾ ਹੱਥ ਅਭਿਜੀਤ ਜੋਸ਼ੀ ਅਤੇ ਕਨਿਕਾ ਨੇ ਵਟਾਇਆ ਹੈ। ਅਭਿਜੀਤ ਜੋਸ਼ੀ 'ਸੰਜੂ', 'ਪੀ.ਕੇ.', '3 ਇਡੀਅਟਸ' ਅਤੇ 'ਲਗੇ ਰਹੋ ਮੁੰਨਾ ਭਾਈ' ਫਿਲਮਾਂ ਵਿਚ ਵੀ ਰਾਜ ਕੁਮਾਰ ਹਿਰਾਨੀ ਦਾ ਸਹਿ-ਪਟਕਥਾ ਲੇਖਕ ਸੀ।


ਇਸ ਫਿਲਮ ਵਿਚ ਅੱਜ ਦੇ ਕਹਿੰਦੇ-ਕਹਾਉਂਦੇ ਫਿਲਮ ਸਟਾਰ ਸ਼ਾਹਰੁਖ਼ ਖ਼ਾਨ ਤੋਂ ਇਲਾਵਾ ਤਾਪਸੀ ਪੰਨੂ, ਦੀਆ ਮਿਰਜ਼ਾ, ਵਿੱਕੀ ਕੌਸ਼ਲ, ਬੋਮਨ ਇਰਾਨੀ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹੀ ਨਹੀਂ, ਫਿਲਮ ਲਈ ਆਪਣੇ ਸਮਿਆਂ ਦੇ ਸਟਾਰ ਅਦਾਕਾਰ ਧਰਮਿੰਦਰ, ਪਰੀਕਸ਼ਿਤ ਸਾਹਨੀ, ਸਤੀਸ਼ ਸ਼ਾਹ, ਅਨਿਲ ਗਰੋਵਰ ਦੀਆਂ ਸੇਵਾਵਾਂ ਵੀ ਲਈਆਂ ਗਈਆਂ ਹਨ। ਇਹ ਪਹਿਲੀ ਫਿਲਮ ਹੈ ਜਿਸ ਵਿਚ ਰਾਜ ਕੁਮਾਰ ਹਿਰਾਨੀ ਅਤੇ ਸ਼ਾਹਰੁਖ ਖਾਨ ਨੇ ਇਕੱਠਿਆਂ ਕੰਮ ਕੀਤਾ ਹੈ। ਹੁਣ ਪਤਾ ਲੱਗਿਆ ਹੈ ਕਿ ਰਾਜ ਕੁਮਾਰ ਨੇ 'ਮੁੰਨਾ ਭਾਈ ਐੱਮਬੀ.ਬੀ.ਐੱਸ.' ਅਤੇ '3 ਇਡੀਅਟਸ' ਫਿਲਮਾਂ ਲਈ ਵੀ ਸ਼ਾਹਰੁਖ ਖਾਨ ਤੱਕ ਪਹੁੰਚ ਕੀਤੀ ਸੀ ਪਰ ਉਸ ਵਕਤ ਸ਼ਾਹਰੁਖ ਖਾਨ ਨੇ ਰਾਜ ਕੁਮਾਰ ਹਿਰਾਨੀ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ ਪਰ ਜਦੋਂ ਕੋਵਿਡ ਮਹਾਮਾਰੀ ਦੌਰਾਨ ਫਿਲਮ 'ਡੰਕੀ' 'ਤੇ ਕੰਮ ਸ਼ੁਰੂ ਹੋਇਆ ਅਤੇ ਰਾਜ ਕੁਮਾਰ ਹਿਰਾਨੀ ਨੇ ਸ਼ਾਹਰੁਖ ਖਾਨ ਨਾਲ ਸੰਪਰਕ ਕੀਤਾ ਤਾਂ ਉਸ ਨੇ ਹਰੀ ਝੰਡੀ ਦੇ ਦਿੱਤੀ।






ਉਘੇ ਫਿਲਮਸਾਜ਼ ਰਾਜ ਕੁਮਾਰ ਹਿਰਾਨੀ ਦੀ ਨਵੀਂ ਫਿਲਮ 'ਡੰਕੀ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਦ੍ਰਿਸ਼।






ਫਿਲਮ '3 ਇਡੀਅਟਸ' ਤੇ 'ਪੀ.ਕੇ.' ਦੇ ਪੋਸਟਰ ਅਤੇ ਅਤੇ ਫਿਲਮਸਾਜ਼ ਰਾਜ ਕੁਮਾਰ ਹਿਰਾਨੀ।

ਇਸ ਫਿਲਮ ਦੀ ਬਹੁਤੀ ਸ਼ੂਟਿੰਗ ਮੁੰਬਈ ਵਿਚ ਹੋਈ ਹੈ। ਪਹਿਲਾਂ-ਪਹਿਲ ਰਾਜ ਕੁਮਾਰ ਹਿਰਾਨੀ ਦਾ ਵਿਚਾਰ ਸੀ ਕਿ ਫਿਲਮ ਦੀ ਸ਼ੂਟਿੰਗ ਪੰਜਾਬ ਵਿਚ ਕੀਤੀ ਜਾਵੇ ਪਰ ਮਗਰੋਂ ਇਹ ਵਿਚਾਰ ਬਦਲ ਲਿਆ ਗਿਆ। ਮੁੰਬਈ ਤੋਂ ਇਲਾਵਾ ਬੁੱਦਾਪੈਸਟ (ਹੰਗਰੀ), ਲੰਡਨ (ਇੰਗਲੈਂਡ), ਜਬਲਪੁਰ (ਮੱਧ ਪ੍ਰਦੇਸ਼) ਵਿਚ ਵੀ ਕੀਤੀ ਗਈ ਹੈ।

ਯਾਦ ਰਹੇ ਕਿ ਅਦਾਕਾਰ ਸ਼ਾਹਰੁਖ ਖ਼ਾਨ ਫਿਲਮ 'ਪਠਾਨ' ਅਤੇ 'ਜਵਾਨ' ਦੀ ਸਫਲਤਾ ਸਦਕਾ ਆਈ.ਐੱਮ.ਡੀ.ਬੀ. ਦੀ 2023 ਦੀ ਭਾਰਤ ਦੇ ਸਭ ਤੋਂ ਵੱਧ ਹਰਮਨਪਿਆਰੇ ਕਲਾਕਾਰਾਂ ਦੀ ਸੂਚੀ 'ਚ ਅੱਵਲ ਰਿਹਾ ਹੈ। ਇਸ ਸੂਚੀ 'ਚ ਮਹਿਲਾ ਕਲਾਕਾਰਾਂ ਜਿਵੇਂ ਆਲੀਆ ਭੱਟ, ਦੀਪਿਕਾ ਪਾਦੂਕੋਨ, ਵਾਮਿਕਾ ਗੱਬੀ ਆਦਿ ਦਾ ਦਬਦਬਾ ਰਿਹਾ ਹੈ। ਆਈ.ਐੱਮ.ਡੀ.ਬੀ. ਦੀ ਭਾਰਤ ਦੀ ਮੁਖੀ ਯਾਮਿਨੀ ਪਟੌਦੀਆ ਨੇ ਦੱਸਿਆ, "ਸਾਡੀ ਟੌਪ-10 ਸੂਚੀ ਵਿਸ਼ਵ ਪੱਧਰ 'ਤੇ ਲੱਖਾਂ ਪ੍ਰਸ਼ੰਸਕਾਂ ਵੱਲੋਂ ਪੇਜ 'ਤੇ ਦਿੱਤੇ ਵਿਚਾਰਾਂ 'ਤੇ ਆਧਾਰਿਤ ਹੈ।" ਆਈ.ਐੱਮ.ਡੀ.ਬੀ. ਉਹ ਵੈੱਬਸਾਈਟ ਹੈ ਜਿਸ ਤੋਂ ਫਿਲਮਾਂ, ਟੈਲੀਵਿਜ਼ਨ ਅਤੇ ਕਲਾਕਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਵੈੱਬਸਾਈਟ ਵੱਲੋਂ ਜਾਰੀ ਇਸ ਸੂਚੀ ਵਿਚ ਆਲੀਆ ਭੱਟ ਲਗਾਤਾਰ ਦੂਜੇ ਸਾਲ ਦੂਜੇ ਨੰਬਰ 'ਤੇ ਰਹੀ ਹੈ ਜਿਸ ਦੀ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਣੀ' ਨੂੰ ਵੱਡੀ ਸਫਲਤਾ ਮਿਲੀ।

ਉਮਰ ਦਰਾਜ ਹੋਣ ਦੇ ਬਾਵਜੂਦ ਫਿਲਮੀ ਦੁਨੀਆ ਵਿਚ ਅੱਜ ਵੀ ਸ਼ਾਹਰੁਖ ਖਾਨ ਦੀ ਪੂਰੀ ਪੈਂਠ ਹੈ। ਪਿੱਛੇ ਜਿਹੇ ਉਸ ਨੇ ਆਪਣਾ 58ਵਾਂ ਜਨਮ ਦਿਨ ਮਨਾਇਆ ਤਾਂ ਇਸ ਸਬੰਧੀ ਪਾਰਟੀ ਵਿਚ ਕਈ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

# ਮਾਵਾਂ-ਧੀਆਂ: ਸ੍ਰੀਦੇਵੀ ਅਤੇ ਜਾਹਨਵੀ ਕਪੂਰ ਦਾ ਨਾਚ

ਆਮਨਾ ਕੌਰ

ਮਰਹੂਮ ਅਦਾਕਾਰਾ ਸ੍ਰੀਦੇਵੀ ਦੀ ਧੀ ਜਾਹਨਵੀ ਕਪੂਰ ਸ਼ਾਸਤਰੀ ਨ੍ਰਿਤ ਨੂੰ ਪਿਆਰ ਕਰਦੀ ਹੈ। ਉਹ ਅਕਸਰ ਸੋਸ਼ਲ ਮੀਡੀਆ 'ਤੇ ਇਸ ਸਬੰਧੀ ਵੀਡੀਓ ਵੀ ਪਾਉਂਦੀ ਰਹਿੰਦੀ ਹੈ। ਹੁਣ ਉਸ ਨੇ ਆਪਣੇ ਇੰਸਟਾਗ੍ਰਾਮ 'ਤੇ ਵੀਡੀਓ ਸਾਂਝਾ ਕੀਤਾ ਹੈ। ਇਸ ਵਿਚ ਉਹ ਸਫੈਦ ਅਨਾਰਕਲੀ ਕੁੜਤੇ ਅਤੇ ਪਲਾਜ਼ੋ ਸੈਟ ਵਿਚ ਸ਼ਾਸਤਰੀ ਨ੍ਰਿਤ ਕਰਦੀ ਦਿਖਾਈ ਦੇ ਰਹੀ ਹੈ। ਇਹ ਵੀਡੀਓ ਉਸ ਦੇ ਘਰ ਵਿਚ ਹੀ ਬਣਾਇਆ ਗਿਆ ਹੈ। ਉਹ ਜਿਸ ਗੀਤ 'ਤੇ ਨ੍ਰਿਤ ਕਰ ਰਹੀ ਹੈ, ਮਸ਼ਹੂਰ ਗੀਤ 'ਜੀਆ ਜਲੇ' ਹੈ ਜਿਸ ਨੂੰ ਲਤਾ ਮੰਗੇਸ਼ਕਰ ਅਤੇ ਐੱਮ.ਜੀ. ਸ੍ਰੀਕੁਮਾਰ ਨੇ ਗਾਇਆ ਹੈ। ਇਹ ਗੀਤ 1998 ਦੀ ਰੁਮਾਂਟਿਕ ਫਿਲਮ 'ਦਿਲ ਸੇ' ਦਾ ਹੈ। ਇਸ ਫਿਲਮ ਵਿਚ ਸ਼ਾਹਰੁਖ਼ ਖਾਨ, ਮਨੀਸ਼ਾ ਕੋਇਰਾਲਾ ਅਤੇ ਪ੍ਰੀਤੀ ਜ਼ਿੰਟਾ ਨੇ ਕੰਮ ਕੀਤਾ ਹੈ।

ਜਾਹਨਵੀ ਕਪੂਰ ਨੇ ਆਪਣੇ ਵੀਡੀਓ ਵਿਚ ਉਨ੍ਹਾਂ ਸੱਟਾਂ ਬਾਰੇ ਜ਼ਿਕਰ ਕੀਤਾ ਹੈ ਜੋ ਉਸ ਨੂੰ ਸ਼ੂਟਿੰਗ ਦੌਰਾਨ ਲੱਗੀਆਂ ਸਨ। ਉਸ ਦੀ ਆਉਣ ਵਾਲੀ ਫਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' ਹੈ। ਇਸ ਵੀਡੀਓ ਜਿਸ ਨੂੰ 5 ਲੱਖ ਤੋਂ ਵੀ ਵੱਧ ਵਾਰ ਦੇਖਿਆ ਗਿਆ ਹੈ, ਬਾਰੇ ਇੱਕ ਪ੍ਰਸ਼ੰਸਕ ਨੇ ਲਿਖਿਆ ਹੈ: 'ਪ੍ਰੀਤੀ ਜ਼ਿੰਟਾ ਵਰਗਾ ਕੰਮ ਆਸਾਨ ਨਹੀਂ ਹੈ ਪਰ ਤੁਸੀਂ ਚੰਗਾ ਕੀਤਾ ਹੈ।' ਇੱਕ ਹੋਰ ਨੇ ਲਿਖਿਆ ਹੈ, 'ਕਿੰਨਾ ਸੁੰਦਰ ਹੈ।' ਇੱਕ ਹੋਰ ਦਰਸ਼ਕ ਲਿਖਦਾ ਹੈ, 'ਖ਼ੂਬਸੂਰਤ ਡਾਂਸ ਅਤੇ ਮੂਵਜ਼। ਅਜਿਹਾ ਲੱਗ ਰਿਹਾ ਹੈ ਜਿਵੇਂ ਸ੍ਰੀਦੇਵੀ ਮੈਮ ਡਾਂਸ ਕਰ ਰਹੀ ਹੈ।'



6 ਮਾਰਚ 1997 ਨੂੰ ਜਨਮੀ ਜਾਹਨਵੀ ਕਪੂਰ ਪ੍ਰਸਿੱਧ ਅਦਾਕਾਰਾ ਸ੍ਰੀਦੇਵੀ ਅਤੇ ਫਿਲਮ ਨਿਰਮਾਤਾ ਬੋਨੀ ਕਪੂਰ ਦੀ ਧੀ ਹੈ। ਉਸ ਨੇ ਸਾਲ 2018 ਵਿਚ ਫਿਲਮ 'ਧੜਕ' ਨਾਲ ਫਿਲਮੀ ਦੁਨੀਆ ਅੰਦਰ ਪ੍ਰਵੇਸ਼ ਕੀਤਾ ਸੀ। ਇਸ ਫਿਲਮ ਦਾ ਨਿਰਮਾਤਾ ਕਰਨ ਜੌਹਰ ਅਤੇ ਨਿਰਦੇਸ਼ਕ ਸ਼ਸ਼ਾਂਕ ਖੇਤਾਨ ਸੀ। ਫਿਲਮ ਵਿਚ ਜਾਹਨਵੀ ਕਪੂਰ ਦੀ ਜੋੜੀ ਇਸ਼ਾਨ ਖਟਰ ਨਾਲ ਬਣਾਈ ਗਈ ਸੀ। ਇਹ ਫਿਲਮ ਤਾਂ ਬਹੁਤੀ ਸਫਲ ਨਹੀਂ ਸੀ ਹੋ ਸਕੀ ਪਰ ਇਸ ਫਿਲਮ ਲਈ ਜਾਹਨਵੀ ਕਪੂਰ ਨੂੰ ਫਿਲਮਫੇਅਰ ਦਾ ਸਰਵੋਤਮ ਅਦਾਕਾਰਾ ਦਾ ਇਨਾਮ ਜ਼ਰੂਰ ਮਿਲ ਗਿਆ ਸੀ। ਇਸ ਤੋਂ ਬਾਅਦ 'ਗੁੰਜਨ ਸਕਸੈਨਾ: ਦਿ ਕਾਰਗਿਲ ਗਰਲ' (2020), 'ਰੂਹੀ' (2021), 'ਗੁੱਡ ਲੱਕ' ਤੇ 'ਮਿਲੀ' (2022) ਫਿਲਮਾਂ ਰਿਲੀਜ਼ ਹੋਈਆਂ। ਸਾਲ 2023 ਵਿਚ ਵੀ ਉਸ ਦੀਆਂ ਦੋ ਫਿਲਮਾਂ 'ਬਵਾਲ' ਤੇ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਆਈਆਂ। ਹੁਣ 2024 ਵਿਚ ਉਸ ਦੀਆਂ ਤਿੰਨ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਇਨ੍ਹਾਂ ਵਿਚ 'ਮਿਸਟਰ ਐਂਡ ਮਿਸੇਜ਼ ਮਾਹੀ' ਤੋਂ ਇਲਾਵਾ 'ਦੇਵਰ' (ਤੇਲਗੂ) ਅਤੇ 'ਉਲਝ' ਸ਼ਾਮਿਲ ਹਨ।

# ਰਾਣਾ ਰਣਬੀਰ ਦੀ ਫਿਲਮ 'ਮਨਸੂਬਾ'

ਗੁਰਜੰਟ ਸਿੰਘ

ਪੰਜਾਬੀ ਕਲਾ ਜਗਤ ਖਾਸ ਫਿਲਮੀ ਦੁਨੀਆ ਵਿਚ ਵੱਖਰੀ ਪਛਾਣ ਬਣਾਉਣ ਵਾਲੇ ਕਲਾਕਾਰ ਤੇ ਫਿਲਮਸਾਜ਼ ਰਾਣਾ ਰਣਬੀਰ ਦੀ ਨਵੀਂ ਫਿਲਮ 'ਮਨਸੂਬਾ' 8 ਦਸੰਬਰ ਨੂੰ ਸੰਸਾਰ ਭਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਉਨ੍ਹਾਂ ਆਪ ਵੀ ਅਦਾਕਾਰੀ ਕੀਤੀ ਹੈ ਅਤੇ ਨਵੇਂ ਹੀਰੋ ਤੇ ਹੀਰੋਇਨ ਨੂੰ ਲਿਆਂਦਾ ਹੈ। ਇਸ ਫਿਲਮ ਦਾ ਹੀਰੋ ਨਵਦੀਪ ਸਿੰਘ ਹੈ ਅਤੇ ਹੀਰੋਇਨ ਮਨਜੋਤ ਕੌਰ ਢਿੱਲੋਂ ਹੈ। ਇਨ੍ਹਾਂ ਤੋਂ ਇਲਾਵਾ ਸਰਦਾਰ ਸੋਹੀ, ਮਲਕੀਤ ਰੌਣੀ ਅਤੇ ਹੋਰ ਅਹਿਮ ਅਦਾਕਰਾਂ ਨੇ ਵੀ ਫਿਲਮ ਵਿਚ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਸ ਫਿਲਮ ਵਿਚ ਮਨਜੋਤ ਕੌਰ ਢਿੱਲੋਂ ਨੇ ਗੀਤ ਵੀ ਗਾਇਆ ਹੈ।

ਇਹ ਫਿਲਮ ਮੁੱਖ ਰੂਪ ਵਿਚ ਪਿਓ-ਪੁੱਤ ਦੀ ਕਹਾਣੀ ਹੈ। ਰਾਣਾ ਰਣਬੀਰ ਜਿਨ੍ਹਾਂ ਖੁਦ ਇਹ ਫਿਲਮ ਲਿਖੀ ਹੈ, ਨੇ ਫਿਲਮ ਵਿਚ ਪਿਓ-ਪੁੱਤ ਦੇ ਮੋਹ-ਮੁਹੱਬਤ ਅਤੇ ਤਣਾਅ ਵਾਲੇ ਰਿਸ਼ਤੇ ਨੂੰ ਬਹੁਤ ਸੂਖਮ ਛੋਹ ਦਿੱਤੀ ਹੈ। ਫਿਲਮ ਕੈਨੇਡਾ ਵਿਚ ਵੱਸਦੇ ਪਰਿਵਾਰ ਦੀ ਕਹਾਣੀ ਹੈ।

ਰਣਬੀਰ ਰਾਣਾ ਇਸ ਤੋਂ ਪਹਿਲਾਂ 'ਅਰਦਾਸ', 'ਪੋਸਤੀ' ਵਰਗੀਆਂ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕਾ ਹੈ। ਉਸ ਦਾ ਆਖਣਾ ਹੈ ਕਿ ਉਸ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਫਿਲਮ ਵਿਚ ਮਨੋਰੰਜਨ ਦੇ ਨਾਲ-ਨਾਲ ਕੋਈ ਸੁਨੇਹਾ ਜ਼ਰੂਰ ਹੋਵੇ।






ਫਿਲਮ 'ਮਨਸੂਬਾ' ਦਾ ਪੋਸਟਰ ਅਤੇ ਫਿਲਮਸਾਜ਼ ਰਾਣਾ ਰਣਬੀਰ।


ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥ ੴ

## ਸਮੂਹ ਸੰਗਤ ਨੂੰ ਜਗਤ ਗੁਰੂ ਬਾਬਾ

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ

## 554ਵੇਂ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

ਸ਼ਾਲਾ! ਬਾਬੇ ਨਾਨਕ ਦਾ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸੰਗਤ ਦੇ ਹਿਰਦੇ ਵਿਚ ਵਸਿਆ ਰਹੇ। ਦੁਨੀਆ ਵਿਚੋਂ ਵਹਿਮਾਂ-ਭਰਮਾਂ, ਜਾਤੀਵਾਦ ਦਾ ਨਾਸ ਹੋਵੇ। ਸਿੱਖ ਸੰਗਤ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੀ ਹੀ ਹੈ, ਉਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਆਪਣੇ ਹਿਰਦੇ ਵਿਚ ਵਸਾਵੇ।



**ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**